ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮੱਘਰ-ਪੋਹ, ਨਾਨਕਸ਼ਾਹੀ ੫੪੩ ਦਸੰਬਰ 2011

ਜਿਲਦ ੫੫ ਅੰਕ ੯

*ਸੰਪਾਦਕ*

**ਸਿਮਰਜੀਤ ਸਿੰਘ**

*ਐਮ.ਏ., ਐਮ.ਐਮ.ਸੀ.*

## ਚੰਦਾ

| | |
|---|---|
| ਸਾਲਾਨਾ (ਦੇਸ਼) | ₹ ੨੦ |
| ਲਾਈਫ਼ (ਦੇਸ਼) | ₹ ੨੦੦ |
| ਸਾਲਾਨਾ ਵਿਦੇਸ਼ | ₹ ੫੦੦ |
| ਲਾਈਫ਼ ਵਿਦੇਸ਼ | ₹ ੫੦੦੦ |
| ਪ੍ਰਤੀ ਕਾਪੀ | ₹ ੨ |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net e-mail : gurmat_parkash@yahoo.co.in

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਸੰਪਾਦਕੀ | | ੪ |
| ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੬ |
| ਸਰਹਿੰਦ ਸ਼ਹਿਰ ਅਤੇ ਸਾਕਾ ਸਰਹਿੰਦ : ਇਤਿਹਾਸਿਕ ਜਾਣਕਾਰੀ | -ਸ. ਸਿਮਰਜੀਤ ਸਿੰਘ | ੧੪ |
| ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ | -ਬੀਬੀ ਮਨਜੀਤ ਕੌਰ ਲੱਖਪੁਰ | ੨੬ |
| ਅਦੁੱਤੀ ਨਿਸ਼ਕਾਮ ਸੇਵਕ : ਭਾਈ ਘਨੱਈਆ ਜੀ | -ਡਾ. ਮੁਹੰਮਦ ਇਦਰੀਸ | ੩੨ |
| ਮਹਾਨ ਸ਼ਹੀਦ ਭਾਈ ਜੀਵਨ ਸਿੰਘ | -ਸ. ਦਮਨਜੀਤ ਸਿੰਘ | ੩੫ |
| 'ਪੀਰ ਮੁਰੀਦਾ ਪਿਰਹੜੀ' ਦਾ ਸੁੱਚਾ ਮੋਤੀ ਸ਼ਹੀਦ ਭਾਈ ਮੋਤੀ ਰਾਮ ਜੀ | -ਡਾ. ਜਗਜੀਵਨ ਸਿੰਘ | ੩੭ |
| ਭਗਤ ਸੈਣ ਜੀ | -ਡਾ. ਹਰਬੰਸ ਸਿੰਘ | ੩੯ |
| ਜਿਨ ਪ੍ਰੇਮ ਕੀਓ... | -ਸ. ਰੂਪ ਸਿੰਘ | ੪੨ |
| ਭਾਈ ਵੀਰ ਸਿੰਘ ਜੀ | -ਸ. ਮਨਜੀਤ ਸਿੰਘ | ੫੫ |
| ਸੰਤ ਸਿਪਾਹੀ ਬਾਬਾ ਵਿਸਾਖਾ ਸਿੰਘ ਜੀ ਦਦੇਹਰ | -ਸ. ਦਲਜੀਤ ਸਿੰਘ | ੫੮ |
| ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ | -ਡਾ. ਪਰਮਵੀਰ ਸਿੰਘ | ੬੨ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ | -ਮਨਮੋਹਨ ਕੌਰ | ੬੬ |
| ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ | -ਸ. ਬਲਵਿੰਦਰ ਸਿੰਘ ਜੌੜਾਸਿੰਘਾ | ੭੬ |
| ਗਾਗਰ 'ਚ ਸਾਗਰ-੧੦ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੭੯ |
| ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ (ਰੀਵਿਊ) | -ਡਾ. ਕੁਲਦੀਪ ਸਿੰਘ | ੮੦ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ (ਕਵਿਤਾ) | -ਸ. ਰਣਜੀਤ ਸਿੰਘ | ੮੨ |
| ਛੋਟੇ ਸਾਹਿਬਜ਼ਾਦੇ (ਕਵਿਤਾ) | -ਸ. ਜਸਵਿੰਦਰ ਸਿੰਘ ਜਰਮਸਤਪੁਰ | ੮੩ |
| ਫਤਿਹ (ਕਵਿਤਾ) | -ਬੀਬੀ ਪਰਮਜੀਤ ਕੌਰ ਸਰਹਿੰਦ | ੮੫ |
| ਖ਼ਬਰਨਾਮਾ | | ੮੭ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ | | ੯੨ |

# ਗੁਰਬਾਣੀ ਵਿਚਾਰ

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥* *(ਪੰਨਾ ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਝ ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਜੀਵ ਨੂੰ ਸਮਝਾਉਂਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਪਤੀ ਰੂਪੀ ਪ੍ਰਭੂ ਦੇ ਨਾਮ ਨਾਲ ਸਾਂਝ ਪਾਈ ਹੈ ਅਰਥਾਤ ਜਿਸ ਨੇ ਆਪਣਾ ਮਨ ਪ੍ਰਭੂ ਦੀ ਸਿਫਤ-ਸਲਾਹ ਵਿਚ ਜੋੜਿਆ ਹੈ, ਵਿਕਾਰਾਂ ਰੂਪੀ ਠੰਡ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਕਿਉਂਕਿ ਉਸ ਦਾ ਚਿੱਤ/ਮਨ ਅਰਥਾਤ ਉਸ ਦਾ ਇਕ-ਇਕ ਸਾਹ ਹਮੇਸ਼ਾਂ ਹੀ ਪ੍ਰਭੂ ਦੇ ਦੀਦਾਰਾਂ ਦੀ ਚਾਹ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਜਗਤ ਦੇ ਮਾਲਕ ਅਤੇ ਪਾਲਣਹਾਰ ਪ੍ਰਭੂ ਦਾ ਆਸਰਾ ਲਿਆ ਹੈ, ਉਸ ਨੇ ਹੀ ਪ੍ਰਭੂ-ਪਤੀ ਦੀ ਸੇਵਾ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਨੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤੀ ਹੈ, ਉਸ ਨੂੰ ਮਾਇਆ ਰੂਪੀ ਹਨੇਰਾ ਛੋਹ ਵੀ ਨਹੀਂ ਸਕਦਾ। ਅਜਿਹੀ ਜੀਵ ਇਸਤਰੀ ਹਮੇਸ਼ਾਂ ਉਸ ਪਰਮਾਤਮਾ ਦੀ ਹੀ ਸਿਫਤ-ਸਲਾਹ ਵਿਚ ਜੁੜੀ ਰਹਿੰਦੀ ਹੈ ਅਰਥਾਤ ਉਸ ਦੀ ਲਿਵ ਪ੍ਰਭੂ ਦੀ ਹੀ ਪ੍ਰੀਤ ਵਿਚ ਲੀਨ ਰਹਿੰਦੀ ਹੈ ਜਿਸ ਤੋਂ ਉਸ ਨੇ ਜਨਮ ਲਿਆ ਹੈ। ਅਸਲ ਵਿਚ ਪਰਮਾਤਮਾ ਨੇ ਹੀ ਅਜਿਹੀ ਜੀਵ ਇਸਤਰੀ ਨੂੰ ਹੱਥ ਫੜ ਕੇ ਆਪਣੇ ਨਾਲ ਜੋੜਿਆ ਹੁੰਦਾ ਹੈ ਅਤੇ ਉਹ ਕਦੀ ਵੀ ਉਸ ਤੋਂ ਵਿਛੜਦੀ ਨਹੀਂ। ਗੁਰੂ ਸਾਹਿਬ ਦੱਸਦੇ ਹਨ ਕਿ ਅਜਿਹਾ ਸੱਜਣ ਰੂਪੀ ਪਰਮਾਤਮਾ ਅਪਹੁੰਚ ਹੈ, ਉਸ ਦੇ ਗੁਣਾਂ ਦੀ ਡੂੰਘਾਈ ਤਕ ਨਹੀਂ ਪਹੁੰਚਿਆ ਜਾ ਸਕਦਾ, ਮੈਂ ਅਜਿਹੇ ਪ੍ਰਭੂ-ਪਰਮਾਤਮਾ ਤੋਂ ਲਖ ਵਾਰ ਕੁਰਬਾਨ ਜਾਂਦਾ ਹਾਂ ਜੋ ਦਰ ਆਇਆਂ/ਸਰਣ ਪਿਆਂ ਦੀ ਲਾਜ ਰੱਖਦਾ ਹੈ। ਪਰਮਾਤਮਾ ਬਹੁਤ ਹੀ ਨਰਮ-ਦਿਲ ਵਾਲਾ ਦਿਆਲੂ ਹੈ, ਉਸ ਨੂੰ ਆਪਣੇ ਸਰਣ ਪਏ ਭਗਤਾਂ ਦੀ ਲਾਜ ਰੱਖਣੀ ਹੀ ਪੈਂਦੀ ਹੈ। ਗੁਰੂ ਸਾਹਿਬ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਉੱਤੇ ਬੇਪਰਵਾਹ ਦਿਆਲੂ ਪਰਮਾਤਮਾ ਮਿਹਰ ਦੀ ਨਿਗਾਹ ਪਾਉਂਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ, ਉਸ ਨੂੰ ਪੋਹ ਦੀ ਕਕਰੀਲੀ ਠੰਡ ਵਾਲਾ ਮਹੀਨਾ ਵੀ ਨਿੱਘਾ ਅਤੇ ਸੁਹਾਵਣਾ ਲੱਗਦਾ ਹੈ।

■

ਸੰਪਾਦਕੀ

# ਆਓ! ਸ਼ਹੀਦਾਂ ਦੀ ਅਸੀਸ ਪ੍ਰਾਪਤ ਕਰੀਏ...

*ਭਾਰਤ ਦੇਸ਼ ਗ਼ੁਲਾਮੀ ਦੇ ਜੂਲੇ 'ਚ ਜਕੜਿਆ ਪਿਆ ਸੀ। ਭੋਲੀ-ਭਾਲੀ ਲੋਕਾਈ ਹਾਕਮਾਂ ਦੇ ਜ਼ੁਲਮ ਨਾਲ ਤ੍ਰਾਹੀ-ਤ੍ਰਾਹੀ ਕਰ ਰਹੀ ਸੀ। ਕਿਸੇ ਨੂੰ ਕੋਈ ਰਾਹ ਨਜ਼ਰੀਂ ਨਹੀਂ ਸੀ ਆ ਰਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਤਾ ਨੂੰ ਜਾਗ੍ਰਿਤ ਕਰਨ ਲਈ ਲਾਮਬੰਦ ਕੀਤਾ। ਜਨਤਾ ਵਿਚ ਜਾਗ੍ਰਿਤੀ ਪੈਦਾ ਕੀਤੀ। ਉਨ੍ਹਾਂ ਨੇ ਲੋਕਾਈ ਨੂੰ ਜਾਤ-ਪਾਤ, ਊਚ-ਨੀਚ, ਮਰਦ-ਇਸਤਰੀ ਹਰ ਤਰ੍ਹਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਦੀ ਪ੍ਰੇਰਨਾ ਕੀਤੀ। ਲੋਕਾਈ ਨੂੰ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਉਪਦੇਸ਼ ਦੇ ਕੇ ਇਕ ਮੰਚ 'ਤੇ ਇਕੱਠੇ ਖੜ੍ਹਾ ਕੀਤਾ। ਗੁਰੂ ਜੀ ਨੂੰ ਹਾਕਮਾਂ ਦੇ ਜ਼ੁਲਮ ਦੇ ਵਿਰੁੱਧ ਅਜ਼ਾਦੀ ਦੀ ਅਵਾਜ਼ ਉਠਾਉਂਦਿਆਂ ਬਾਬਰ ਦੀ ਜੇਲ੍ਹ ਵਿਚ ਚੱਕੀ ਵੀ ਚਲਾਉਣੀ ਪਈ। ਦੂਸਰੇ ਗੁਰੂ ਸਾਹਿਬਾਨ ਵੱਲੋਂ ਵੀ ਆਪਣੇ-ਆਪਣੇ ਸਮੇਂ ਇਸੇ ਵਿਚਾਰਧਾਰਾ 'ਤੇ ਡੱਟ ਕੇ ਪਹਿਰਾ ਦਿੱਤਾ ਗਿਆ। ਇਸ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਅਕਹਿ ਅਤੇ ਅਸਹਿ ਤਸੀਹੇ ਵੀ ਝੱਲਣੇ ਪਏ। ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬੈਠ ਕੇ ਸ਼ਹੀਦੀ ਪ੍ਰਾਪਤ ਕਰਨੀ ਪਈ। ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਸ਼ਹੀਦੀ ਦੇਣੀ ਪਈ। ਸਿੱਖ ਗੁਰੂ ਸਾਹਿਬਾਨ ਜਿੱਥੇ ਜਬਰ-ਜ਼ੁਲਮ ਦੀ ਜੜ੍ਹ ਪੁੱਟਣ ਲਈ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ ਉੱਥੇ ਹਾਕਮ ਜਨਤਾ ਨੂੰ ਧਮਕਾਉਣ ਲਈ ਇਕ-ਦੂਜੇ ਤੋਂ ਵੱਧ ਕੇ ਜ਼ੁਲਮ ਕਰ ਰਹੇ ਸਨ। ਇਸ ਲੜੀ ਨੂੰ ਅੱਗੇ ਤੋਰਦਿਆਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਦਿੱਤਾ।*

*ਚਮਕੌਰ ਸਾਹਿਬ ਦੀ ਜੰਗ ਵਿਚ ਬਹੁਤ ਵੱਡੀ ਜ਼ਾਲਮ ਫੌਜ ਨਾਲ ਜੂਝਦਿਆਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਹੱਕ-ਸੱਚ ਲਈ ਸ਼ਹੀਦੀ ਪ੍ਰਾਪਤ ਕਰ ਗਏ। ਬਿਰਧ ਉਮਰੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਨੂੰ ਬਾਲ-ਵਰੇਸ ਉਮਰੇ ਅਤਿ ਘਿਨਾਉਣੇ ਤਸੀਹੇ ਦੇ ਕੇ ਸਰਹਿੰਦ ਵਿਖੇ ਸ਼ਹੀਦ ਕਰ ਦਿੱਤਾ। ਵਜ਼ੀਰ ਖਾਂ ਦਾ ਇਹ ਅਤਿ ਘਿਨਾਉਣਾ ਕਾਰਾ ਮੁਗ਼ਲ ਰਾਜ ਦੀ ਗ਼ੁਲਾਮੀ ਤੋਂ ਅਜ਼ਾਦੀ ਦੇ ਸੰਘਰਸ਼ ਲਈ ਰਾਹ ਪੱਧਰਾ ਕਰ ਗਿਆ।*

*ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਦੀਵੀ*

*ਅਜ਼ਾਦ ਪੁੱਤਰਾਂ (ਖਾਲਸੇ) ਲਈ ਆਪਣੇ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਨੂੰ ਕੁਰਬਾਨ ਕਰ ਦਿੱਤਾ। ਸਾਡੇ ਲਈ ਅਜ਼ਾਦੀ ਦੇ ਚਿੰਨ੍ਹ ਸੰਤ-ਸਿਪਾਹੀ ਦੀ ਵਰਦੀ ਦੀ ਬਖ਼ਸ਼ਿਸ਼ ਕੀਤੀ। ਸਾਨੂੰ ਸਦਾ-ਸਦਾ ਲਈ ਸੱਚੀ-ਸੁੱਚੀ ਗੁਰਬਾਣੀ ਦੀ ਸਿੱਖਿਆ ਨਾਲ ਜੋੜ ਦਿੱਤਾ। ਹਰ ਤਰ੍ਹਾਂ ਦੀ ਗ਼ੁਲਾਮੀ ਤੋਂ ਜੁੱਗਾਂ-ਜੁਗਾਂਤਰਾਂ ਤਕ ਛੁਟਕਾਰਾ ਦਿਵਾ ਦਿੱਤਾ।*

*ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਸਿੱਖਾਂ ਦੇ ਮਨਾਂ ਵਿਚ ਧੁਰ ਅੰਦਰ ਤਕ ਉਕਰੀ ਗਈ। ਇਸ ਸਾਕੇ ਦੀ ਯਾਦ ਨੂੰ ਹਿੰਦੋਸਤਾਨ ਦੀ ਲੋਕਾਈ ਅਤਿਅੰਤ ਤੀਬਰ ਪੀੜਾ ਨਾਲ ਮਹਿਸੂਸ ਕਰਦੀ ਹੈ। ਸ਼ਹੀਦੀ ਅਸਥਾਨ ਫਤਿਹਗੜ੍ਹ ਸਾਹਿਬ ਤੇ ਚਮਕੌਰ ਸਾਹਿਬ ਦੇ ਇਲਾਕਿਆਂ ਦੀ ਲੋਕਾਈ ਅੱਜ ਵੀ ਉਸ ਪੀੜਾ ਨੂੰ ਹੰਢਾਉਂਦੀ ਦੇਖੀ ਜਾ ਸਕਦੀ ਹੈ। ਇਸ ਖੇਤਰ ਦੇ ਸਭਿਆਚਾਰਕ ਜੀਵਨ ਵਿਚ ਕਰੁਣਾ ਦੇ ਅਹਿਸਾਸ ਨੇ ਆਪਣਾ ਸੰਜੀਦਾ ਅਸਰ ਪਾਇਆ ਹੈ। ਇਨ੍ਹੀਂ ਦਿਨੀਂ ਇੱਥੋਂ ਦੇ ਲੋਕ ਆਪਣੇ ਘਰਾਂ-ਪਰਵਾਰਾਂ ਵਿਚ ਜਿੱਥੇ ਦੂਰੋਂ-ਦੂਰੋਂ ਆਈਆਂ ਸੰਗਤਾਂ ਦੀ ਆਓ-ਭਗਤ ਕਰਦੇ ਹਨ, ਉੱਥੇ ਵੈਰਾਗੇ ਜਿਹੇ, ਮਸੋਸੇ ਜਿਹੇ, ਗੁੰਮ-ਸੁੰਮ ਜਿਹੇ ਵੀ ਦਿਖਾਈ ਦਿੰਦੇ ਹਨ। ਕਈ ਪਿੰਡਾਂ ਦੀਆਂ ਬਜ਼ੁਰਗ ਔਰਤਾਂ ਅੱਜ ਵੀ ਇਨ੍ਹੀਂ ਦਿਨੀਂ ਸਫੈਦ ਕੱਪੜੇ ਪਹਿਨ ਕੇ ਵੈਰਾਗਮਈ ਅਵਸਥਾ ਵਿਚ ਨਤਮਤਸਕ ਹੋਣ ਲਈ ਸ਼ਹੀਦੀ ਅਸਥਾਨ 'ਤੇ ਪਹੁੰਚਦੀਆਂ ਹਨ। ਕਈ ਪਰਵਾਰ ਤਾਂ ਮੰਜਿਆਂ-ਬਿਸਤਰਿਆਂ ਨੂੰ ਛੱਡ ਕੇ ਭੁੰਞੇ ਲੇਟਦੇ ਹਨ ਤੇ ਚੁੱਲ੍ਹੇ 'ਚ ਅੱਗ ਤਕ ਨਹੀਂ ਬਾਲਦੇ। ਇਸ ਖੇਤਰ ਦੇ ਲੋਕ ਇਨ੍ਹਾਂ ਦਿਨਾਂ ਵਿਚ ਕੋਈ ਵਿਆਹ-ਸ਼ਾਦੀ ਦਾ ਸਮਾਗਮ ਵੀ ਨਾ ਕਰਨ ਦਾ ਸੰਜਮ ਕਰਦੇ ਹਨ। ਇਨ੍ਹਾਂ ਸਾਰੇ ਉਪਰੋਕਤ ਕਾਰਨਾਂ ਨੇ ਆਪਣੇ ਮਹਾਨ ਸ਼ਹੀਦਾਂ ਨੂੰ ਸਦਾ-ਸਦਾ ਲਈ ਚੇਤਿਆਂ ਵਿਚ ਵਸਾਈ ਰੱਖਣ ਦਾ ਬਾਨ੍ਹਣੂ ਬੰਨ੍ਹਿਆ ਹੋਇਆ ਹੈ।*

*ਅੱਜ ਅਸੀਂ ਆਪਣੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਭੁਲਾ ਕੇ ਫੇਰ ਗ਼ੁਲਾਮੀ ਦੀਆਂ ਜ਼ੰਜੀਰਾਂ ਦੇ ਜੂਲੇ ਵਿਚ ਆਪਣਾ ਸਿਰ ਮੱਲੋ-ਮੱਲੀ ਫਸਾ ਰਹੇ ਹਾਂ। ਆਪਣੀ ਵੱਖਰੀ ਅਜ਼ਾਦ ਦਿੱਖ ਨੂੰ ਤਿਲਾਂਜਲੀ ਦੇ ਰਹੇ ਹਾਂ। ਨਸ਼ਿਆਂ ਦੇ ਗ਼ੁਲਾਮ ਹੋ ਰਹੇ ਹਾਂ। ਸੱਚੇ ਗੁਰੂ ਨੂੰ ਛੱਡ ਕੇ ਅਖੌਤੀ ਸਾਧਾਂ-ਸੰਤਾਂ ਦੀ ਗ਼ੁਲਾਮੀ ਲਈ ਪੱਬਾਂ ਭਾਰ ਹੋਏ ਫਿਰਦੇ ਹਾਂ। ਆਓ! ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਆਪਣੀ ਅਜ਼ਾਦ ਹਸਤੀ ਦੀਆਂ ਧੁੰਮਾਂ ਸਾਰੇ ਸੰਸਾਰ ਵਿਚ ਪਾ ਕੇ ਆਪਣੇ ਸ਼ਹੀਦਾਂ ਦਾ ਮਾਣ ਵਧਾਈਏ! ਅਸੀਸ ਪ੍ਰਾਪਤ ਕਰੀਏ।*

■

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦਿਲ-ਕੰਬਾਊ, ਨਿਵੇਕਲੀ, ਲਾਮਿਸਾਲ ਅਤੇ ਇਤਿਹਾਸਿਕ ਘਟਨਾ ਹੈ। ਇਸ ਘਟਨਾ ਨੂੰ ਪੂਰੀ ਤਰ੍ਹਾਂ ਸਮਝਣ ਲਈ ਭਾਰਤ ਦੇ ਉਸ ਤੋਂ ਪਿਛਲੇ ਇਤਿਹਾਸ ਤਥਾ ਸਮੇਂ ਦੇ ਧਾਰਮਿਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਾਲਾਤ ਬਾਰੇ ਜਾਣਨਾ ਉਪਯੋਗੀ ਹੋਵੇਗਾ। ਸੰਖੇਪ ਵਿਚ ਇਹ ਸਮਝਣ ਦੀ ਲੋੜ ਹੈ ਕਿ ਕਿਸੇ ਸਮੇਂ ਇਹ ਦੇਸ਼ "ਸੋਨੇ ਦੀ ਚਿੜੀ" ਸੀ। ਵਿੱਦਿਆ ਦਾ ਗੜ੍ਹ, ਸਭਿਅਤਾ ਦਾ ਪੰਘੂੜਾ, ਰਾਜਨੀਤਿਕ ਤੌਰ 'ਤੇ ਬਲਵਾਨ ਵਜੋਂ ਜਾਣਿਆ ਜਾਂਦਾ ਸੀ। ਇਹ ਦੇਸ਼, ਭਾਰਤੀ ਸਮਾਜ ਦੀ ਕੀਤੀ ਗਈ ਜਾਤ-ਵੰਡ, ਵਰਣ-ਵੰਡ, ਆਸ਼ਰਮ-ਵੰਡ, ਧਾਰਮਿਕ ਕੱਟੜਤਾ, ਛੂਤ-ਛਾਤ, ਊਚ-ਨੀਚ ਆਦਿ ਕਾਰਨ ਲੀਰੋ-ਲੀਰ ਹੋ ਗਿਆ। ਇਸ ਦੇ ਨਾਲ ਹੀ ਇੱਥੋਂ ਦੇ ਦੇਸੀ ਰਿਆਸਤੀ ਰਾਜਿਆਂ ਦੇ ਐਸ਼-ਪ੍ਰਸਤੀ, ਲੁੱਟ-ਕੁੱਟ, ਆਪਸੀ ਵੈਰ-ਵਿਰੋਧ, ਆਰਥਿਕ ਕਾਣੀ ਵੰਡ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਨਤੀਜੇ ਵਜੋਂ ਦੇਸ਼ ਅੰਦਰ ਢੇਰ ਸਾਰੀਆਂ ਕਮੀਆਂ-ਕਮਜ਼ੋਰੀਆਂ ਆ ਗਈਆਂ। ਦੇਸ਼ ਆਪਣੇ ਧਰਮ, ਗੈਰਤ, ਅਣਖ ਅਤੇ ਸਰਹੱਦਾਂ ਦੀ ਰੱਖਿਆ ਕਰਨ ਤੋਂ ਅਸਮਰੱਥ ਹੋ ਗਿਆ। ਹਾਲਾਤ ਐਸੇ ਬਣ ਗਏ ਕਿ ਹਜ਼ਰਤ ਮੁਹੰਮਦ ਸਾਹਿਬ ਦੇ ੬੩੨ ਈ: ਵਿਚ ਵਫ਼ਾਤ (ਅਕਾਲ ਚਲਾਣੇ) ਤੋਂ ੮੦ ਸਾਲ ਬਾਅਦ ੭੧੨ ਈ: ਵਿਚ ਅਫਗਾਨਿਸਤਾਨ ਦਾ ੧੮ ਸਾਲ ਦਾ ਛੋਕਰਾ ਮੁਹੰਮਦ-ਬਿਨ-ਕਾਸਮ ੨੦੦ ਘੋੜ ਸਵਾਰ ਲੈ ਕੇ ਦੇਸ਼ ਉੱਤੇ ਹਮਲਾਵਰ ਹੋ ਕੇ ਆਇਆ ਅਤੇ ਸਾਰੇ ਦੇਸ਼ ਨੂੰ ਲੁੱਟ ਅਤੇ ਕੁੱਟ ਕੇ ਵਾਪਸ ਚਲਾ ਗਿਆ। ਇਸ ਤੋਂ ਵੱਡੀ ਤ੍ਰਾਸਦੀ ਕਿਸੇ ਦੇਸ਼ ਦੀ ਹੋਰ ਕੀ ਹੋ ਸਕਦੀ ਹੈ? ਇਨ੍ਹਾਂ ਇਸਲਾਮੀ ਹਮਲਿਆਂ ਦਾ ਦੌਰ ਜਾਰੀ ਰਿਹਾ ਅਤੇ ਅੰਤ ੧੧੯੨ ਈ: ਵਿਚ ਦੇਸ਼ ਇਸ ਨਵੀਂ ਉਭਰੀ "ਇਸਲਾਮੀ ਸ਼ਕਤੀ" ਦਾ ਗੁਲਾਮ ਹੋ ਗਿਆ। ਆਪਣਾ ਧਰਮ, ਦੇਸ਼ ਅਤੇ ਸਮਾਜਿਕ ਤਾਣਾ-ਬਾਣਾ ਬਚਾਉਣ ਦੀ ਥਾਂ ਇੱਥੋਂ ਦੇ ਰਜਵਾੜਿਆਂ ਅਤੇ ਦੇਸ਼ ਦੇ ਲੋਕਾਂ ਨੇ ਗੁਲਾਮੀ ਨੂੰ ਹੀ ਕਬੂਲ ਕਰ ਲਿਆ। ਧਰਮ ਤਬਦੀਲੀ ਸ਼ੁਰੂ ਹੋ ਗਈ। "ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥" ਦਾ ਬੋਲਬਾਲਾ ਹੋ ਗਿਆ। ਭਾਰਤੀ ਰਿਆਸਤੀ ਰਾਜਿਆਂ, ਧਾਰਮਿਕ ਕੱਟੜਵਾਦੀ ਸ਼ਕਤੀਆਂ ਅਤੇ ਇਸਲਾਮੀ ਰਾਜਕੀ ਸ਼ਕਤੀ ਦੇ ਜ਼ੁਲਮਾਂ ਹੇਠ ਭਾਰਤੀ ਕਿਰਤੀ ਜਮਾਤ ਤਰਾਸ-ਤਰਾਸ ਕਰ ਰਹੀ ਸੀ। ਉਨ੍ਹਾਂ ਪਾਸ ਨਾ ਹੀ ਗੁਰੂ ਸੀ, ਨਾਂ ਹੀ ਧਰਮ ਸੀ, ਨਾ ਹੀ ਕੋਈ ਸ਼ਕਤੀ ਸੀ ਅਤੇ ਨਾ ਹੀ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਕੋਈ ਸਮਰੱਥ ਅਤੇ ਯੋਗ ਰਾਜਨੀਤਿਕ ਨੇਤਾ ਸੀ। ਹਾਲਾਤ ਇੱਥੋਂ ਤਕ ਨਿਘਰ ਗਏ ਕਿ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦*

ਜਿਨ੍ਹਾਂ ਰਾਜਿਆਂ ਨੇ ਦੇਸ਼ ਦੀ ਜਾਨ-ਮਾਲ ਅਤੇ ਸਰਹੱਦਾਂ ਅਤੇ ਧਰਮ ਦੀ ਰਾਖੀ ਕਰਨੀ ਸੀ, ਉਨ੍ਹਾਂ ਨੇ ਛੋਟੇ-ਛੋਟੇ ਵਕਤੀ ਲਾਭਾਂ ਹਿਤ ਗੁਲਾਮੀ ਹੀ ਕਬੂਲ ਕਰ ਲਈ। ਰਾਜਪੂਤ ਰਾਜਾ ਮਾਨ ਸਿਹੁੰ ਨੇ ਆਪਣੀ ਭੈਣ ਜੋਧਾ ਬਾਈ ਦਾ ਡੋਲਾ ਹੀ ਬਾਦਸ਼ਾਹ ਅਕਬਰ ਦੇ ਹਵਾਲੇ ਕਰ ਦਿੱਤਾ। ਆਪ ਉਸ ਦੇ ਦਰਬਾਰ ਵਿਚ ਅਹਿਲਕਾਰੀ ਪ੍ਰਾਪਤ ਕਰ ਲਈ। ਅਜਿਹੇ ਸਮੇਂ ੧੨ਵੀਂ, ੧੩ਵੀਂ, ੧੪ਵੀਂ ਸਦੀ ਵਿਚ ਪਹਿਲਾਂ "ਸੂਫੀ ਲਹਿਰ" ਤੇ "ਭਗਤੀ ਲਹਿਰ" ਨੇ ਲੋਕਾਂ ਨੂੰ ਜਗਾਉਣ ਦਾ ਯਤਨ ਕੀਤਾ। ਇਸ ਲਹਿਰ ਨੂੰ ਪੂਰਾ ਬਲ ਤੇ ਸਰਬਪੱਖੀ ਅਗਵਾਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਹੀ ਮਿਲੀ। ਗੁਰੂ ਜੀ ਦਾ ਸਿਧਾਂਤ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ, ਨਿਓਟਿਆਂ ਨੂੰ ਓਟ-ਆਸਰਾ, ਅਗਵਾਈ ਹੀਣ ਲੋਕਾਂ ਨੂੰ ਮਿਸਾਲੀ ਅਗਵਾਈ ਦੇਣ, ਧਰਮ-ਹੀਣ ਕੀਤੇ ਗਏ ਲੋਕਾਂ ਨੂੰ ਧਰਮ, ਅਣਖ, ਗੌਰਵ, ਗੈਰਤ, ਮਨੁੱਖੀ ਬਰਾਬਰੀ ਅਤੇ ਜਾਤ-ਪਾਤ ਤੇ ਛੂਤ-ਛਾਤ ਰਹਿਤ ਵਾਲਾ ਬਿਲਕੁਲ ਨਿਰਾਲਾ ਅਤੇ ਕ੍ਰਾਂਤੀਕਾਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਦੇਸ਼ ਦੀ ਕਿਰਤੀ ਅਤੇ ਅਖੌਤੀ ਨੀਚ ਜਾਤ ਨਾਲ ਹੀ ਖੜਾ ਕੀਤਾ। ਉਨ੍ਹਾਂ ਦੇ ਉਥਾਨ ਲਈ ਕ੍ਰਾਂਤੀਕਾਰੀ ਅਵਾਜ਼ ਬੁਲੰਦ ਕੀਤੀ। ਇਸ ਸਰਬਪੱਖੀ ਕ੍ਰਾਂਤੀ ਦਾ ਸਾਰ-ਅੰਸ਼ ਇੰਵ ਕਹਿ ਸਕਦੇ ਹਾਂ:-

- *ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
  *ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* *(ਪੰਨਾ ੧੫)*
- *ਜਿਨ ਕੀ ਜਾਤ ਔਰ ਕੁਲ ਮਾਂਹੀ*
  *ਸਰਦਾਰੀ ਨਹਿ ਭਈ ਕਦਾਂਹੀ...।*
  *ਇਨ ਹੀ ਕੋ ਸਰਦਾਰ ਬਨਾਵੋਂ*
  *ਤਬੈ ਗੁਬਿੰਦ ਸਿੰਘ ਨਾਮ ਸਦਾਵੋਂ॥* *(ਪੰਥ ਪ੍ਰਕਾਸ਼)*

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਖੌਤੀ ਨੀਚ ਜਾਤਾਂ ਦੇ ਹੱਕ ਵਿਚ ਜੋਰਦਾਰ ਅਵਾਜ਼ ਉਠਾਉਣਾ, ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਬਣਾਉਣਾ, ਕਥਾ ਤੇ ਕੀਰਤਨ ਵਿਚ ਬਿਨਾਂ ਕਿਸੇ ਜਾਤ-ਪਾਤ, ਭੇਦ-ਭਾਵ ਦੇ ਸ਼ਾਮਲ ਹੋਣ ਦੀ ਖੁੱਲ੍ਹ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਸੰਗਤ-ਪੰਗਤ ਵਿਚ ਬਿਨਾਂ ਕਿਸੇ ਜਾਤ-ਪਾਤ ਵਿਤਕਰੇ ਦੇ ਸ਼ਾਮਲ ਹੋਣ ਦੀ ਖੁੱਲ੍ਹ, ਸ੍ਰੀ ਗੁਰੂ ਅਮਰਦਾਸ ਜੀ ਵੱਲੋਂ "ਪਹਿਲੇ ਪੰਗਤ ਪਾਛੇ ਸੰਗਤ" ਦਾ ਸਿਧਾਂਤ ਦ੍ਰਿੜ੍ਹ ਕਰਵਾਇਆ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸੁਸ਼ੋਭਿਤ ਕੀਤੇ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਬਿਨਾਂ ਕਿਸੇ ਭਿੰਨ-ਭੇਦ ਦੇ ਲੋਕਾਈ ਦੇ ਹਰ ਬਸਰ ਨੂੰ ਇਸ਼ਨਾਨ ਦੀ ਖੁੱਲ੍ਹ-ਸਾਂਝ ਸਥਾਪਿਤ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਤ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਬਿਨਾਂ ਕਿਸੇ ਵਿਤਕਰੇ ਦੇ ਸੰਤਾਂ-ਭਗਤਾਂ ਖਾਸ ਕਰਕੇ ਅਖੌਤੀ ਨੀਚ ਜਾਤਾਂ ਨਾਲ ਸੰਬੰਧਿਤ ਭਗਤਾਂ ਦੀ ਬਾਣੀ ਨੂੰ ਸ਼ਾਮਲ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿਚ ਹਰ ਕਿਸੇ ਨੂੰ ਕੀਰਤਨ ਸਰਵਣ ਕਰਨ ਅਤੇ ਸੰਗਤ ਵਿਚ ਜੁੜਨ ਦਾ ਹੱਕ ਪ੍ਰਦਾਨ ਕੀਤਾ। ਇਨ੍ਹਾਂ ਕਾਰਨਾਂ ਕਰਕੇ ਦੇਸੀ ਰਾਜੇ, ਪੁਜਾਰੀ ਵਰਗ,

ਅਖੌਤੀ ਉੱਚ ਜਾਤੀਆਂ ਦੇ ਲੋਕ ਅਤੇ ਇਸਲਾਮੀ ਸ਼ਕਤੀ ਸਭ ਇੱਕ ਜੁੱਟ ਹੋ ਕੇ ਵਿਰੋਧ ਵਿਚ ਡੱਟ ਗਏ। ਇਸ ਤਰ੍ਹਾਂ ਇਹ ਕ੍ਰਾਂਤੀਕਾਰੀ ਲੋਕ-ਪੱਖੀ ਲਹਿਰ ਸਮੇਂ ਦੀ ਰਾਜਸੀ ਸ਼ਕਤੀ, ਕੱਟੜਪੰਥੀਆਂ, ਲੋਕਾਂ ਦੇ ਹੱਕਾਂ ਉੱਤੇ ਡਾਕੇ ਮਾਰਨ, ਲੁੱਟ ਅਤੇ ਕੁੱਟ ਕਰਨ ਵਾਲਿਆਂ ਲਈ ਕਾਬਲੇ-ਬਰਦਾਸ਼ਤ ਨਹੀਂ ਸੀ। ਇਸ ਲਈ ਦੇਸੀ ਰਿਆਸਤੀ ਰਾਜਿਆਂ, ਧਾਰਮਿਕ ਕੱਟੜਪੰਥੀਆਂ ਅਤੇ ਇਸਲਾਮੀ ਸ਼ਕਤੀ ਵੱਲੋਂ ਇਸ ਨਵੀਂ ਰੋਸ਼ਨੀ, ਨਵੀਂ ਸ਼ਕਤੀ ਅਤੇ ਮੁਕੰਮਲ ਇਨਕਲਾਬੀ ਲਹਿਰ ਨੂੰ ਆਪਣੇ ਰਸਤੇ ਦਾ ਰੋੜਾ ਮੰਨ ਲਿਆ ਗਿਆ। ਇਨ੍ਹਾਂ ਸਾਰੀਆਂ ਹੀ ਸ਼ਕਤੀਆਂ ਵੱਲੋਂ ਸਵੈ-ਵਿਰੋਧ ਹੋਣ ਦੇ ਬਾਵਜੂਦ ਇਕ-ਜੁੱਟ ਹੋ ਕੇ ਸਿੱਖ ਲਹਿਰ ਦਾ ਡੱਟ ਕੇ ਵਿਰੋਧ ਸ਼ੁਰੂ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇਸ ਸੰਦਰਭ ਵਿਚ ਵੇਖਣ ਦੀ ਲੋੜ ਹੈ। ਬਾਦਸ਼ਾਹ ਜਹਾਂਗੀਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਦਿੱਤੇ ਫੈਸਲੇ ਨੂੰ ਜਾਇਜ ਠਹਿਰਾਉਣ ਲਈ ਜੋ ਤੁਜ਼ਕ-ਏ-ਜਹਾਂਗੀਰੀ ਵਿਚ ਦਰਜ ਹੈ, ਉਹ ਇਸ ਤੱਥ ਦੀ ਪੁਸ਼ਟੀ ਕਰਦਾ ਹੈ।

ਜਿਨ੍ਹਾਂ ਨੂੰ ਧਰਮ ਪਿਆਰਾ ਸੀ ਉਹ ਬਲਹੀਣ ਹੋਣ ਕਰਕੇ ਧਰਮ ਦੀ ਰੱਖਿਆ ਕਰਨੋਂ ਅਸਮਰੱਥ ਸਨ। ਕਸ਼ਮੀਰੀ ਬ੍ਰਾਹਮਣ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਫਰਿਆਦੀ ਬਣ ਕੇ ਪਹੁੰਚੇ। ਗੁਰੂ ਸਾਹਿਬ ਨੇ ਉਨ੍ਹਾਂ ਦੀ ਬਾਂਹ ਫੜੀ, "ਬਾਹੇਂ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹੇ ਨ ਛੋੜੀਏ" ਦਾ ਕੌਤਕ ਮਹਾਨ ਬਲੀਦਾਨ ਦੇ ਕੇ ਰਚਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸ਼ਹੀਦੀ ਬਾਰੇ ਇਉਂ ਪੁਸ਼ਟੀ ਕਰਦੇ ਹਨ, "ਤਿਲਕੁ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਹਾਲਾਤ ਬਾਰੇ ਆਪਣੀ ਬਾਣੀ ਵਿਚ ਭਰਪੂਰ ਜਾਣਕਾਰੀ ਦਿੱਤੀ ਹੈ:

- *ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
  *ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥* (ਪੰਨਾ ੬੬੨)
- *ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥*
  *ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥*
  (ਪੰਨਾ ੧੨੮੮)
- *ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
  *ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥* (ਪੰਨਾ ੬੬੩)
- *ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।*
  *ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।*
  *ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।*
  *ਵਰਤਿਆ ਪਾਪੁ ਸਭਸਿ ਜਗਿ ਮਾਂਹੀ।* (ਵਾਰ ੧:੩੦)

ਭਾਰਤੀ ਜਨਤਾ ਨੂੰ ਅਪਮਾਨਜਨਕ ਜਿੰਦਗੀ ਵਿੱਚੋਂ ਕੱਢ ਕੇ ਇਕ ਨਰੋਆ, ਸੰਤੁਲਿਤ, ਮਨੁੱਖੀ-ਬਰਾਬਰੀ, ਸਾਂਝੀਵਾਲਤਾ, ਗੈਰਤ, ਗੌਰਵ ਅਤੇ ਅਣਖ-ਭਰਪੂਰ ਜੀਵਨ ਮੁਹੱਈਆ ਕਰਾਉਣ ਹਿਤ ਗੁਰੂ ਸਾਹਿਬਾਨ ਨੇ ਇਕ ਸਰਬਪੱਖੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਇਸ ਨਵੀਂ ਰੋਸ਼ਨੀ ਦੇ ਪ੍ਰਕਾਸ਼ ਨਾਲ ਭਾਰਤੀ ਸਮਾਜ ਦੇ ਹਰ ਪਹਿਲੂ ਉੱਤੇ ਕਾਬਜ਼ ਲੋਕਾਂ ਨੇ ਡੱਟ ਕੇ ਵਿਰੋਧ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇੱਕ ਟਕਰਾਅ ਅਰੰਭ ਹੋ ਗਿਆ। ਇਸ ਲੰਮੇ ਸੰਘਰਸ਼ ਦੌਰਾਨ ਗੁਰੂ ਪਰਵਾਰਾਂ, ਅਣਗਿਣਤ ਸਿੰਘਾਂ-ਸਿੰਘਣੀਆਂ ਅਤੇ ਭੁਜੰਗੀਆਂ ਨੂੰ ਤਸੀਹੇ ਝੱਲਣੇ ਪਏ। ਜੰਗਲਾਂ ਵਿਚ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪਿਆ। ਲਾਮਿਸਾਲ ਸ਼ਹੀਦੀਆਂ ਪਾ ਕੇ ਦੇਸ਼ ਦੇ ਧਰਮ, ਗੌਰਵ, ਅਣਖ, ਹੋਂਦ-ਹਸਤੀ ਨੂੰ ਬਚਾਅ ਲਿਆ। ਇਨ੍ਹਾਂ ਲਾਮਿਸਾਲ ਸ਼ਹੀਦੀਆਂ ਨੂੰ ਹਰ ਰੋਜ਼ ਸਮੁੱਚਾ ਸਿੱਖ ਜਗਤ ਅਰਦਾਸ ਵਿਚ ਯਾਦ ਕਰ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਾ ਹੈ। ਕਿਸੇ ਮਸ਼ਹੂਰ ਇਸਲਾਮੀ ਸਾਇਰ ਨੇ ਠੀਕ ਹੀ ਕਿਹਾ ਹੈ:

*ਨਾ ਕਹੂੰ ਅਬ ਕੀ ਨਾ ਕਹੂੰ ਤਬ ਕੀ*
*ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ*
*ਸੁੰਨਤ ਹੋਤੀ ਸਭ ਕੀ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਰਦਨਾਕ ਘਟਨਾ ਹੈ। ਇਹ ਦਿਲ ਨੂੰ ਕੰਬਾਅ ਦੇਣ ਵਾਲਾ ਘੋਰ ਪਾਪ ਅਤੇ ਘਿਨਾਉਣੇ ਜ਼ੁਲਮ ਦਾ ਸਾਕਾ ਹੈ। ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ। ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ, ਦ੍ਰਿੜ੍ਹਤਾ ਅਤੇ ਸਿੱਖੀ ਸਿਦਕ ਦੀ ਭਾਵਨਾ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। ੮ ਪੋਹ ਅਤੇ ੧੩ ਪੋਹ, ੧੭੬੧ ਬਿਕ੍ਰਮੀ ਨੂੰ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਲੜਦੇ ਹੋਏ ਸ਼ਹੀਦ ਹੋ ਗਏ। ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸੂਬਾ ਸਰਹਿੰਦ ਵੱਲੋਂ ਜਿਊਂਦੇ-ਜੀਅ ਕੰਧਾਂ ਵਿਚ ਚਿਣਵਾ ਕੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਇਸ ਸ਼ਹਾਦਤ ਦੀ ਮਹਾਨਤਾ ਬਾਰੇ 'ਮੈਥਿਲੀ ਸ਼ਰਣ ਗੁਪਤ' ਨੇ ਲਿਖਿਆ ਹੈ:

*ਜਿਸ ਕੁਲ ਜਾਤੀ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੌਂ ਬਲੀਦਾਨ।*
*ਉਸ ਕਾ ਵਰਤਮਾਨ ਕੁਛ ਭੀ ਹੋ, ਭਵਿਸ਼ਯ ਹੈ ਮਹਾਂ ਮਹਾਨ।*

ਗੁਰਮਤਿ ਅਨੁਸਾਰ ਅਧਿਆਤਮਿਕ ਅਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਾ ਮਿਟਾਉਣ ਦੀ ਲੋੜ ਹੁੰਦੀ ਹੈ। ਇਹ ਮਾਰਗ ਇੱਕ ਮਹਾਨ ਸੂਰਮਗਤੀ ਦਾ ਮਾਰਗ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਾਰਗ ਤੇ ਚੱਲਣ ਲਈ ਸਿਰ ਭੇਟ ਕਰਨ ਦੀ ਸ਼ਰਤ ਰੱਖੀ ਸੀ। ਇਸੇ ਲੀਹ 'ਤੇ ਤੁਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਰਚ, ੧੬੯੯ ਈ: ਨੂੰ ਖਾਲਸੇ ਦੀ ਸਾਜਨਾ

ਕੀਤੀ। ਖਾਲਸਾ ਇੱਕ ਆਦਰਸ਼ਕ, ਸੰਪੂਰਨ ਅਤੇ ਸੁਤੰਤਰ ਮਨੁੱਖ ਹੈ। ਗੁਰਬਾਣੀ ਵਿਚ ਇਸ ਨੂੰ ਸਚਿਆਰ, ਗੁਰਮੁਖ ਅਤੇ ਬ੍ਰਹਮ ਗਿਆਨੀ ਗੁਰਸਿਖ ਅਤੇ ਸੰਤ-ਸਿਪਾਹੀ ਕਿਹਾ ਗਿਆ ਹੈ। ਖਾਲਸਾ ਸਦਗੁਣ ਭਰਪੂਰ ਨਿਰਾਲੀ ਸ਼ਖ਼ਸੀਅਤ ਹੈ। ਖਾਲਸਾ ਗੁਰੂ ਨੂੰ ਤਨ, ਮਨ ਤੇ ਧਨ ਸੌਂਪ ਦਿੰਦਾ ਹੈ। ਜਬਰ-ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ। ਸਤਿਗੁਰਾਂ ਦਾ ਇਸ ਮਾਰਗ ਦੇ ਪਾਂਧੀ ਲਈ ਸਿਧਾਂਤ ਇਸ ਪ੍ਰਕਾਰ ਹੈ:

- *ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
  *ਇਤੁ ਮਾਰਗਿ ਪੈਰੁ ਧਰੀਜੈ ਸਿਰ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*
- *ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥* *(ਪੰਨਾ ੫੫੮)*
- *ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥*
  *(ਪੰਨਾ ੭੫੭)*
- *ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥*
  *ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥*
  *(ਚੰਡੀ ਚਰਿਤ੍ਰ)*

ਪਹਿਲਾਂ ਪਹਾੜੀ ਰਾਜੇ ਅਤੇ ਮੁਗ਼ਲ ਸਲਤਨਤ ਇਕੱਠੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਭੰਗਾਣੀ ਦੇ ਯੁੱਧ ਵਿਚ ਟਕਰਾਏ ਫਿਰ ਪਹਾੜੀ ਰਾਜੇ ਤੇ ਸੂਬਾ ਸਰਹਿੰਦ ਗੁਰੂ ਜੀ ਦੇ ਵਿਰੁੱਧ ਇੱਕ-ਜੁਟ ਹੋ ਗਏ ਸਨ। ੧੭੦੪ ਈ: ਵਿਚ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸਾਂਝੀ ਕਮਾਨ ਹੇਠ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰਾ ਲੰਮਾ ਹੋਣ ਤੇ ਦੁਸ਼ਮਣ ਵੱਲੋਂ ਗੁਰੂ ਜੀ ਨਾਲ ਸਮਝੌਤਾ ਕੀਤਾ ਗਿਆ। ਸਮਝੌਤੇ ਦੀ ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਛੱਡ ਦੇਣ ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਇਸ ਬਾਰੇ ਲਿਖਤੀ ਕਸਮਾਂ ਵੀ ਗੁਰੂ ਜੀ ਨੂੰ ਭੇਜੀਆਂ ਗਈਆਂ। ਦੀਨਾ ਕਾਂਗੜ ਤੋਂ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਜੀ ਵੱਲੋਂ ਭੇਜੇ ਜ਼ਫ਼ਰਨਾਮੇ ਵਿਚ ਕੀਤੇ ਜ਼ਿਕਰ ਤੋਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਹੁੰਦੀ ਹੈ। ਗੁਰੂ ਜੀ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਜੇਕਰ ਉਸ ਨੂੰ ਲੋੜ ਮਹਿਸੂਸ ਹੋਵੇ ਤਾਂ ਉਹ ਉਸ ਨੂੰ ਲਿਖਤੀ ਕੀਤੇ ਵਾਅਦੇ, ਖਾਧੀਆਂ ਪਵਿੱਤਰ ਕੁਰਾਨ ਸ਼ਰੀਫ ਦੀਆਂ ਕਸਮਾਂ ਭੇਜ ਸਕਦੇ ਹਨ:-

*ਤੁਰਾ ਗਰ ਬਬਾਯਦ ਕਉਲਿ ਕੁਰਾਂ।*
*ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ।* *(ਜ਼ਫ਼ਰਨਾਮਾ)*

ਗੁਰੂ ਜੀ ਦੇ ਕਿਲ੍ਹਾ ਖਾਲੀ ਕਰ ਕੇ ਜਾਣ 'ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ। ਬੇਈਮਾਨੀ, ਵਾਇਦਾ-ਖਿਲਾਫੀ, ਚੰਗੇਜ਼ੀ ਅਤੇ ਦਰਿੰਦਗੀ ਦਾ ਘਿਨਾਉਣਾ ਕਾਰਾ ਸੀ। ਕਵੀ ਅਲਾਮਾ ਇਕਬਾਲ ਅਜਿਹੇ ਹਾਲਾਤ ਬਾਰੇ ਇਉਂ ਲਿਖਦੇ ਹਨ:

*ਜਲਾਲ-ਏ-ਪਾਤਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ।*
*ਜ਼ੁਦਾ ਹੋ ਦੀਂ ਸੇ ਸਿਆਸਤ ਤੋ ਰਹਿ ਜਾਤੀ ਹੈ ਚੰਗੇਜ਼ੀ।*

ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ ਜਿਸ ਦੌਰਾਨ ਦੋਹਾਂ ਧਿਰਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸੇ ਘਮਸਾਨ ਦੇ ਯੁੱਧ ਦੌਰਾਨ ਸਤਿਗੁਰਾਂ ਦਾ ਪਰਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਆਪਸ ਵਿਚ ਵਿੱਛੜ ਗਿਆ। ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਇਕ ਪਾਸੇ ਨੂੰ ਵੱਖ ਹੋ ਗਏ। ਮਾਤਾ ਸੁੰਦਰੀ ਜੀ ਅਤੇ ਕੁਝ ਸਿੰਘ ਹੋਰ ਪਾਸੇ ਨੂੰ ਹੋ ਗਏ। ਦੁਨੀਆਂ ਦੇ ਜੰਗਾਂ-ਯੁੱਧਾਂ ਦੇ ਇਤਿਹਾਸ ਵਿਚ ਇਹ ਇੱਕੋ-ਇੱਕ ਘਟਨਾ ਹੋਈ ਜਦੋਂ ਮਰਦ-ਏ-ਮੈਦਾਨ, ਸ਼ਹਿਨਸ਼ਾਹ-ਏ-ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਜਿੱਥੇ ਜੰਗ ਦਾ ਸਾਜ਼ੋ-ਸਮਾਨ ਤੀਰ, ਤਲਵਾਰ, ਢਾਲ, ਬਰਛਾ, ਛਵੀ ਆਦਿ ਸਨ, ਉੱਥੇ ਗੁਰਮਤਿ ਸੰਗੀਤ ਦੇ ਸਾਜ਼ ਸਿਰੰਦਾ, ਸਿਤਾਰ ਆਦਿ ਵੀ ਨਾਲ ਸਨ। ੬ ਅਤੇ ੭ ਪੋਹ ਦੀ ਰਾਤ ਦਾ ਸਮਾਂ ਅੰਮ੍ਰਿਤ ਵੇਲੇ ਦਾ ਹੋਇਆ। ਦੁਸ਼ਮਣਾਂ ਨੇ ਭਾਰੀ ਹਮਲਾ ਬੋਲਿਆ ਹੋਇਆ ਸੀ, ਪਾਤਸ਼ਾਹ ਨੇ ਆਪਣੇ ਵੱਡੇ ਸਪੁੱਤਰ ਬਾਬਾ ਅਜੀਤ ਸਿੰਘ, ਭਾਈ ਜੀਵਨ ਸਿੰਘ (ਜੈਤਾ ਜੀ), ਭਾਈ ਉਦੇ ਸਿੰਘ ਨੂੰ ਹੋਰ ਸਿੰਘਾਂ ਸਮੇਤ ਹਮਲਾਵਰਾਂ ਦਾ ਮੁਕਾਬਲਾ ਕਰਨ ਦਾ ਹੁਕਮ ਕੀਤਾ। ਦੂਜੇ ਪਾਸੇ ਭਾਈ ਦਇਆ ਸਿੰਘ ਆਦਿ ਨੂੰ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਅਨੁਸਾਰ "ਆਸਾ ਕੀ ਵਾਰ" ਦਾ ਕੀਰਤਨ ਕਰਨ ਲਈ ਕਿਹਾ। ਅਜਿਹਾ ਕਾਰਜ ਕੇਵਲ ਤੇ ਕੇਵਲ ਦਸਮੇਸ਼ ਪਿਤਾ ਹੀ ਕਰ ਸਕਦੇ ਸਨ, ਜਦੋਂ ਅਜਿਹੇ ਅਤਿ ਬਿਖਮ, ਖ਼ਤਰੇ ਭਰਪੂਰ ਹਾਲਾਤ ਵਿਖੇ ਅਤੇ ਮੈਦਾਨ-ਏ-ਜੰਗ ਵਿਚ ਉਹ ਆਪਣਾ 'ਫਰਜ਼-ਏ-ਇਲਾਹੀ' ਨਹੀਂ ਭੁੱਲੇ। ਦੁਨੀਆਂ ਦੇ ਇਤਿਹਾਸ ਵਿਚ ਇਹ ਇੱਕੋ-ਇੱਕ ਅਲੋਕਾਰੀ ਅਤੇ ਨਿਵੇਕਲੀ ਘਟਨਾ ਸੀ। ਸਰਸਾ ਨਦੀ ਵਿਚ ਭਾਰੀ ਹੜ੍ਹ ਅਤੇ ਦੁਸ਼ਮਣਾਂ ਦਾ ਜ਼ੋਰਦਾਰ ਹਮਲਾ ਇਉਂ ਜਾਪਦਾ ਸੀ ਜਿਵੇਂ ਦੋਵੇਂ ਇਕ ਦੂਜੇ ਨਾਲ ਇਸ ਘਿਨਾਉਣੇ ਕਾਰਨਾਮੇ ਵਿਚ ਸ਼ਾਮਲ ਹੋ ਗਏ ਹੋਣ। ਭਾਵੇਂ ਇਸ ਯੁੱਧ ਵਿਚ ਸੈਂਕੜੇ ਹੀ ਮਰਜੀਵੜੇ ਸਿੰਘਾਂ ਸਮੇਤ ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ। ਪਰੰਤੂ ਦੁਸ਼ਮਣ ਦੇ ਦੰਦ ਖੱਟੇ ਕਰ ਦਿੱਤੇ। ਜਿੱਥੋਂ ਗੁਰੂ ਸਾਹਿਬ ਦੇ ਕਾਫ਼ਲੇ ਨਾਲੋਂ ਗੁਰੂ-ਪਰਵਾਰ ਵਿੱਛੜਿਆ, ਉਸ ਸਥਾਨ ਉੱਤੇ ਗੁਰਦੁਆਰਾ 'ਪਰਵਾਰ ਵਿਛੋੜਾ' ਸਾਹਿਬ ਸੁਸ਼ੋਭਿਤ ਹੈ, ਜੋ ਇਤਿਹਾਸ ਦੀ ਇਸ ਦਰਦਨਾਕ ਘਟਨਾ ਦੀ ਯਾਦ ਨੂੰ ਸੰਭਾਲੇ ਹੋਏ ਹਨ। ਉਪਰੰਤ ਸਰਸਾ ਪਾਰ ਕਰ ਕੇ ਗੁਰੂ ਜੀ ਨੇ ਇੱਕ ਦਿਨ ਰੋਪੜ ਦੇ ਨੇੜੇ ਨਿਹੰਗ ਖਾਨ ਦੀ ਗੜ੍ਹੀ (ਕੋਟਲਾ ਨਿਹੰਗ ਖਾਨ) ਵਿਚ ਬਿਤਾਇਆ। ਰਾਤ ਨੂੰ ਅੱਗੇ ਚੱਲ ਪਏ, ਪਰ ਦੁਸ਼ਮਣ ਦੀਆਂ ਫੌਜਾਂ ਨੇ ਵੀ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਦਾਖਲ ਹੋ ਕੇ ਮੋਰਚਾ-ਬੰਦੀ ਕਰ ਲਈ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਪੰਜ ਪਿਆਰਿਆਂ ਸਮੇਤ ਚਾਲ੍ਹੀ ਕੁ ਸਿੰਘ ਸਨ। ਦੁਸ਼ਮਣ ਦੀ ਦਸ ਲੱਖ ਫੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਸਾਰਾ ਦਿਨ ਜੰਗ ਹੁੰਦੀ

ਰਹੀ। ਸ਼ਾਮ ਤੱਕ ਗੁਰੂ ਜੀ ਕੋਲ ਤਕਰੀਬਨ ਸਾਰਾ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਆ ਕੇ ਲੜਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਆਪ ਵਾਰੋ-ਵਾਰੀ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੂੰ ਪੂਰੇ ਸ਼ਸਤਰ ਸਜਾ ਕੇ ਮੈਦਾਨ-ਏ-ਜੰਗ ਵਿਚ ਭੇਜਿਆ। ਅੰਤ ਵੱਡੇ ਜੰਗਜੂ ਯੋਧਿਆਂ ਵਾਲੇ ਜੌਹਰ ਵਿਖਾਉਂਦਿਆਂ ਸਾਥੀ ਸਿੰਘਾਂ ਦੇ ਨਾਲ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬੜੀ ਸੂਰਮਗਤੀ ਨਾਲ ਗੁਰੂ ਜੀ ਦੇ ਸਾਹਮਣੇ ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਅਜੇ ਜਵਾਨੀ ਵਿਚ ਪੈਰ ਰੱਖਿਆ ਹੀ ਸੀ। ਬਾਬਾ ਜੁਝਾਰ ਸਿੰਘ ਜੀ ਤਾਂ ਅਜੇ ਕਿਸ਼ੋਰ ਅਵਸਥਾ ਵਿਚ ਸਨ। ਇਰਾਕ ਦੇਸ਼ ਦੇ ਸ਼ਹਿਰ ਕਰਬਲਾ ਦੇ ਮੈਦਾਨ ਵਿਚ ਹਸਨ ਹੁਸੈਨ ਦੀ ਸ਼ਹੀਦੀ ਤੋਂ ਇਲਾਵਾ ਦੁਨੀਆਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਸਤਿਗੁਰ ਜੇਕਰ ਚਾਹੁੰਦੇ ਤਾਂ ਆਪਣੇ ਸਪੁੱਤਰਾਂ ਨੂੰ ਬਚਾਉਣ ਲਈ ਯਤਨ ਕਰ ਸਕਦੇ ਸਨ ਪਰੰਤੂ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਦੁਨੀਆਵੀ ਲੋਕ ਆਪਣੇ ਨਿੱਜੀ ਸਵਾਰਥਾਂ ਦੀ ਖਾਤਰ ਸਾਰੇ ਅਸੂਲ, ਸਿਧਾਂਤ ਅਤੇ ਕੌਮੀ ਹਿੱਤਾਂ ਨੂੰ ਵੀ ਕੁਰਬਾਨ ਕਰਨ ਤੋਂ ਨਹੀਂ ਝਿਜਕਦੇ। ਅਜਿਹੇ ਲੋਕਾਂ ਨੂੰ ਇਤਿਹਾਸ ਵਿਚ ਘਿਰਣਾ ਦੀ ਨਜ਼ਰ ਨਾਲ ਹੀ ਵੇਖਿਆ ਜਾਂਦਾ ਹੈ। ਗੁਰੂ ਜੀ ਲਈ ਸਿੰਘਾਂ ਅਤੇ ਸਪੁੱਤਰਾਂ ਵਿਚਕਾਰ ਕੋਈ ਅੰਤਰ ਨਹੀਂ ਸੀ। ਸਤਿਗੁਰਾਂ ਵੱਲੋਂ ਮੈਦਾਨ-ਏ-ਜੰਗ ਵਿਚ ਜੂਝਦਿਆਂ ਸ਼ਹੀਦੀ ਪਾਉਣ ਲਈ ਕੀਤੀ ਤਿਆਰੀ ਅਤੇ ਰਹਿੰਦੇ ਮਹੱਤਵਪੂਰਨ ਪੰਥਕ ਕਾਰਜਾਂ ਦੀ ਪੂਰਤੀ ਨੂੰ ਮੁੱਖ ਰੱਖਦਿਆਂ ਪੰਜ ਸਿੰਘਾਂ ਵੱਲੋਂ ਗੁਰੂ ਰੂਪ ਹੋ ਕੇ ਸਤਿਗੁਰਾਂ ਨੂੰ ਗੜ੍ਹੀ ਛੱਡ ਕੇ ਚਲੇ ਜਾਣ ਲਈ ਕਿਹਾ ਗਿਆ। ਖਾਲਸੇ ਦਾ ਹੁਕਮ ਮੰਨਦਿਆਂ ਜਦੋਂ ਗੁਰੂ ਜੀ ਨੇ ਤਾੜੀ ਮਾਰ ਕੇ ਮੁਗ਼ਲਾਂ ਨੂੰ ਵੰਗਾਰ ਕੇ ਬਾਹਰ ਨੂੰ ਚਾਲੇ ਪਾਏ।

ਕਰਬਲਾ ਦੀ ਜੰਗ ਅਤੇ ਚਮਕੌਰ ਦੀ ਜੰਗ ਵਿਚ ਇੱਕ ਵੱਡਾ ਅੰਤਰ ਸੀ। ਕਰਬਲਾ ਦੀ ਜੰਗ ਵਿਚ ਦੋਵੇਂ ਫੌਜਾਂ ਬਰਾਬਰ ਦੀਆਂ ਸਨ। ਇਸ ਦੇ ਮੁਕਾਬਲੇ 'ਤੇ ਚਮਕੌਰ ਦੀ ਜੰਗ ਦੁਨੀਆਂ ਦੀ ਸਭ ਤੋਂ ਵੱਧ ਅਸਾਵੀਂ ਜੰਗ ਸੀ। ਇਸ ਜੰਗ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਵਿਚ ਲਿਖਿਆ ਹੈ ਕਿ ਭੁੱਖੇ-ਭਾਣੇ ਚਾਲ੍ਹੀ ਆਦਮੀ ਕੀ ਕਰ ਸਕਦੇ ਹਨ, ਜੇ ਉਨ੍ਹਾਂ 'ਤੇ ਦਸ ਲੱਖ ਦਾ ਲਸ਼ਕਰ ਅਚਾਨਕ ਟੁੱਟ ਪਵੇ:

*ਗੁਰਸਨ : ਚਿਹ ਕਾਰੇ ਕੁਨੱਦ ਚਿਹਲ ਨਰ।*
*ਕਿ ਦਹ ਲੱਕ ਬਿਆਯਦ ਬਰੋ ਬੇਖ਼ਬਰ।* *(ਜ਼ਫ਼ਰਨਾਮਾ)*

ਇਸ ਤਰ੍ਹਾਂ ਦੀਆਂ ਅਸਾਵੀਂਆਂ ਜੰਗਾਂ ਦੀਆਂ ਮਿਸਾਲਾਂ ਸਿੱਖ ਇਤਿਹਾਸ ਵਿਚ ਸ੍ਰੀ ਮੁਕਤਸਰ ਸਾਹਿਬ ਅਤੇ ਸਾਰਾਗੜ੍ਹੀ ਦੀ ਜੰਗ ਦੀਆਂ ਮਿਲਦੀਆਂ ਹਨ, ਪਰ ਬਾਕੀ ਕੌਮਾਂ ਦੇ ਇਤਿਹਾਸ ਵਿਚ ਸ਼ਾਇਦ ਨਾ ਦੇ ਬਰਾਬਰ ਹਨ।

ਮਹਾਨ ਸ਼ਹੀਦਾਂ ਦਾ ਪਵਿੱਤਰ ਖ਼ੂਨ ਡੁੱਲ੍ਹਣ ਨਾਲ ਚਮਕੌਰ ਦੀ ਧਰਤੀ ਚਮਕੌਰ ਸਾਹਿਬ ਬਣ ਗਈ ਅਤੇ ਇੱਥੇ ਚਮਕੌਰ ਸਾਹਿਬ ਦੀ ਇਤਿਹਾਸਿਕ ਜੰਗ ਦੀ ਯਾਦ ਵਿਚ

ਗੁਰਦੁਆਰਾ ਕਤਲਗੜ੍ਹ ਸਾਹਿਬ, ਗੁਰਦੁਆਰਾ ਕੱਚੀ ਗੜ੍ਹੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਤਾੜੀ ਸਾਹਿਬ, ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸੁਸ਼ੋਭਿਤ ਹੈ। ਇਸ ਮਹਾਨ ਪਵਿੱਤਰ ਸ਼ਹੀਦੀ ਅਸਥਾਨ ਉੱਤੇ ਹਰ ਸਾਲ ਸਿੱਖ ਸੰਗਤਾਂ ਜੋੜ-ਮੇਲੇ 'ਤੇ ਇਕੱਤਰ ਹੋ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

ਅੱਲਾ ਯਾਰ ਖਾਂ ਜੋਗੀ ਤਾਂ ਦੁਨੀਆਂ ਦੇ ਤੀਰਥ ਅਸਥਾਨਾਂ ਨਾਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨਾਂ ਨੂੰ ਧਰਮ-ਯਾਤਰਾ ਲਈ ਉੱਚਤਮ ਮੰਨਦਾ ਹੈ, ਕਿਉਂਕਿ ਅਜਿਹੀ ਸ਼ਹੀਦੀ ਦੁਨੀਆਂ ਦੇ ਇਤਿਹਾਸ ਵਿਚ ਨਾ ਤਾਂ ਪਹਿਲਾਂ ਕਦੀ ਹੋਈ ਅਤੇ ਨਾ ਹੀ ਭਵਿੱਖ ਵਿਚ ਆਸ ਹੈ। ਜੋਗੀ ਜੀ ਇਉਂ ਲਿਖਦੇ ਹਨ:

*ਬਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲੀਯੇ।*
*ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਯੇ।*

ਸਾਹਿਬਜ਼ਾਦਿਆਂ ਦੀ ਲਾਮਿਸਾਲ ਸ਼ਹੀਦੀ ਨੂੰ ਯਾਦ ਕਰਦਿਆਂ ਜਦੋਂ ਆਪਣੇ ਆਲੇ ਦੁਆਲੇ ਵੱਲ ਝਾਤ ਮਾਰਦੇ ਹਾਂ ਅਤੇ ਸਿੱਖ ਕੌਮ ਅੰਦਰ ਆ ਚੁੱਕੇ ਘੋਰ ਨਿਘਾਰ ਨੂੰ ਮਹਿਸੂਸ ਕਰਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕੀ ਅਸੀਂ ਸੋਚਾਂਗੇ ਕਿ ਅਸੀਂ ਕਿਧਰ ਨੂੰ ਜਾ ਰਹੇ ਹਾਂ? ਸਤਿਗੁਰੂ ਨੇ ਆਪਣੇ ਲਖਤੇ-ਜਿਗਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾ ਕੇ ਭਾਰਤ ਵਾਸੀਆਂ ਅਤੇ ਸਿੱਖ ਕੌਮ ਨੂੰ ਜ਼ਿੰਦਗੀ ਬਖ਼ਸ਼ੀ ਸੀ। ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਟ ਕਰ ਕੇ ਭਾਰਤ ਦਾ ਸੀਸ, ਧਰਮ, ਅਣਖ, ਗੌਰਵ ਅਤੇ ਸਭਿਆਚਾਰ ਨੂੰ ਬਚਾਇਆ। ਪਰੰਤੂ ਅਸੀਂ ਕੌਮ ਨੂੰ ਤਬਾਹੀ ਵੱਲ ਧੱਕ ਕੇ ਆਪਣੀ ਅਤੇ ਆਪਣੀ ਔਲਾਦ ਦੇ ਕੂੜੇ ਸੁੱਖ-ਅਰਾਮ ਅਤੇ ਵਕਤੀ ਸ਼ਾਨੋ-ਸ਼ੌਕਤ ਲਈ ਤੱਤਪਰ ਹਾਂ। ਉਹ ਕੌਮਾਂ ਦੁਨੀਆਂ ਦੇ ਤਖਤੇ ਤੋਂ ਮਿਟ ਗਈਆਂ, ਜਿਨ੍ਹਾਂ ਨੇ ਖ਼ੁਦਗਰਜ਼ੀ ਕਾਰਨ ਆਪਣੇ ਧਾਰਮਿਕ ਸਿਧਾਂਤ, ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹੀਦਾਂ ਨੂੰ ਅਣਗੌਲਿਆਂ ਕਰ ਕੇ ਆਪਣੀਆਂ ਕੂੜੀਆਂ ਲਾਲਸਾਵਾਂ ਨੂੰ ਪੂਰੀਆਂ ਕਰਨ ਵਿਚ ਹੀ ਗਲਤਾਨ ਹੋ ਗਈਆਂ। ਇਸ ਦੇ ਨਾਲ ਹੀ ਪੰਥ-ਵਿਰੋਧੀ ਸ਼ਕਤੀਆਂ ਤਰ੍ਹਾਂ-ਤਰ੍ਹਾਂ ਦੀਆਂ ਸਾਜਸ਼ਾਂ ਅਤੇ ਮਨਘੜਤ ਕਹਾਣੀਆਂ ਘੜ ਕੇ ਸਿੱਖ ਸਿਧਾਂਤ, ਮਹਾਨ ਵਿਰਾਸਤ, ਸ਼ਾਨਾਂਮੱਤੇ ਇਤਿਹਾਸ ਅਤੇ ਮਰਿਆਦਾ ਨੂੰ ਸੱਟ ਮਾਰਨ ਲਈ ਪੂਰੀ ਤਰ੍ਹਾਂ ਸਰਗਰਮ ਹਨ। ਜੋ ਕਿ ਅਤੀ ਖਤਰਨਾਕ ਮਸਲਾ ਹੈ। ਸਾਨੂੰ ਇਸ ਖਤਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ, ਵਰਨਾ ਸਰਬਨਾਸ਼ ਯਕੀਨੀ ਹੈ। ਆਓ! ਅਸੀਂ ਆਪਣੇ ਮਹਾਨ ਸਿਧਾਂਤ ਅਤੇ ਵਿਰਾਸਤ ਦੇ ਸਹੀ ਵਾਰਿਸ ਬਣਨ ਦਾ ਯਤਨ ਕਰੀਏ ਅਤੇ "ਅਪਨਾ ਬਿਗਾਰ ਬਿਰਾਂਨਾ ਸਾਂਢੈ" ਦੇ ਸਿਧਾਂਤ ਉੱਤੇ ਪਹਿਰਾ ਦੇਈਏ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਸੇਧ ਲੈਂਦੇ ਹੋਏ ਇਸ ਕਾਰਜ ਵਿਚ ਤਨੋਂ ਮਨੋਂ ਆਪੋ-ਆਪਣਾ ਯੋਗਦਾਨ ਪਾਈਏ ਅਤੇ ਆਪਣਾ ਜਨਮ ਸਕਾਰਥਾ ਕਰੀਏ ਅਤੇ ਆਪਣੇ ਦੇਸ਼ ਅਤੇ ਕੌਮ ਦੇ ਗੌਰਵ, ਅਣਖ ਅਤੇ ਸ਼ਾਨ ਨੂੰ ਉੱਚਾ ਕਰੀਏ, ਰੌਸ਼ਨ ਕਰੀਏ। ■

# ਸਰਹਿੰਦ ਸ਼ਹਿਰ ਅਤੇ ਸਾਕਾ ਸਰਹਿੰਦ : ਇਤਿਹਾਸਿਕ ਜਾਣਕਾਰੀ

*-ਸ. ਸਿਮਰਜੀਤ ਸਿੰਘ**

ਸਰਹਿੰਦ ਇਕ ਬਹੁਤ ਪੁਰਾਣਾ ਸ਼ਹਿਰ ਹੈ। ਇਸ ਦਾ ਅਨੁਮਾਨ ਆਲੇ-ਦੁਆਲੇ ਦੇ ਥੇਹਾਂ ਵਿੱਚੋਂ ਨਿਕਲਦੀਆਂ ਪੁਰਾਤਨ ਇੱਟਾਂ, ਠੀਕਰੀਆਂ, ਟੁੱਟੇ ਠੂਠਿਆਂ ਅਤੇ ਮਿੱਟੀ ਦੇ ਭਾਂਡਿਆਂ ਤੋਂ ਲੱਗ ਜਾਂਦਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਇਸ ਦਾ ਨਾਂ 'ਸਰਹਿੰਦ' ਮੁਸਲਮਾਨਾਂ ਨੇ ਮੁਗ਼ਲ-ਕਾਲ ਵੇਲੇ ਰੱਖਿਆ ਸੀ ਕਿਉਂਕਿ ਇਹ ਹਿੰਦੁਸਤਾਨ ਦੇ ਸਿਰ ਉੱਤੇ (ਸਰ+ਹਿੰਦ) ਉੱਤਰ ਵੱਲ ਆਖਰੀ ਸ਼ਹਿਰ ਸੀ। ਇਹ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਇਹ ਸਥਾਨ ਮੁਸਲਮਾਨਾਂ ਦੇ ਇੱਥੇ ਆਉਣ ਤੋਂ ਬਹੁਤ ਪੁਰਾਣਾ ਹੈ। ਇਸ ਦਾ ਮੁੱਢ ਪ੍ਰਾਚੀਨ ਆਰੀਆ ਲੋਕਾਂ ਨਾਲ ਜਾ ਜੁੜਦਾ ਹੈ। ਹੋ ਸਕਦਾ ਹੈ ਕਿ ਇਹ ਉਸ ਤੋਂ ਵੀ ਪਹਿਲਾਂ ਦਾ ਹੋਵੇ। ਇਸ ਦਾ ਜ਼ਿਕਰ ਸਭ ਤੋਂ ਪਹਿਲਾਂ 'ਪਰਾਸ਼ਰ-ਸੰਹਿਤਾ' ਵਿਚ ਆਉਂਦਾ ਹੈ ਜਿੱਥੋਂ ਲੈ ਕੇ ਵਰਾਹ ਮਿਹਰੀ ਨੇ ਆਪਣੀ 'ਬ੍ਰਿਹਤ-ਸਹਿੰਤਾ' ਵਿਚ ਇਸ ਦਾ ਜ਼ਿਕਰ ਕੀਤਾ ਹੈ। ਵਰਾਹ ਮਿਹਰੀ ਮਹਾਰਾਜਾ ਬਿਕਰਮਾਦਿੱਤ ਦੇ ਨੌਂ ਰਤਨਾਂ ਵਿੱਚੋਂ ਇਕ ਸੀ। ਉਹ ਲਿਖਦਾ ਹੈ ਕਿ, ਸਿਰੰਦ ਸ਼ਹਿਰ ਸ਼ਤੁਦਰ ਦੇਸ਼ ਦਾ ਮੁੱਖ ਅਸਥਾਨ ਹੁੰਦਾ ਸੀ। ਇੱਥੇ ਸੈਰਿੰਧ ਨਾਉਂ ਦੀ ਆਰੀਆ ਜਾਤੀ ਦੇ ਲੋਕ ਵੱਸਦੇ ਸਨ। ਸੈਰਿੰਧ ਲੋਕਾਂ ਦੇ ਨਾਂ ਤੋਂ ਹੀ ਉਨ੍ਹਾਂ ਦੇ ਇਸ ਮੁੱਖ ਨਗਰ ਦਾ ਨਾਂ ਸਿਰੰਦ ਪੈ ਗਿਆ। ਸ਼ਤੁਦਰ ਦੇਸ਼ ਇਕ ਵਿਸ਼ਾਲ ਇਲਾਕਾ ਸੀ। ਅੱਜਕਲ੍ਹ ਦੇ ਭੂਗੋਲ ਅਨੁਸਾਰ ਹਿਮਾਚਲ ਪ੍ਰਦੇਸ਼ ਦੀ ਊਨਾ ਤਹਿਸੀਲ, ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਇਲਾਕੇ ਨਾਲਾਗੜ੍ਹ ਅਤੇ ਸ਼ਿਮਲੇ ਦੇ ਇਲਾਕੇ, ਅੰਬਾਲਾ ਤਹਿਸੀਲ ਦਾ ਉੱਤਰ ਚੜ੍ਹਦਾ ਪਾਸਾ, ਸਰਹਿੰਦ (ਫਤਿਹਗੜ੍ਹ ਸਾਹਿਬ) ਰਾਜਪੁਰਾ, ਜ਼ਿਲ੍ਹਾ ਲੁਧਿਆਣਾ, ਨਾਭਾ ਅਤੇ ਪਟਿਆਲਾ ਆਦਿ ਸ਼ਤੁਦਰ ਦੇਸ਼ ਵਿਚ ਆਉਂਦੇ ਹਨ।

ਇਹ ਵੀ ਜ਼ਿਕਰ ਹੈ ਕਿ ਸਰਹਿੰਦ ਸ਼ਹਿਰ ਨੂੰ ਪੰਜਾਬ ਵਿਚ ਸਾਲਬਾਹਨ ਦੇ ਪੁੱਤਰ ਸਾਰ ਰਾਉ ਨੇ ਵਸਾਇਆ ਸੀ। ਉਸ ਸਮੇਂ ਇਸ ਦੇ ਵੱਡੇ ਭਰਾ ਰਿਸਾਲੂ ਦੇ ਅਧੀਨ, ਭਾਦਸੋਂ, ਹੋਡਲਾ ਤੇ ਸੁਨਾਮ ਆਦਿ ਪਰਗਣੇ ਸਨ। ਹਾਂਸੀ ਵਿਚ ਇਸ ਦੇ ਭਾਈ ਹੰਸ ਰਾਏ ਦਾ ਰਾਜ ਸੀ। ਝੰਡੂ ਰਾਇ ਦਾ ਹਿਸਾਰ ਵਿਚ ਰਾਜ ਸੀ। ਫਿਰੋਜ਼ਸ਼ਾਹ ਤੁਗਲਕ ਨੇ ਇਸ ਨਗਰ ਨੂੰ ਬਹੁਤ ਤਰੱਕੀ ਦਿੱਤੀ। ਅਕਬਰ ਦੇ ਸਮੇਂ ਇੱਥੇ ੫੨ ਲੱਖ ਦੀ ਆਮਦਨੀ ਵਾਲੇ ੩੨ ਪਰਗਣਿਆਂ ਦੀ ਸਰਕਾਰ ਬਣੀ।

---

** ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ।*

ਮੁਸਲਮਾਨ ਬਾਦਸ਼ਾਹਾਂ ਨੇ ਇਸ ਨੂੰ ਹਿੰਦ ਦਾ ਦਰਵਾਜ਼ਾ ਸਮਝ ਕੇ ਬਹੁਤ ਪ੍ਰਫੁਲਤ ਕੀਤਾ। ਕਹਿੰਦੇ ਹਨ ਕਿ ਇਹ ਨਗਰ ੧੨ ਮੁਰੱਬਾ ਮੀਲ ਵਿਚ ਵੱਸਦਾ ਸੀ। ਇਹ ਸਰਕਾਰ 'ਮਦਰ ਦੇਸ' ਅਥਵਾ 'ਗੁਰੂ ਕੇ ਮਾਲਵੇ' ਦੀ ਰੂਪ-ਰੇਖਾ ਬਣਾਉਣ ਦਾ ਅੱਜ ਤਕ ਪ੍ਰਤੀਕ ਮੰਨੀ ਜਾਂਦੀ ਹੈ।

ਅਲ-ਬਿਰੂਨੀ ਪੁਸਤਕ 'ਅਲ-ਹਿੰਦ' ਵਿਚ ਲਿਖਦਾ ਹੈ ਕਿ ਪਹਿਲਾਂ ਇੱਥੇ ਸੂਰਜ-ਬੰਸੀ ਰਾਜੇ ਰਾਜ ਕਰਦੇ ਸਨ। ਬਾਅਦ ਦੇ ਹਿੰਦੂ ਰਾਜ ਦੇ ਸਮੇਂ ਵਿਚ ਇਹ ਲਾਹੌਰ (ਰਾਜਧਾਨੀ ਬਠਿੰਡਾ) ਦੇ ਪਾਲ ਰਾਜਿਆਂ ਦਾ ਉੱਘਾ ਸਰਹੱਦੀ ਸ਼ਹਿਰ ਹੁੰਦਾ ਸੀ। ਉਨ੍ਹਾਂ ਦੀ ਦੱਖਣੀ ਹੱਦ ਥਾਨੇਸਰ ਤੋਂ ਦੱਖਣ ਤਕ ਜਾਂਦੀ ਸੀ। ਫਰਿਸ਼ਤਾ ਦੀ ਲਿਖਤ ਅਨੁਸਾਰ ਸਰਹਿੰਦ, ਕਾਬਲ ਦੇ ਬ੍ਰਾਹਮਣਸ਼ਾਹੀ ਰਾਜਿਆਂ ਦੀ ਚੜ੍ਹਦੀ ਸਰਹੱਦ ਹੁੰਦਾ ਸੀ। ਵਲੀ-ਉਲ-ਸਦੀਕੀ ਆਪਣੀ ਪੁਸਤਕ 'ਆਈਨਾ ਬਾਗੜ ਬੰਸ' ਵਿਚ ਲਿਖਦਾ ਹੈ ਕਿ ਇਸ ਸ਼ਹਿਰ ਦਾ ਨਾਮ 'ਸਰਹਿੰਦ ਰਾਓ' ਲਾਹੌਰ ਦੇ ਰਾਜੇ ਲੋਮਾਨ ਰਾਓ ਵੱਲੋਂ ੫੩੧ ਬਿਕ੍ਰਮੀ ਸੰਮਤ ਵਿਚ ਇਸ ਦੀ ਬੁਨਿਆਦ ਰੱਖਣ ਕਾਰਨ ਪਿਆ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਨੂਰ-ਉਦ-ਦੀਨ ਨੇ ਇਸ ਦਾ ਨਾਂ 'ਸੀਹ' ਅਤੇ 'ਹਿੰਦ' ਨੂੰ ਜੋੜ ਕੇ ਬਣਾਇਆ, ਜਿਸ ਦਾ ਮਤਲਬ ਹੈ ਸ਼ੇਰਾਂ ਦਾ ਜੰਗਲ। ਉਸ ਸਮੇਂ ਇਹ ਇਲਾਕਾ ਸ਼ੇਰਾਂ ਅਤੇ ਚੀਤਿਆਂ ਦੇ ਭਾਰੇ ਜੰਗਲਾਂ ਵਾਲਾ ਸੀ, ਜਿਸ ਕਾਰਨ ਇਸ ਦਾ ਨਾਂ 'ਸਰਹਿੰਦ' ਪੈ ਗਿਆ। ਸੰਨ ੧੦੧੧ ਈ: ਵਿਚ ਮਹਿਮੂਦ ਗਜ਼ਨਵੀ ਨੇ ਪਹਿਲੀ ਵਾਰ ਇਸ ਨੂੰ, ਥਾਨੇਸਰ ਦੇ ਮੰਦਰਾਂ ਅਤੇ ਹੋਰ ਸ਼ਹਿਰਾਂ ਨੂੰ ਲੁੱਟਿਆ ਤੇ ਤਬਾਹ ਕਰ ਦਿੱਤਾ। ਪਰ ਹਿੰਦੂ ਰਾਜ ਇੱਥੋਂ ਉਸ ਸਮੇਂ ਖਤਮ ਹੋਇਆ ਜਦੋਂ ੧੧੯੩ ਈ: ਵਿਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਫੜ ਕੇ ਕਤਲ ਕਰਵਾ ਦਿੱਤਾ। ਗ਼ੁਲਾਮ ਘਰਾਣੇ ਦੇ ਸੁਲਤਾਨ ਮਲਿਕ ਨਾਸਿਰੁਦੀਨ ਕਬਚਾ ਨੇ ਸੰਨ ੧੨੧੦ ਈ: ਵਿਚ ਇਸ ਇਲਾਕੇ ਉੱਤੇ ਕਬਜ਼ਾ ਕਰ ਲਿਆ ਪਰ ਇਲਤੁਤਮਸ਼ ਨੇ ਛੇਤੀ ਹੀ ਇਸ ਨੂੰ ਵਾਪਸ ਲੈ ਲਿਆ। ਨਾਸਿਰੁਦੀਨ (੧੨੪੬-੧੨੬੬ ਈ:) ਦੇ ਵੇਲੇ ਬਲਬਨ ਦੇ ਭਤੀਜੇ ਸ਼ੇਰ ਖਾਂ ਨੇ ਸਰਹਿੰਦ ਵਿਚ ਇਕ ਕਿਲ੍ਹਾ ਬਣਵਾਇਆ। ਸੰਨ ੧੩੬੦ ਈ: ਵਿਚ ਫਿਰੋਜ਼ਸ਼ਾਹ ਤੁਗਲਕ ਨੇ ਸਰਹਿੰਦ ਨੂੰ ਸਮਾਣੇ ਦੀ ਹਕੂਮਤ ਤੋਂ ਅਲੱਗ ਕਰ ਕੇ ਇਸ ਅਧੀਨ ੨੮ ਪਰਗਨੇ ਕਰ ਦਿੱਤੇ ਅਤੇ ਇਸ ਨੂੰ ਜ਼ਿਲ੍ਹੇ ਦਾ ਸਦਰ ਮੁਕਾਮ ਬਣਾ ਦਿੱਤਾ। ਸਿਰਮੌਰ ਦੀ ਪਹਾੜੀ ਨੂੰ ਕੱਟ ਕੇ ਸਤਲੁਜ ਦਰਿਆ ਦਾ ਪਾਣੀ ਸਲੀਮਾ ਨਦੀ ਵਿਚ ਸੁੱਟ ਦਿੱਤਾ ਅਤੇ ਸਰਹਿੰਦ ਦੀ ਨਹਿਰ (ਹੰਸਲੀ) ਬਣਾ ਦਿੱਤੀ, ਜਿਸ ਨਾਲ ਸੁਨਾਮ ਤਕ ਦਾ ਇਲਾਕਾ ਖੁਸ਼ਹਾਲ ਹੋ ਗਿਆ। ਫਿਰੋਜ਼ਸ਼ਾਹ ਤੁਗਲਕ ਨੇ ਸੰਨ ੧੩੬੦ ਈ: ਵਿਚ ਹੰਸਲੀ ਦੇ ਕਿਨਾਰੇ ਇਕ ਬਹੁਤ ਵੱਡਾ ਕਿਲ੍ਹਾ ਬਣਵਾਇਆ। ਹੰਸਲੀ ਨੂੰ ਅੱਜਕੱਲ੍ਹ ਸਰਹਿੰਦ ਚੋਅ ਕਰਕੇ ਜਾਣਿਆ ਜਾਂਦਾ ਹੈ।

ਪਹਿਲੇ ਸੱਯਦ ਬਾਦਸ਼ਾਹ ਸੱਯਦ ਖਿਜਰ ਖਾਂ ਦੇ ਆਖਰੀ ਦਿਨਾਂ ਵਿਚ ਸਰਹਿੰਦ

ਦੀ ਹਕੂਮਤ ਲੋਧੀ ਅਫਗਾਨਾਂ ਪਾਸ ਚਲੀ ਗਈ। ਇਸ ਨੇ ਸੰਨ ੧੪੧੫ ਈ: ਵਿਚ ਆਪਣੇ ਪੁੱਤਰ ਮਾਲਿਕ ਮੁਬਾਰਕ ਨੂੰ ਫਿਰੋਜ਼ਪੁਰ ਅਤੇ ਸਰਹਿੰਦ ਦਾ ਗਵਰਨਰ ਥਾਪਿਆ। ਸਾਧੂ ਨਾਦਰਾ ਨੂੰ ਉਪ-ਗਵਰਨਰ ਮੁਕੱਰਰ ਕੀਤਾ ਸੀ। ਪਰ ਸੰਨ ੧੪੧੬ ਈ: ਵਿਚ ਤਮਾਮ ਰਈਸ ਅਤੇ ਹੋਰਾਂ ਨੇ ਸਾਧੂ ਨਾਦਰਾ ਦਾ ਕਤਲ ਕਰ ਦਿੱਤਾ। ਅਗਲੇ ਸਾਲ ਇਸ ਬਗ਼ਾਵਤ ਨੂੰ ਸਮਾਣੇ ਦੇ ਗਵਰਨਰ ਜੀਰਕ ਖਾਂ ਨੇ ਦਬਾ ਦਿੱਤਾ। ਸੱਯਦ ਮੁਬਾਰਕ ਸ਼ਾਹ (੧੪੨੧-੧੪੩੫ ਈ:) ਦੇ ਵੇਲੇ ਗੱਖੜਾਂ ਨੇ ਲਾਹੌਰ ਤੇ ਜਲੰਧਰ ਉੱਪਰ ਕਬਜ਼ਾ ਕਰਨ ਤੋਂ ਬਾਅਦ ਸਰਹਿੰਦ ਉੱਤੇ ਹਮਲਾ ਕੀਤਾ। ਇੱਥੋਂ ਦਾ ਹਾਕਮ ਇਸਲਾਮ ਸ਼ਾਹ ਬੜੇ ਖ਼ਤਰੇ ਵਿਚ ਸੀ। ਪਰ ਸ਼ਾਹੀ ਫ਼ੌਜ ਦਿੱਲੀ ਤੋਂ ਆ ਪੁੱਜੀ ਅਤੇ ਗੱਖੜ ਅਕਤੂਬਰ ੧੪੨੧ ਈ: ਵਿਚ ਮੁੜ ਲਾਹੌਰ ਚਲੇ ਗਏ।

ਬਹਿਲੋਲ ਲੋਧੀ ਵੀ ਸਰਹਿੰਦ ਦਾ ਹੀ ਸੀ। ਉਹ ਇੱਥੇ ਹੀ ਪਲਿਆ ਅਤੇ ਵੱਡਾ ਹੋਇਆ। ਇੱਥੋਂ ਹੀ ਸੰਨ ੧੪੦੧ ਈ: ਵਿਚ ਸੁਲਤਾਨ ਦੀ ਉਪਾਧੀ ਗ੍ਰਹਿਣ ਕਰ ਕੇ ਹਾਕਮ ਬਣਿਆ। ਇੱਥੋਂ ਹੀ ਉਹ ਦਿੱਲੀ ਜਾ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਬਾਬਰ ਬਾਦਸ਼ਾਹ ਨੇ ੧੫੨੬ ਈ: ਵਿਚ ਇਬਰਾਹੀਮ ਲੋਧੀ ਨੂੰ ਪਾਣੀਪਤ ਦੀ ਲੜਾਈ ਵਿਚ ਹਰਾ ਕੇ ਹਿੰਦੁਸਤਾਨ ਦਾ ਰਾਜ ਸੰਭਾਲ ਲਿਆ। ਸਰਹਿੰਦ ਵੀ ਉਸ ਦੇ ਕਬਜ਼ੇ ਵਿਚ ਚਲੀ ਗਈ। 'ਤਾਰੀਖ-ਏ-ਸਾਲਾਤਿਨ-ਏ-ਅਫਗੀਨਾ' ਅਨੁਸਾਰ ਇਸ ਸਮੇਂ ਸਰਹਿੰਦ ਦੇ ਰਾਜਾ ਖਿਲਵਾਰ ਨੇ ਆਪਣੀ ਜ਼ਿਮੀਂਦਾਰੀ ਕਾਇਮ ਰੱਖਣ ਲਈ ਬਾਬਰ ਨੂੰ ੩ ਪੰਡਾਂ ਸੋਨਾ ਭੇਟ ਕੀਤਾ। ਇਸ ਤੋਂ ਬਾਅਦ ਸੁਲਤਾਨ ਦੁਲੰਦੀ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਗਿਆ। ਉਸ ਸਮੇਂ ਉਸ ਦੇ ਅਧੀਨ ੧੫ ਲੱਖ ਦੀ ਆਮਦਨ ਵਾਲਾ ਇਲਾਕਾ ਆਇਆ।

ਸੰਨ ੧੫੨੯ ਵਿਚ ਪੰਜਾਬ ਦੇ ਗਵਰਨਰ ਮਿਰਜ਼ਾ ਕਾਮਰਾਨ ਨੇ ਬਾਬਰ ਨੂੰ ਪੰਜਾਬ ਦੇ ਜਾਗੀਰਦਾਰਾਂ ਦੀ ਮੁਲਾਕਾਤ ਲਈ ਲਾਹੌਰ ਬੁਲਾਇਆ। ਬਾਬਰ ਦੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੇ ਮੁਗ਼ਲ ਰਾਜ ਦੀ ਈਨ ਮੰਨ ਲਈ। ਇਸ ਦੇ ਨਾਲ ਹੀ ਦਿੱਲੀ ਤੋਂ ਸਤਲੁਜ ਤਕ ਦਾ ਇਲਾਕਾ ਮੁਗ਼ਲ ਰਾਜ ਅਧੀਨ ਹੋ ਗਿਆ।

'ਤਾਬਾਕਿਤ-ਇ-ਅਕਬਰੀ' ਅਨੁਸਾਰ ਬਾਦਸ਼ਾਹ ਹਮਾਯੂੰ ਦੇ ਸਮੇਂ ਰਾਜਕੁਮਾਰ ਅਕਬਰ ਨੂੰ ਸਰਹਿੰਦ ਵਿਖੇ ਬੈਰਮ ਖਾਂ ਪਾਸ ਪੜ੍ਹਨ ਲਈ ਭੇਜਿਆ ਗਿਆ। 'ਤਾਰੀਖ-ਇ-ਹਮਾਯੂੰ' ਅਨੁਸਾਰ ਮਿਕਰੀ ਜੰਗ-ਜੰਗ ਨੂੰ ਹਮਾਯੂੰ ਦੁਆਰਾ ਸਰਹਿੰਦ ਸਰਕਾਰ ਦਾ ਹਾਕਮ ਥਾਪਿਆ ਗਿਆ। 'ਆਇਨ-ਇ-ਅਕਬਰੀ' ਅਨੁਸਾਰ ਸਿਕੰਦਰ ਅਫਗਾਨ ਨੇ ਸਰਹਿੰਦ ਵਿਖੇ ਹਮਾਯੂੰ ਨਾਲ ਭਿਅੰਕਰ ਯੁੱਧ ਕੀਤਾ। 'ਅਕਬਰਨਾਮਾ' ਅਨੁਸਾਰ ਅਕਬਰ ਦੇ ਸਮੇਂ ਬੈਰਮ ਖਾਂ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਗਿਆ।

ਅਕਬਰ ਬਾਦਸ਼ਾਹ ਨੂੰ ਸਰਹਿੰਦ ਬਹੁਤ ਚੰਗਾ ਲੱਗਾ ਉਸ ਨੇ ਇਸ ਦੀ ਪ੍ਰਸਿੱਧੀ ਨੂੰ ਵਧਾਉਣ ਲਈ ਸਮਾਣਾ ਅਤੇ ਸੁਨਾਮ ਵੀ ਸਰਹਿੰਦ ਦੀ ਸਰਕਾਰ ਅਧੀਨ ਕਰ

ਦਿੱਤੇ। ਸਰਹਿੰਦ ਦਾ ਸਬੰਧ ਸਿੱਧਾ ਦਿੱਲੀ ਨਾਲ ਜੋੜ ਦਿੱਤਾ ਗਿਆ। 'ਆਇਨ-ਇ-ਅਕਬਰੀ' ਅਨੁਸਾਰ ਇਸ ਦੇ ਅਧੀਨ ੫੨ ਲੱਖ ਦੀ ਆਮਦਨੀ ਵਾਲੇ ੩੨ ਪਰਗਨੇ ਹੇਠ ਲਿਖੇ ਅਨੁਸਾਰ ਸਨ- ੧. ਅੰਬਾਲਾ ੨. ਬਨੂੜ ੩. ਪਾਇਲ ੪. ਭਦੌੜ ੫. ਬਠਿੰਡਾ ੬. ਪਰੰਦਰ ੭. ਤਿਗੜਾ ੮. ਥਾਨੇਸਰ ੯. ਛਤ ੧੦. ਚੜਿਕ ੧੧. ਖਿਜਰਾਬਾਦ ੧੨. ਦੁਰਾਲਾ ੧੩. ਦਰੂਤ ੧੪. ਦੇਉਗਣਾ ੧੫. ਰੋਪੜ ੧੬. ਸਰਹਿੰਦ ਜਾਂ ਹਵੇਲੀ ੧੭. ਸਮਾਣਾ ੧੮. ਸੁਨਾਮ ੧੯. ਸੰਢੌਰਾ ੨੦. ਸੁਲਤਾਨਪੁਰ (ਬਾਰਾਹ) ੨੧. ਸ਼ਾਹਬਾਦ ੨੨. ਫਤੇਪੁਰ ੨੩. ਕਰਯਾਤ ਰਾਇ ਸਾਮੂ ੨੪. ਕੈਥਲ ੨੫. ਘੁੜਾਮ ੨੬. ਲੁਧਿਆਣਾ ੨੭. ਮੁਸਤਫ਼ਾਬਾਦ ੨੮. ਮਸੀਂਗਣ ੨੯. ਮਨਸੂਰਪੁਰ ੩੦. ਮਾਲੇਰ ੩੧. ਮਾਛੀਵਾੜਾ ੩੨. ਹਾਪਰੀ। ਇਸ ਵਿਚ ੨੨ ਅਤੇ ੨੩ ਨੰਬਰ ਦਾ ਪਤਾ ਨਹੀਂ ਲੱਗਦਾ ਕਿ ਕਿਹੜੇ ਥਾਂ ਹਨ ਅਤੇ ਪਰੰਦਰ ਵੀ ਸਰਸਵਤੀ ਨਦੀ ਉੱਪਰ ਵੱਸਿਆ ਕੋਈ ਪੁਰਾਣਾ ਕਸਬਾ ਹੋ ਸਕਦਾ ਹੈ ਕਿਉਂਕਿ ਇਸ ਦਾ ਅਰਥ ਹੈ, ਇੰਦਰ ਦੇਵਤੇ ਦਾ ਸ਼ਹਿਰ (ਦੈਤਾਂ ਦੀਆਂ ੯੯ ਪੁਰੀਆਂ ਨੂੰ ਦਲਣ ਵਾਲਾ ਪੁਰੰਦਰ-ਇੰਦਰ) ਆਦਿ ਸਰਸਵਤੀ ਉੱਤੇ ਹੀ ਹੋ ਸਕਦਾ ਹੈ।

ਮੁਸਲਮਾਨ ਬਾਦਸ਼ਾਹਾਂ ਦਾ ਲਾਹੌਰ ਤੋਂ ਦਿੱਲੀ ਜਾਣ ਵੇਲੇ ਰਸਤੇ ਦਾ ਸਭ ਤੋਂ ਵੱਡਾ ਪੜਾਅ ਸਰਹਿੰਦ ਹੁੰਦਾ ਸੀ। ਇਸ ਲਈ ਕਿਸੇ ਵੀ ਬਾਦਸ਼ਾਹ ਦੇ ਉਤਾਰੇ ਤੋਂ ਦੋ-ਤਿੰਨ ਮਹੀਨੇ ਪਹਿਲਾਂ ਸ਼ਹਿਰ ਵਿਚ ਗਹਿਮਾ-ਗਹਿਮੀ ਹੋ ਜਾਂਦੀ ਸੀ। ਮੁਗ਼ਲਾਂ ਦੀ ਹਕੂਮਤ ਸਮੇਂ ਸਰਹਿੰਦ ਇਕ ਵੱਡਾ ਘੁੱਗ ਵੱਸਦਾ ਸ਼ਹਿਰ ਬਣ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸ ਵੇਲੇ ਇੱਥੇ ੩੬੦ ਮਸਜਿਦਾਂ, ਮਕਬਰੇ, ਸਰਾਵਾਂ ਅਤੇ ਖੂਹ ਸਨ।

'ਆਇਨ-ਇ-ਅਕਬਰੀ' ਅਨੁਸਾਰ ਕੁਝ ਸਮੇਂ ਲਈ ਮਿਰਜ਼ਾ ਰੁਸਤਮ ਵੀ ਸਰਹਿੰਦ ਵਿਖੇ ਨਿਯੁਕਤ ਕੀਤਾ ਗਿਆ। 'ਮੀਨਾਰ-ਉਲ-ਉਮਰਾ' ਅਨੁਸਾਰ ਅਕਬਰ ਤੋਂ ਬਾਅਦ ਸ਼ਾਹ ਜਹਾਨ ਦੇ ਸਮੇਂ ੧੬੩੦ ਈ: ਵਿਚ ਸਰਹਿੰਦ ਦੇ ਸੂਬੇ ਦੇ ਸੰਬੰਧ ਮੁਗ਼ਲਾਂ ਨਾਲ ਸੁਖਾਵੇਂ ਨਾ ਰਹੇ। ੧੬੩੧ ਈ: ਵਿਚ ਸ਼ਾਹ ਜਹਾਨ ਨੇ ਪਹਿਲਾਂ ਰਾਏ ਕਾਸ਼ੀ ਦਾਸ ਤੇ ਬਾਅਦ ਵਿਚ ਦਿਆਨਤ ਖਾਂ ਨੂੰ ਦੀਵਾਨੀ, ਅਮੀਨੀ ਅਤੇ ਫੌਜਦਾਰੀ ਦੇ ਅਹੁਦੇ ਸੌਂਪੇ। ਇਨ੍ਹਾਂ ਤੋਂ ਬਾਅਦ ਸੇਠ ਟੋਡਰ ਮੱਲ ਨੂੰ ਰਾਇ ਦੀਵਾਨ ਦੀ ਪਦਵੀ ਦੇ ਕੇ ਉਪਰੋਕਤ ਸਾਰੇ ਅਧਿਕਾਰ ਦੇ ਦਿੱਤੇ ਗਏ। ਦੀਵਾਨ ਟੋਡਰ ਮੱਲ ਦੇ ਕੰਮ ਤੋਂ ਖੁਸ਼ ਹੋ ਕੇ ਬਾਦਸ਼ਾਹ ਨੇ ੧੬੪੮ ਈ: ਵਿਚ 'ਰਾਜਾ' ਦਾ ਖਿਤਾਬ ਦਿੱਤਾ। ਬਾਦਸ਼ਾਹ ਨੇ ਦਿਪਾਲਪੁਰ, ਜਲੰਧਰ ਅਤੇ ਸੁਲਤਾਨਪੁਰ ਲੋਧੀ ਦੇ ੫੦ ਲੱਖ ਰੁਪਏ ਦੀ ਆਮਦਨ ਦਾ ਇਲਾਕਾ ਵੀ ਦੇ ਦਿੱਤਾ। ਦੀਵਾਨ ਟੋਡਰ ਮੱਲ ਦੇ ਕੰਮਾਂ ਤੋਂ ਜਨਤਾ ਵੀ ਬਹੁਤ ਖੁਸ਼ ਸੀ। ਬਾਦਸ਼ਾਹ ਨੇ ਉਸ ਦੇ ਕੰਮ ਤੋਂ ਖੁਸ਼ ਹੋ ਕੇ ਖਿਲਤ ਦਿੱਤੀ। ਹਾਥੀ, ਘੋੜੇ ਸਨਮਾਨ ਵਜੋਂ ਦਿੱਤੇ ਗਏ। ਦੀਵਾਨ ਟੋਡਰ ਮੱਲ ਦੇ ਸਮੇਂ ਵਿਚ ਸਰਹਿੰਦ ਨੇ ਬਹੁਤ ਤਰੱਕੀ ਕੀਤੀ।

ਸ਼ਾਹਜਹਾਨ ਤੋਂ ਬਾਅਦ ਔਰੰਗਜ਼ੇਬ ਦੇ ਸਮੇਂ ਵਿਚ ਸਰਹਿੰਦ ਦਾ ਪ੍ਰਬੰਧ ਦੀਵਾਨ

ਟੋਡਰ ਮੱਲ ਤੋਂ ਲੈ ਕੇ ਮੀਰ ਬਾਕਿਰ ਖਾਂ, ਅਬਦੁਲ ਅਜ਼ੀਜ ਖਾਂ ਤੇ ਬਾਅਦ ਵਿਚ ਵਜ਼ੀਰ ਖਾਂ ਸੂਬਾ-ਸਰਹਿੰਦ ਪਾਸ ਆਇਆ। ਇੱਥੋਂ ਹੀ ਸਾਕਾ ਸਰਹਿੰਦ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ। ਇਸ ਨੂੰ ਬਿਆਨ ਕਰਨ ਵਾਲੇ ਇਤਿਹਾਸਕਾਰ, ਸੰਸਾਰ ਪ੍ਰਸਿੱਧ ਕਰਬਲਾ ਦੇ ਦੁਖਾਂਤ ਤੋਂ ਵੀ ਵੱਡਾ ਮੰਨਦੇ ਹਨ।

ਦਸੰਬਰ ੧੭੦੪ ਈ: ਦੇ ਦਿਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ, ਉਨ੍ਹਾਂ ਨਾਲ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਜੀ ਨੂੰ ਮੋਰਿੰਡੇ ਦਾ ਕੋਤਵਾਲ ਵਜ਼ੀਰ ਖਾਂ ਪਾਸ ਸਰਹਿੰਦ ਛੱਡ ਗਿਆ। 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਵਿਚ ਇਸ ਦਾ ਜ਼ਿਕਰ ਹੈ ਕਿ ਜਦ ਸਾਹਿਬਜ਼ਾਦਿਆਂ ਨੂੰ ਸਰਹਿੰਦ ਲਿਆਂਦਾ ਗਿਆ ਤਾਂ ਉਸ ਸਮੇਂ ਉਨ੍ਹਾਂ ਨੇ ਨੀਲਾ ਬਾਣਾ ਪਾਇਆ ਹੋਇਆ ਸੀ। ਉਨ੍ਹਾਂ ਦੇ ਖ਼ੂਬਸੂਰਤ ਬਦਨ ਇੰਝ ਲੱਗ ਰਹੇ ਸਨ, ਜਿਵੇਂ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੋਵੇ। ਹੱਥਾਂ ਵਿਚ ਹੱਥਕੜੀਆਂ ਅਤੇ ਪੈਰਾਂ ਵਿਚ ਬੇੜੀਆਂ ਪਾਈਆਂ ਹੋਈਆਂ ਸਨ:

*ਨੀਲੇ ਝਗੀਆਂ ਤਨ ਮੋ ਕੈਸੇ। ਬਿਜਲੀ ਸਯਾਮ ਅਭ੍ਰ ਮੈ ਜੈਸੇ।*
*ਕੋਮਲ ਅਮਗ ਹਥੋੜੀ ਹਾਥਾ। ਪਾਦ ਜੰਜੀਰੀ ਤਿਨੁ ਕੋ ਸਾਥਾ।*
*ਕਚਹਿਰੀ ਵਿਚ ਪੇਸ਼ ਹੋਣ ਵੇਲੇ ਉਨ੍ਹਾਂ ਕੇਸਰੀ ਬਾਣਾ ਸਜਾ ਲਿਆ....*
*ਕੇਸਰੀ ਅੰਗ ਪੋਸ਼ਾਕ ਮਹਾਬਰ।*

ਉਨ੍ਹਾਂ ਨੂੰ ਦੇਖ ਸੂਬੇਦਾਰ ਦੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੀਦਾ ਹੈ।

ਇਨ੍ਹਾਂ ਤਿੰਨਾਂ ਨੂੰ ਸਰਹਿੰਦ ਦੇ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਠੰਡੇ ਬੁਰਜ ਨੂੰ ਸਰਦ-ਬੁਰਜ ਵੀ ਕਿਹਾ ਜਾਂਦਾ ਸੀ। ਸ਼ਹਿਰ ਸਰਹਿੰਦ ਦੇ ਚਾਰੇ ਪਾਸੇ ਇਕ ਕੰਧ ਸੀ। ਉਸ ਵਿਚ ਅੱਠ ਬੁਰਜ ਸਨ। ਠੰਡਾ ਬੁਰਜ ਉਸ ਨੂੰ ਇਸ ਲਈ ਕਿਹਾ ਜਾਂਦਾ ਸੀ ਕਿ ਇਹ ੧੪੦ ਫੁੱਟ ਉੱਚਾ ਸੀ ਅਤੇ ਇਸ ਦੇ ਨਾਲ ਠੰਡੇ ਪਾਣੀ ਦਾ ਨਾਲਾ ਵਗਦਾ ਸੀ, ਜਿਸ ਕਾਰਨ ਇਹ ਬਹੁਤ ਠੰਡਾ ਰਹਿੰਦਾ ਸੀ ਅਤੇ ਸੂਬਾ ਗਰਮੀ ਦੇ ਦਿਨਾਂ ਵਿਚ ਇੱਥੇ ਠਹਿਰਿਆ ਕਰਦਾ ਸੀ। ਅੱਤ ਦੀ ਠੰਡ ਦੇ ਦਿਨਾਂ ਵਿਚ ਬਿਰਧ ਮਾਤਾ ਗੁਜਰੀ ਜੀ ਛੋਟੇ-ਛੋਟੇ ਬੱਚਿਆਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਨਿੱਘ ਦੇਣ ਦੀ ਕੋਸ਼ਿਸ਼ ਕਰ ਰਹੇ ਸਨ। ਮਾਤਾ ਜੀ ਸਾਹਿਬਜ਼ਾਦਿਆਂ ਨੂੰ ਧਰਮ ਉੱਤੇ ਡਟੇ ਰਹਿਣ ਦੀ ਸਿੱਖਿਆ ਦੇ ਰਹੇ ਸਨ। ਇੱਥੇ ਭਾਈ ਮੋਤੀ ਰਾਮ ਨਾਂ ਦਾ ਭਲਾ-ਪੁਰਖ ਨਵਾਬ ਵਜ਼ੀਰ ਖਾਂ ਦਾ ਰਸੋਈਆ ਸੀ। ਇਹ ਗੁਰੂ-ਘਰ ਦਾ ਸ਼ਰਧਾਲੂ ਵੀ ਸੀ। ਉਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਠੰਡੇ ਬੁਰਜ ਵਿਚ ਦੁੱਧ ਪਹੁੰਚਾਉਂਦਾ ਰਿਹਾ। ਇਸ ਗੱਲ ਦਾ ਪਤਾ ਲੱਗਣ ਉੱਤੇ ਨਵਾਬ ਵਜ਼ੀਰ ਖਾਂ ਨੇ ਉਸ ਨੂੰ ਸਾਰੇ ਪਰਵਾਰ ਸਮੇਤ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ।

ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਹੁਕਮ ਦੀ ਤਾਮੀਲ ਕਰਦਿਆਂ ਦੀਵਾਨ ਸੁੱਚਾ ਨੰਦ ਦੀ ਅਗਵਾਈ ਹੇਠ ਸਿਪਾਹੀ ਠੰਡੇ ਬੁਰਜ ਤੋਂ ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਨੂੰ ਲੈ ਕੇ ਆਏ। ਅੱਲਾ ਯਾਰ ਖਾਂ ਜੋਗੀ ਨੇ ਇਸ ਘਟਨਾ ਨੂੰ ਕਲਮ-ਬੰਦ ਕਰਦੇ ਹੋਏ ਲਿਖਿਆ ਹੈ:

*ਬੱਚੋਂ ਕੋ ਲੇਨੇ ਆਏ ਗਰਜ ਚੰਦ ਬੇ-ਹਯਾ,*
*ਸਰਦਾਰ ਇਨਕਾ ਕਹਤੇ ਕਿ ਸੁੱਚਾ ਨੰਦ ਥਾ।*

ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਦੀ ਜੁਦਾਈ ਦਾ ਸਮਾਂ ਸਿਰ ਉੱਤੇ ਆਣ ਪਹੁੰਚਾ। ਅੱਲਾ ਯਾਰ ਖਾਂ ਜੋਗੀ ਇਸ ਬਾਰੇ ਮਾਤਾ ਗੁਜਰੀ ਜੀ ਦੇ ਵਿਚਾਰ ਕਲਮ-ਬੰਦ ਕਰਦਾ ਲਿਖਦਾ ਹੈ ਕਿ:

*ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।*
*ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।*
*ਪਿਆਰੇ ਸੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।*
*ਮਰਨੇ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।*

ਸਾਹਿਬਜ਼ਾਦਿਆਂ ਨੂੰ ਲਿਆ ਕੇ ਕਚਹਿਰੀ ਵਿਚ ਪੇਸ਼ ਕਰਨ ਲਈ ਸਿਪਾਹੀ ਪੈਦਲ ਹੀ ਵਜ਼ੀਰ ਖਾਂ ਦੀ ਕਚਹਿਰੀ ਵੱਲ ਤੁਰ ਪਏ। ਜਦ ਉਹ ਕਚਹਿਰੀ ਦੇ ਨੇੜੇ ਪਹੁੰਚੇ ਤਾਂ ਸਾਹਿਬਜ਼ਾਦਿਆਂ ਨੇ ਦੇਖਿਆ ਕਿ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਹੈ। ਨਿੱਕੀ ਬਾਰੀ ਖੁੱਲ੍ਹੀ ਹੈ, ਜਿਸ ਦੇ ਅੰਦਰ ਜਾਣ ਲਈ ਸਿਰ ਝੁਕਾਉਣਾ ਪੈਂਦਾ ਹੈ। ਸੂਝਵਾਨ ਸਾਹਿਬਜ਼ਾਦੇ ਹਾਕਮਾਂ ਦੀ ਚਾਲ ਸਮਝ ਗਏ। ਬੜੀ ਚੁਸਤੀ ਨਾਲ ਉਨ੍ਹਾਂ ਪਹਿਲਾਂ ਪੈਰ ਅੰਦਰ ਕੀਤੇ ਅਤੇ ਬਿਨਾਂ ਸੀਸ ਝੁਕਾਏ ਅੰਦਰ ਦਾਖਲ ਹੋ ਗਏ। ਵਜ਼ੀਰ ਖਾਂ ਦੀ ਕਚਹਿਰੀ ਲੱਗੀ ਹੋਈ ਸੀ। ਸਾਹਿਬਜ਼ਾਦਿਆਂ ਨੇ ਅੰਦਰ ਪਹੁੰਚਦਿਆਂ ਹੀ ਗੱਜ ਕੇ ਫਤਹ ਬੁਲਾਈ:

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ।*

ਉਨ੍ਹਾਂ ਦੇ ਉੱਚੇ ਜੈਕਾਰੇ ਨਾਲ ਕਚਹਿਰੀ ਗੂੰਜ ਉੱਠੀ ਤੇ ਸਭ ਦੀਆਂ ਨਜ਼ਰਾਂ ਬਹਾਦਰ ਤੇ ਨਿਡਰ ਸਾਹਿਬਜ਼ਾਦਿਆਂ ਉੱਤੇ ਟਿਕ ਗਈਆਂ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ। ਕਈ ਤਰ੍ਹਾਂ ਦੇ ਤਸੀਹਿਆਂ ਦੇ ਨਾਲ-ਨਾਲ ਲਾਲਚ ਵੀ ਦਿੱਤੇ ਗਏ। ਇਹ ਕਿਹਾ ਕਿ ਔਰੰਗਜ਼ੇਬ ਨਾਲ ਤੁਹਾਡੀ ਮੁਲਾਕਾਤ ਵੀ ਕਰਵਾਉਂਦੇ ਹਾਂ, ਰਾਜ ਲੈ ਦਿੰਦੇ ਹਾਂ, ਰੇਸ਼ਮੀ ਕੱਪੜੇ ਪਾਓ, ਸ਼ਹਿਜ਼ਾਦੀਆਂ ਦੇ ਡੋਲੇ ਲੈ ਲਵੋ, ਸਿਰਫ਼ ਇਸਲਾਮ ਕਬੂਲ ਕਰ ਲਵੋ:

*ਤੁਮੇ ਸਾਹ ਕੇ ਮੇਲ ਕਰਾਵੈ। ਬਹੁ ਦੇਸਨ ਕੋ ਰਾਜ ਦਿਵਾਵੈ।*
*ਪਟ ਭੂਖਨ ਤੁਮ ਅਨਮਨ ਦੈ ਹੈ। ਦੁਖਤਰ ਸਹਿਤ ਸੂਬਤਰ ਹ੍ਵੈ ਹੈ।*

*ਜੋਤੀ ਨਾਰ ਚਾਹ ਜੋ ਦੇ ਹੀ। ਨੀਲ ਪਟੰਬਰ ਧਾਰੋ ਏ ਹੀ।*

ਪਰ ਸੂਰਮੇ ਸਾਹਿਬਜ਼ਾਦਿਆਂ ਨੇ ਸਭ ਲਾਲਚ ਠੁਕਰਾ ਦਿੱਤੇ। ਉਨ੍ਹਾਂ ਕਿਹਾ ਕਿ ਉਹ ਧਰਮ ਉੱਤੇ ਪੱਕੇ ਰਹਿਣਗੇ ਚਾਹੇ ਇਸ ਲਈ ਸ਼ਹਾਦਤ ਹੀ ਕਿਉਂ ਨਾ ਦੇਣੀ ਪਵੇ:

*ਹਮਰੇ ਬੰਸ ਰੀਤ ਇਮ ਆਈ। ਸੀਸ ਦੇਤ ਪਰ ਧਰਮ ਨ ਜਾਈ।*

ਤਾਂ ਸੁੱਚਾ ਨੰਦ ਨੇ ਕਿਹਾ:

*ਇਹ ਮੂਏ ਬਿਨ ਨਹਿ ਕਲਯਾਨੀ।*

*'ਕਥਾ ਗੁਰੂ ਜੀ ਕੇ ਸੁਤਨ ਕੀ'* ਵਿਚ ਭਾਈ ਦੁੱਨਾ ਸਿੰਘ ਨੇ ਲਿਖਿਆ ਹੈ ਕਿ ਕਿਤਨਾ ਦੁੱਖ ਦਿੱਤਾ ਗਿਆ ਪਰ ਸਾਹਿਬਜ਼ਾਦੇ ਦ੍ਰਿੜ੍ਹ ਰਹੇ:

*ਬਾਲ ਬੁਲਾਇ ਲਏ ਜਬ ਹੀ, ਤਬ ਆਨ ਅਦਾਲਤ ਬੀਚ ਪਠਾਏ।*
*ਦੇਖਤ ਹੈ ਸਭ ਹੀ ਜਗ ਆਇ, ਮਨਹੁ ਫੂਲ ਗੁਲਾਬ ਸੁਹਾਏ।*
*ਤਹਿ ਮਲੇਛ ਲਗੇ ਦੁਖ ਦੇਵਨ, ਚਾਹਤ ਹੈ, ਖਲ ਦੀਨ ਮਿਲਾਏ।*
*ਨਾਹਿ ਮੰਨੈ ਦੁਖ ਸੀਸ ਸਹੈ, ਦ੍ਰਿੜਤਾ ਹਰਿ ਆਪ ਦਈ ਤਿਨ ਆਏ।*

ਹਾਰ ਮੰਨ ਕੇ ਸੂਬੇ ਨੇ ਉਨ੍ਹਾਂ ਨੂੰ ਦੂਸਰੇ ਦਿਨ ਪੇਸ਼ ਕਰਨ ਦਾ ਹੁਕਮ ਦੇ ਦਿੱਤਾ।

ਅਗਲੇ ਦਿਨ ਫੇਰ ਕਚਹਿਰੀ ਲੱਗ ਗਈ। ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ। ਉਹੀ ਪਿਆਰੇ ਬੱਚੇ ਅੱਗੇ ਨਾਲੋਂ ਵੀ ਚੜ੍ਹਦੀ ਕਲਾ ਵਿਚ ਪੇਸ਼ ਹੋਏ। ਸੂਬੇਦਾਰ ਦਾ ਗੁੱਸਾ ਆਪੇ ਤੋਂ ਬਾਹਰ ਹੁੰਦਾ ਜਾਂਦਾ ਸੀ। ਉਸ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਕਾਜ਼ੀ ਨੂੰ ਸਾਹਿਬਜ਼ਾਦਿਆਂ ਦਾ ਕਸੂਰ ਸਮਝਾ ਕੇ ਉਨ੍ਹਾਂ ਨੂੰ ਸਜ਼ਾ ਦੇਣ ਲਈ ਕਿਹਾ ਗਿਆ। ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਸੂਬੇ ਨੇ ਸ਼ੇਰ ਮੁਹੰਮਦ ਖਾਂ ਦੇ ਜਜ਼ਬਾਤਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਉਸ ਨੂੰ ਕਿਹਾ ਗਿਆ ਕਿ ਉਸ ਦੇ ਭਰਾ ਨਾਹਰ ਖਾਂ ਨੂੰ ਅਤੇ ਉਸ ਦੇ ਭਾਣਜੇ ਖਿਜਰ ਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੇ ਯੁੱਧ ਵਿਚ ਮਾਰ ਦਿੱਤਾ ਸੀ, ਉਹ ਉਨ੍ਹਾਂ ਦਾ ਬਦਲਾ ਇਨ੍ਹਾਂ ਬੱਚਿਆਂ ਕੋਲੋਂ ਲੈ ਲਵੇ। ਨਵਾਬ ਸ਼ੇਰ ਮੁਹੰਮਦ ਖਾਂ ਨੇ ਇਸ ਦਲੀਲ ਨੂੰ ਰੱਦ ਹੀ ਨਹੀਂ ਕੀਤਾ, ਸਗੋਂ ਹਾਅ ਦਾ ਨਾਅਰਾ ਵੀ ਮਾਰਿਆ ਕਿ ਸ਼ੀਰਖੋਰਾਂ ਉੱਤੇ ਜ਼ੁਲਮ ਢਾਹੁਣਾ ਠੀਕ ਨਹੀਂ:

*ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।*
*ਮਹਿਫੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ।*

ਇਸ ਦਾ ਵਰਣਨ 'ਮਹਿਮਾ ਪ੍ਰਕਾਸ਼ ਵਾਰਤਕ' ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਕਿ:

*"ਇਹ ਸ਼ੀਰਖੋਰ ਲੜਕੇ ਹੈਨਿ, ਇਨ ਕੀ ਬਦੀ ਚਾਹਨਾ ਬੜਾ ਅਜਾਬ ਹੈ।*

ਨਵਾਬ ਮਲੇਰਕੋਟਲੇ ਦਾ ਇਹ ਦਲੇਰੀ ਭਰਿਆ ਜਵਾਬ ਸੁਣ ਕੇ ਸੁੱਚਾ ਨੰਦ ਨੇ

ਆਪਣੀ ਮਲੀਨ ਬੁੱਧੀ ਨਾਲ ਭਰਪੂਰ ਇੱਕ ਵਾਰ ਹੋਰ ਕੀਤਾ:

*ਉਨ ਕਹਯੋ ਨਵਾਬ, ਇਹ ਸਰਪ ਬਿਸੂਰੇ। ਛੋਟੇ ਬੜੇ ਏ ਡੱਸਗ ਜ਼ਰੂਰੇ।*
*ਇਹ ਬਾਤ ਸੁਣ ਕੇ- ਸੂਬੇਦਾਰ ਕੋ ਖ਼ੌਫ਼ ਖੁਦਾ ਕਾ ਹੁਆ।*
*ਸੁੱਚਾ ਨੰਦ ਨੇ ਕਿਹਾ- ਇਹ ਸ਼ੀਰ ਨਹੀਂ, ਸ਼ੇਰ ਕੇ ਬੱਚੇ ਹੈਂ।*
*ਜਦ ਸਿਆਣੇ ਹੋਇੰਗੇ ਤਦ ਇਹ ਤੂਫਾਨ ਉਠਾਵੇਂਗੇ।*
*ਅਰ ਇਨ ਕੋ ਸਲਾਮ ਕਰਨ ਨੂੰ ਕਹਿ, ਇਹ ਨਹੀਂ ਕਰਨਗੇ।*
*ਵਜ਼ੀਰ ਖਾਂ ਨੇ ਕਿਹਾ- ਇਨ ਕੋ ਕਹੋ ਸਲਾਮ ਕਰੋ।*
*ਸੁੱਚਾ ਨੰਦ ਨੇ ਕਿਹਾ- ਸੂਬੇ ਕੋ ਸਲਾਮ ਕਰੋ।*

ਤਦ ਸਾਹਿਬਜ਼ਾਦਿਆਂ ਬਚਨ ਕੀਆ:

*ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,*
*ਅਉਰ ਕੋ ਸਲਾਮ ਨਹੀਂ ਕਰਤੇ।*

ਸੁੱਚਾ ਨੰਦ ਨੇ ਮੌਕਾ ਸੰਭਾਲ ਕਿਹਾ:

*ਜੋ ਮੈਂ ਅਰਜ਼ ਕੀਆ ਸੋ ਆਪ ਨੇ ਦੇਖਾ।*

ਇਸ ਬਾਤ ਕੋ ਚਿਤ ਮੋਂ ਦੇਖ ਕੇ, ਝੂਠਾ ਨੰਦ ਦਾ ਕਹਿਣਾ ਦ੍ਰਿੜ ਭਇਆ, ਤਦ ਉਸ ਨੇ ਜਲਾਦ ਕਉ ਕਿਹਾ।

*ਇਸ ਤਰ੍ਹਾਂ ਇਹ ਕਾਰਾ ਹੂਆ।"*

ਅੱਜ ਵੀ ਗੱਲ ਕਿਸੇ ਕੰਢੇ ਨਾ ਲੱਗਦੀ ਦੇਖ ਕੇ ਅਗਲੀ ਪੇਸ਼ੀ ਰੱਖੀ ਗਈ ਫਿਰ ਉਹੀ ਪੁਰਾਣੀ ਰੱਟ ਕਿ ਇਸਲਾਮ ਕਬੂਲ ਕਰੋ। ਪਰ ਸਾਹਿਬਜ਼ਾਦੇ ਅਡੋਲ, ਸ਼ਾਂਤ ਤੇ ਬੇਪਰਵਾਹ ਰਹੇ। ਭਲਾ ਜਿਨ੍ਹਾਂ ਬੱਚਿਆਂ ਨੇ ਬਚਪਨ ਵਿਚ ਹੀ ਦਾਦੇ, ਪੜਦਾਦੇ ਦੀਆਂ ਬਹਾਦਰੀਆਂ ਦੇ ਕਿੱਸੇ ਆਪਣੀ ਦਾਦੀ ਤੋਂ ਸੁਣੇ ਹੋਣ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸੂਰਬੀਰ ਸਿੱਖਾਂ ਨੂੰ ਆਪਣੇ ਧਰਮ ਲਈ ਆਪਣੇ ਅੱਖੀਂ ਸ਼ਹੀਦ ਹੁੰਦਾ ਵੇਖਿਆ ਹੋਵੇ। ਭਾਈ ਬਚਿੱਤਰ ਸਿੰਘ ਵਰਗੇ ਸੂਰਮੇ ਨੂੰ ਹਾਥੀ ਨਾਲ ਲੜਦਾ ਵੇਖਿਆ ਹੋਵੇ। ਉਨ੍ਹਾਂ ਨੂੰ ਧਰਮ ਬਦਲਣ ਲਈ ਕੋਈ ਲਾਲਚ ਜਾਂ ਡਰ ਕੀ ਕਰ ਸਕਦਾ ਸੀ। ਇਤਿਹਾਸਕਾਰ ਮੁਹੰਮਦ ਲਤੀਫ 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ ਕਿ ਜਦੋਂ ਸੂਬੇ ਨੇ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਅਜ਼ਾਦ ਕਰ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਉੱਤਰ ਸੀ, ਖਿੰਡੇ-ਪੁੰਡੇ ਸਿੱਖਾਂ ਨੂੰ ਜਥੇਬੰਦ ਕਰਾਂਗੇ। ਉਨ੍ਹਾਂ ਨੂੰ ਜੰਗੀ ਹਥਿਆਰ ਜੁਟਾਵਾਂਗੇ। ਤੁਹਾਡੇ ਨਾਲ ਲੜਾਂਗੇ ਤੇ ਤੁਹਾਨੂੰ ਮੌਤ ਦੇ ਘਾਟ ਉਤਾਰਾਂਗੇ। ਨਵਾਬ ਨੇ ਫਿਰ ਪੁੱਛਿਆ, ਜੇ ਤੁਸੀਂ ਜੰਗ ਵਿਚ ਹਾਰ ਗਏ ਤਾਂ ਫਿਰ ਕੀ ਕਰੋਗੇ? ਇਸ 'ਤੇ ਸਾਹਿਬਜ਼ਾਦਿਆਂ ਦਾ ਫਿਰ ਉਹੀ ਉੱਤਰ ਸੀ ਕਿ ਕਰਨਾ ਕੀ ਹੈ? ਫਿਰ ਆਪਣੀਆਂ ਫੌਜਾਂ ਇਕੱਠੀਆਂ ਕਰਾਂਗੇ। ਤਦ ਤਕ ਲੜਦੇ ਰਹਾਂਗੇ ਜਦ ਤਕ ਤੁਸੀਂ ਮੁੱਕ ਨਹੀਂ ਜਾਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।

ਇਸ ਗੱਲ ਦਾ ਵੀ ਜ਼ਿਕਰ ਮਿਲਦਾ ਹੈ ਕਿ ਬੱਚਿਆਂ ਦੀ ਪਰਖ ਕਰਨ ਲਈ ਸੁਹਣੇ-ਸੁਹਣੇ ਕੱਪੜਿਆਂ, ਖਿਡੌਣਿਆਂ, ਮਠਿਆਈਆਂ ਅਤੇ ਜੰਗੀ ਸਾਜ਼ੋ-ਸਾਮਾਨ ਦੀਆਂ ਦੁਕਾਨਾਂ ਸਜਾਈਆਂ ਗਈਆਂ। ਜਦੋਂ ਬੱਚਿਆਂ ਨੂੰ ਉਨ੍ਹਾਂ ਦੁਕਾਨਾਂ ਪਾਸ ਲਿਜਾਇਆ ਗਿਆ ਤਾਂ ਉਹ ਬਾਕੀ ਦੁਕਾਨਾਂ ਛੱਡ ਕੇ ਹਥਿਆਰਾਂ ਵਾਲੀ ਦੁਕਾਨ 'ਤੇ ਜਾ ਖੜ੍ਹੇ ਅਤੇ ਉਨ੍ਹਾਂ ਦੀ ਜਾਂਚ-ਪਰਖ ਕਰਨ ਲੱਗ ਪਏ।

ਦੂਜੇ ਪਾਸੇ ਜਦੋਂ ਸਰਹਿੰਦ ਦੀ ਸੰਗਤ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਦੇ ਫ਼ਤਵੇ ਬਾਰੇ ਸੁਣਿਆ ਤਾਂ ਸ਼ਹਿਰ ਦੇ ਕੁਝ ਮੁਖੀਆਂ ਨੇ ਦੀਵਾਨ ਟੋਡਰ ਮੱਲ ਦੇ ਘਰ ਇਕੱਠ ਕੀਤਾ। ਸਲਾਹ-ਮਸ਼ਵਰੇ ਦੌਰਾਨ ਮਤਾ ਪਕਾਇਆ ਕਿ ਇਨ੍ਹਾਂ ਦੇ ਤੋਲ ਦੇ ਬਰਾਬਰ ਸੋਨਾ ਦੇ ਕੇ ਬੱਚਿਆਂ ਨੂੰ ਬਚਾ ਲਈਏ। ਪਰ ਇਕ ਸਿਆਣੇ ਸਿੱਖ ਨੇ ਕਿਹਾ ਕਿ ਮੁਗ਼ਲਾਂ ਨੂੰ ਤੁਸੀਂ ਨਹੀਂ ਜਾਣਦੇ, ਭਾਣਾ ਵਰਤ ਕੇ ਰਹਿਣਾ ਹੈ। ਇਹ ਸੋਨਾ ਵੀ ਰੱਖ ਲੈਣਗੇ ਤੇ ਉਨ੍ਹਾਂ ਨੂੰ ਸ਼ਹੀਦ ਵੀ ਕਰ ਦੇਣਗੇ:

*ਸੀਰੰਦ ਕੀ ਸੰਗਤ ਸਬੈ, ਮਨ ਮੈਂ ਕਰਤ ਬੀਚਾਰ।*
*ਤੋਲ ਸੁਇਨ ਕਰ ਦੀਜੀਐ, ਕਨਕ ਯਾਹਿ ਨਿਰਧਾਰ।*
*ਏਕ ਸਿੱਖ ਤਬ ਯੌਂ ਕਹੀ ਸਵਰਨ ਲੇਹਿੰਗੇ ਲੂਟ।*
*ਹੋਵਗ ਸੋ ਗੁਰ ਨੇ ਠਟੀ, ਹਮਰੀ ਕਹਾ ਪਹੂਚ।*

ਦੀਵਾਨ ਟੋਡਰ ਮੱਲ ਦੀ ਅਗਵਾਈ ਵਿਚ ਇਕ ਵਫਦ ਵਜ਼ੀਰ ਖਾਂ ਨੂੰ ਮਿਲਿਆ। ਵਜ਼ੀਰ ਖਾਂ ਨੇ ਇਸ ਵਫਦ ਨੂੰ ਝੂਠਾ ਭਰੋਸਾ ਦੇ ਦਿੱਤਾ ਕਿ ਗੁਰੂ-ਪਰਵਾਰ ਦਾ ਪੂਰਾ ਖਿਆਲ ਰੱਖਿਆ ਜਾਵੇਗਾ।

ਉਧਰ ਕੋਈ ਵੀ ਜਲਾਦ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਨਹੀਂ ਸੀ ਮੰਨ ਰਿਹਾ। ਦਿੱਲੀ ਦੇ ਸ਼ਾਹੀ ਜਲਾਦ ਸਾਸ਼ਲ ਬੇਗ ਤੇ ਬਾਸ਼ਲ ਬੇਗ ਸਮਾਣੇ ਦੇ ਰਹਿਣ ਵਾਲੇ ਸਨ। ਇਨ੍ਹਾਂ 'ਤੇ ਕਤਲ ਦੇ ਸਬੰਧ ਵਿਚ ਸਰਹਿੰਦ ਦੀ ਕਚਹਿਰੀ ਵਿਚ ਮੁਕੱਦਮਾ ਚੱਲ ਰਿਹਾ ਸੀ। ਨਵਾਬ ਵਜ਼ੀਰ ਖਾਂ ਨੇ ਮੁਕੱਦਮਾ ਬਰਖ਼ਾਸਤ ਕਰਨ ਦੀ ਸ਼ਰਤ ਉੱਤੇ ਉਨ੍ਹਾਂ ਨੂੰ ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਲਈ ਮਨਾ ਲਿਆ। ਇਸ ਤਰ੍ਹਾਂ ਪਹਿਲਾਂ ਮਾਸੂਮ ਸਾਹਿਬਜ਼ਾਦਿਆਂ ਨੂੰ ਜਿੰਦਾ ਹੀ ਕੰਧਾਂ ਵਿਚ ਚਿਣ ਦਿੱਤਾ ਅਤੇ ਬਾਅਦ ਵਿਚ ਜ਼ਿਬਹ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਰਤਨ ਸਿੰਘ (ਭੰਗੂ) 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

*ਹੁਤੋ ਉਹਾਂ ਥੋ ਛੁਰਾ ਇਕ ਵਾਰੋ, ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ।*
*ਤੜਫ ਤੜਫ ਗਈ ਜਿੰਦ ਉਡਾਇ, ਇਮ ਸ਼ੀਰ ਖੋਰ ਦੁਇ ਦਏ ਕਤਲਾਇ।*

ਭਾਈ ਸੁੱਖਾ ਸਿੰਘ, 'ਗੁਰ ਬਿਲਾਸ' ਵਿਚ ਲਿਖਦੇ ਹਨ:

*ਦੋਉ ਸੀਸਨ ਕੇ ਸੀਸ ਉਤਾਰੀ। ਦਏ ਕਾਟ ਉਨ ਅਧਮ ਗਵਾਰੀ।੨੭੪।*

ਦੁਨੀਆਂ ਦੇ ਲਾਲਚਾਂ ਅਤੇ ਖਿੱਚਾਂ ਦਾ ਸਾਹਿਬਜ਼ਾਦਿਆਂ ਦੇ ਦ੍ਰਿੜ੍ਹ ਇਰਾਦਿਆਂ

ਉੱਤੇ ਕੋਈ ਫ਼ਰਕ ਨਹੀਂ ਪਿਆ। ਇਸ ਦਾ ਵੱਡਾ ਕਾਰਨ ਉਹ ਪਿਤਾ-ਪੁਰਖੀ ਪੂੰਜੀ ਸੀ, ਜੋ ਉਨ੍ਹਾਂ ਨੇ ਆਪਣੇ ਵਡੇਰਿਆਂ ਤੋਂ ਪ੍ਰਾਪਤ ਕੀਤੀ ਸੀ। ਨਿਰਸੰਦੇਹ ਹੀ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਆਦਿ ਦੁਆਰਾ ਦਿੱਤੀਆਂ ਸ਼ਹੀਦੀਆਂ ਬੱਚਿਆਂ ਦੇ ਮਨ ਨੂੰ ਅਡੋਲ ਰੱਖਣ ਵਿਚ ਸਹਾਈ ਹੋਈਆਂ। ਹਿੰਦੀ ਦੇ ਰਾਸ਼ਟਰ ਕਵੀ 'ਮੈਥਲੀ ਸ਼ਰਨ ਗੁਪਤ' ਨੇ ਆਪਣੇ ਮਹਾਂ ਕਾਵਯ 'ਭਾਰਤ ਭਾਰਤੀ' ਵਿਚ ਇਸ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ:

*ਜਿਸ ਕੁਲ ਜਾਤਿ ਕੌਮ ਕੇ ਬੱਚੇ, ਦੇ ਸਕਤੇ ਹੋਂ ਯੂੰ ਬਲੀਦਾਨ,*
*ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ ਹੈ ਮਹਾਂ ਮਹਾਨ।*

ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਮਾਤਾ ਗੁਜਰੀ ਜੀ ਪਾਸ ਪਹੁੰਚਾਉਣ ਲਈ ਦੀਵਾਨ ਟੋਡਰ ਮੱਲ ਨੂੰ ਕਿਹਾ ਗਿਆ ਜੋ ਕਿ ਇਕ ਸਫ਼ਲ ਵਪਾਰੀ ਸੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਅਨੁਯਾਈ ਸੀ। ਉਸ ਨੇ ਭਰੇ ਮਨ ਨਾਲ ਮਾਤਾ ਜੀ ਨੂੰ ਇਹ ਕਹਿਰ ਦੀ ਖ਼ਬਰ ਸੁਣਾਈ ਤਾਂ ਉਹ ਠੰਡੇ ਬੁਰਜ ਵਿਚ ਬੰਦ ਕਹਿਰ ਦੀ ਠੰਡ ਨਾ ਸਹਾਰਦੇ ਹੋਏ ਆਪਣੇ ਪੰਜ-ਭੂਤਕ ਬਿਰਧ ਸਰੀਰ ਨਾਲ ਅੱਤ ਦੇ ਤਸੀਹੇ ਝੱਲਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਬੱਚਿਆਂ ਨੂੰ ਸ਼ਹੀਦ ਕਰ ਕੇ ਉਨ੍ਹਾਂ ਦੀਆਂ ਅਤੇ ਮਾਤਾ ਜੀ ਦੀ ਮ੍ਰਿਤਕ ਦੇਹ ਨੂੰ ਬਾਹਰ ਰੱਖ ਦਿੱਤਾ ਗਿਆ। ਦੀਵਾਨ ਟੋਡਰ ਮੱਲ ਨੇ ਜੋਖਮ ਉਠਾਉਂਦੇ ਹੋਏ ਵਜ਼ੀਰ ਖਾਂ ਪਾਸ ਮਾਸੂਮ ਬੱਚਿਆਂ ਅਤੇ ਮਾਤਾ ਜੀ ਦਾ ਅੰਤਮ-ਸਸਕਾਰ ਕਰਨ ਦੀ ਇੱਛਾ ਪ੍ਰਗਟ ਕੀਤੀ। ਵਜ਼ੀਰ ਖਾਂ ਵੱਲੋਂ ਤੁਰੰਤ ਇਕ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ ਕਿ ਇਨ੍ਹਾਂ ਦਾ ਅੰਤਮ-ਸਸਕਾਰ ਸਰਹਿੰਦ ਦੀ ਧਰਤੀ ਉੱਤੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਾਰੀ ਧਰਤੀ ਮੁਗ਼ਲ ਸਲਤਨਤ ਦੀ ਹੈ। ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਜਗ੍ਹਾ ਖਰੀਦਣ ਦੀ ਪੇਸ਼ਕਸ਼ ਕੀਤੀ। ਵਜ਼ੀਰ ਖਾਂ ਨੇ ਇਸ ਉੱਤੇ ਇਕ ਬਹੁਤ ਹੀ ਸਖ਼ਤ ਸ਼ਰਤ ਰੱਖ ਦਿੱਤੀ ਕਿ ਜਿੰਨੀ ਧਰਤੀ ਖਰੀਦਣੀ ਹੈ, ਉਤਨੀ ਉੱਤੇ ਖੜ੍ਹੇ ਰੁਖ਼ ਮੋਹਰਾਂ ਚਿਣੀਆਂ ਜਾਣ। ਦੀਵਾਨ ਟੋਡਰ ਮੱਲ ਨੇ ਧਨ ਇਕੱਠਾ ਕਰ ਕੇ ਸਸਕਾਰ ਲਈ ਮੋਹਰਾਂ ਖੜ੍ਹੇ ਰੁਖ਼ ਚਿਣ ਕੇ ਮੁਹੰਮਦ ਅੱਤਾ ਨਾਂ ਦੇ ਇਕ ਚੌਧਰੀ ਪਾਸੋਂ ਥੋੜ੍ਹੀ ਜਿਹੀ ਜਗ੍ਹਾ ਖਰੀਦੀ, ਜਿਸ ਉੱਤੇ ਤਿੰਨਾਂ ਦਾ ਸਸਕਾਰ ਕੀਤਾ ਗਿਆ।

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਜ਼ਮੀਨ ਦਾ ਇਹ ਟੁਕੜਾ ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ ਦੇ ਰੂਪ ਵਿਚ ਅੱਜ ਵੀ ਮੌਜੂਦ ਹੈ, ਜੋ ਦੀਵਾਨ ਟੋਡਰ ਮੱਲ ਨੇ ਧਰਤੀ 'ਤੇ ਖੜ੍ਹੇ ਰੁਖ਼ ਸੋਨੇ ਦੀਆਂ ਮੋਹਰਾਂ ਚਿਣ ਕੇ ਖਰੀਦਿਆ ਸੀ। ਇਸ ਤੋਂ ਪਹਿਲਾਂ ਜਾਂ ਇਸ ਤੋਂ ਬਾਅਦ ਅੱਜ ਤਕ ਦੁਨੀਆਂ ਵਿਚ ਕੋਈ ਵੀ ਧਰਤੀ ਏਨਾ ਮੁੱਲ ਤਾਰ ਕੇ ਨਹੀਂ ਖਰੀਦੀ ਗਈ।

ਦੂਜੇ ਪਾਸੇ ਜਿਸ ਧਨ ਦੇ ਲਾਲਚ ਵਿਚ ਗੰਗੂ ਨੇ ਐਡਾ ਵੱਡਾ ਪਾਪ ਕੀਤਾ ਸੀ, ਉਹੀ ਧਨ ਉਸ ਦੀ ਮੌਤ ਦਾ ਕਾਰਨ ਬਣਿਆ। ਮਿਲੀ ਰਿਪੋਰਟ ਦੇ ਆਧਾਰ ਉੱਤੇ ਜਾਨੀ ਖਾਂ ਅਤੇ ਮਾਨੀ ਖਾਂ ਨੇ ਨਵਾਬ ਵਜ਼ੀਰ ਖਾਂ ਨੂੰ ਦੱਸਿਆ ਕਿ ਮਾਤਾ ਗੁਜਰੀ ਜੀ, ਜੋ ਮੋਹਰਾਂ ਦੀ ਖੁਰਜੀ ਨਾਲ ਲੈ ਕੇ ਆਏ ਸਨ, ਉਹ ਗੰਗੂ ਕੋਲ ਹੈ। ਵਜ਼ੀਰ ਖਾਂ ਨੇ ਉਹ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਣ ਵਾਸਤੇ ਕਿਹਾ। ਗੰਗੂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ, ਤਾਂ ਹਾਕਮਾਂ ਵੱਲੋਂ ਮਾਰ-ਕੁਟਾਈ ਸ਼ੁਰੂ ਹੋ ਗਈ। ਕੁੱਟ ਦਾ ਮਾਰਿਆ ਗੰਗੂ ਮਾਇਆ ਦੇਣੀ ਮੰਨ ਗਿਆ। ਉਸ ਨੇ ਕਈ ਥਾਂ ਵਿਖਾਏ, ਜਿੱਥੇ ਧਨ ਦੱਬਿਆ ਸੀ ਪਰ ਉਹ ਕਿਸੇ ਜਗ੍ਹਾ ਤੋਂ ਨਹੀਂ ਮਿਲਿਆ, ਕਿਉਂਕਿ ਧਨ ਤਾਂ ਹੜ੍ਹ ਦੇ ਪਾਣੀ ਨਾਲ ਰੁੜ੍ਹ ਗਿਆ ਸੀ। ਹਾਕਮ ਸਮਝ ਰਿਹਾ ਸੀ ਕਿ ਗੰਗੂ ਉਨ੍ਹਾਂ ਨੂੰ ਜਾਣ-ਬੁੱਝ ਕੇ ਧੋਖਾ ਦੇ ਰਿਹਾ ਹੈ। ਸਿਪਾਹੀਆਂ ਨੇ ਫਿਰ ਗੰਗੂ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਗੰਗੂ ਸਰਕਾਰੀ ਬੰਦਿਆਂ ਹੱਥੋਂ ਕੁੱਟ ਖਾ-ਖਾ ਕੇ ਮਰ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਮਾਧੋ ਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣੇ ਮਹਾਨ ਸਿੱਖ ਯੋਧੇ ਨੇ ੧੨ ਮਈ ੧੭੧੦ ਨੂੰ ਸਰਹਿੰਦ ਉੱਤੇ ਧਾਵਾ ਬੋਲ ਦਿੱਤਾ। ਸਰਹਿੰਦ ਪਾਸ ਚੱਪੜ-ਚਿੜੀ ਦੇ ਮੈਦਾਨ ਵਿਚ ਜੰਗ ਹੋਈ ਸੀ, ਜਿਸ ਵਿਚ ਜ਼ਾਲਮ ਸੂਬਾ ਸਰਹਿੰਦ ਵਜ਼ੀਰ ਖਾਂ ਮਾਰਿਆ ਗਿਆ। ਇਸ ਲੜਾਈ ਵਿਚ ੬੦੦੦ ਸਿੱਖ ਸ਼ਹੀਦ ਹੋ ਗਏ। ਫਤਿਹ ਪ੍ਰਾਪਤ ਕਰਨ ਪਿੱਛੋਂ ਸੁੱਚਾ ਨੰਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਨੱਕ ਵਿਚ ਨਕੇਲ ਪਾ ਕੇ ਉਸ ਨੂੰ ਹੱਟੀ-ਹੱਟੀ ਫਿਰਾਇਆ ਗਿਆ, ਹਰ ਥਾਂ ਉੱਤੇ ਉਸ ਨੂੰ ਜੁੱਤੀਆਂ ਪੈਂਦੀਆਂ ਸਨ, ਉਹ ਜੁੱਤੀਆਂ ਖਾਂਦਾ-ਖਾਂਦਾ ਹੀ ਨਰਕ ਜਾ ਪੁੱਜਾ। ਸਰਹਿੰਦ ਦੀ ਜਿੱਤ ਪਿੱਛੋਂ ਸਰਹਿੰਦ ਦੇ ਪਰਗਣਿਆਂ ਦੇ ਫੌਜਦਾਰਾਂ ਨੇ ਈਨ ਮੰਨ ਲਈ। ਦੀਵਾਨ ਟੋਡਰ ਮੱਲ ਆਪਣੇ ਸਾਥੀਆਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲੇ ਅਤੇ ਸਤਿਕਾਰ ਵਜੋਂ ਉਨ੍ਹਾਂ ਨੇ ਵੱਡੀ ਰਕਮ ਵੀ ਭੇਟ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਸੇਠ ਟੋਡਰ ਮੱਲ ਤੋਂ ਵਜ਼ੀਰ ਖਾਂ ਅਤੇ ਉਸ ਦੇ ਅਹਿਲਕਾਰਾਂ ਵੱਲੋਂ ਭੋਲੀ-ਭਾਲੀ ਜਨਤਾ 'ਤੇ ਕੀਤੇ ਗਏ ਜ਼ੁਲਮ ਦੀਆਂ ਸਾਰੀਆਂ ਘਟਨਾਵਾਂ ਨੂੰ ਸੁਣਿਆ। ਦੀਵਾਨ ਟੋਡਰ ਮੱਲ ਨੂੰ ਨਾਲ ਲੈ ਕੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੇ ਸਸਕਾਰ ਵਾਲੀ ਥਾਂ ਦੀ ਨਿਸ਼ਾਨਦੇਹੀ ਕਰ ਕੇ ਉਸ ਦੁਆਲੇ ਚਾਰਦੀਵਾਰੀ ਬਣਾ ਦਿੱਤੀ। ਸਰਹਿੰਦ ਦੇ ਪੂਰੇ ਸੂਬੇ ਦੀ ਆਮਦਨ ੩੬ ਲੱਖ ਰੁਪਏ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕਰਨ ਤੋਂ ਬਾਅਦ ਦਰਬਾਰ ਲਾਇਆ। ਇਲਾਕੇ ਦੇ ਮੰਨੇ-ਪ੍ਰਮੰਨੇ ਚੌਧਰੀ ਦਰਬਾਰ ਵਿਚ ਹਾਜ਼ਰ ਹੋਏ। ਚਰਨਾਰਥਲ ਦਾ ਚੌਧਰੀ ਅਤੇ ਜਰਗ ਦਾ ਚੌਧਰੀ ਮੋਹਰਾਂ ਦਾ ਥਾਲ ਅਤੇ ਗੁਰਜ ਲੈ ਕੇ ਪੇਸ਼ ਹੋਏ। ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਈਨ ਮੰਨ ਲਈ। ਬਾਬਾ

ਬੰਦਾ ਸਿੰਘ ਜੀ ਨੇ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਅਤੇ ਭਾਈ ਆਲੀ ਸਿੰਘ ਸਲੌਂਦੀ ਨੂੰ ਸਹਾਇਕ ਗਵਰਨਰ ਥਾਪ ਕੇ ਆਪ ਸਢੌਰੇ ਦੇ ਨੇੜੇ ਇਕ ਛੋਟੇ ਜਿਹੇ ਪਹਾੜੀ ਕਿਲ੍ਹੇ (ਲੋਹਗੜ੍ਹ) ਵਿਚ ਚਲਾ ਗਿਆ। ਇਹ ਰਾਜ ਜ਼ਿਆਦਾ ਦੇਰ ਕਾਇਮ ਨਾ ਰਹਿ ਸਕਿਆ।

੧੪ ਜਨਵਰੀ ੧੭੬੪ ਈ: ਨੂੰ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਹਾਰ ਦੇ ਕੇ ਸਿੰਘਾਂ ਨੇ ਸਰਹਿੰਦ ਨੂੰ ਫਿਰ ਫਤਿਹ ਕਰ ਲਿਆ। ਸਿੱਖ ਸਰਦਾਰਾਂ ਜਿਨ੍ਹਾਂ ਵਿਚ ਫੂਲਕੀਆ ਮਿਸਲ ਦਾ ਵੀ ਕਾਫ਼ੀ ਹੱਥ ਸੀ ਨੇ ਪਵਿੱਤਰ ਗੁਰਧਾਮਾਂ ਵੱਲ ਤੁਰੰਤ ਧਿਆਨ ਦਿੱਤਾ। ਸਰਹਿੰਦ ਦੀ ਫਤਿਹ ਤੋਂ ਬਾਅਦ ਕੋਈ ਵੀ ਇਸ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਨਹੀਂ ਸੀ ਲੈਣਾ ਚਾਹੁੰਦਾ ਕਿਉਂਕਿ ਸਾਹਿਬਜ਼ਾਦਿਆਂ ਉੱਤੇ ਹੋਏ ਕਹਿਰ ਕਾਰਨ ਇਸ ਥਾਂ ਨੂੰ ਮਨਹੂਸ ਸਮਝਿਆ ਜਾਂਦਾ ਸੀ। ਇਸ ਲਈ ਗੁਰਮਤਾ ਕਰ ਕੇ ਸਿੰਘਾਂ ਨੇ ਇਹ ਸ਼ਹਿਰ ਭਾਈ ਬੁੱਢਾ ਸਿੰਘ ਜੋ ਪ੍ਰਸਿੱਧ ਭਾਈ ਭਗਤ ਜੀ ਦੀ ਅੰਸ ਵਿੱਚੋਂ ਸਨ, ਨੂੰ ਅਰਦਾਸ ਕਰਵਾ ਦਿੱਤਾ ਅਤੇ ਉਨ੍ਹਾਂ ਪਾਸੋਂ ਫੇਰ ਪਟਿਆਲੇ ਦੇ ਮਹਾਰਾਜਾ ਅਤੇ ਫੂਲਕੀਆ ਮਿਸਲ ਦੇ ਸਰਦਾਰ ਆਲਾ ਸਿੰਘ ਨੇ ੨ ਅਗਸਤ ੧੭੬੪ ਈ: ਨੂੰ ੨੫੦੦੦ ਰੁਪਏ ਵਿਚ ਖਰੀਦ ਲਿਆ। ਪੁਰਾਣੇ ਸਿੱਖ ਅਜੇ ਵੀ ਇਸ ਨੂੰ ਗੁਰੂ-ਮਾਰੀ ਸਰਹਿੰਦ ਕਹਿੰਦੇ ਹਨ। ਫੂਲ-ਬੰਸੀ ਬਾਬਾ ਆਲਾ ਸਿੰਘ ਨੇ ਸਰਹਿੰਦ ਉੱਪਰ ਕਬਜ਼ਾ ਕਰਨ ਉਪਰੰਤ ੧੨ ਮਿਸਲਾਂ ਦੇ ਮਿਲਵਰਤਨ ਨਾਲ ਸਭ ਤੋਂ ਪਹਿਲਾ ਕੰਮ ਛੋਟੇ ਸਾਹਿਬਜ਼ਾਦਿਆਂ ਦੀ ਯਾਦਗਾਰ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਨੀਂਹ ਰਖਵਾਈ।

ਰਿਆਸਤ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਸੰਨ ੧੮੧੩ ਈ: ਵਿਚ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਦੇ ਸਾਕੇ ਨੂੰ ਸਦੀਵੀ ਰੂਪ ਵਿਚ ਸਜੀਵ ਰੱਖਣ ਲਈ ਇਕ ਗੁਰਦੁਆਰਾ ਬਣਾਉਣ ਦੀ ਯੋਜਨਾ ਬਣਾਈ। ਉਨ੍ਹਾਂ ਨੇ ਨਾ ਕੇਵਲ ਗੁਰਦੁਆਰਾ ਜੋਤੀ ਸਰੂਪ ਦੀ ਹੀ ਸੇਵਾ ਕੀਤੀ, ਸਗੋਂ ਲੰਗਰ ਦੀ ਪ੍ਰਥਾ ਵੀ ਚਾਲੂ ਕੀਤੀ। ਮਹਾਰਾਜਾ ਨਰਿੰਦਰ ਸਿੰਘ ਨੇ ਆਪਣੇ ਪੂਰਵ ਉਤਰਾਧਿਕਾਰੀਆਂ ਦੇ ਪ੍ਰਲੋਕ ਸੁਧਾਰ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਸਿਰੇ ਚਾੜ੍ਹਿਆ।

**ਸਰੋਤ ਪੁਸਤਕਾਂ :**

*੧. ਭਾਈ ਕਾਨ੍ਹ ਸਿੰਘ ਨਾਭਾ - ਗੁਰਸ਼ਬਦ ਰਤਨਾਕਰ ਮਹਾਨ ਕੋਸ਼*
*੨. ਡਾ. ਫੌਜਾ ਸਿੰਘ - ਸਰਹਿੰਦ ਥਰੂ ਦੀ ਏਜ਼ਿਜ*
*੩. ਡਾ. ਗੰਡਾ ਸਿੰਘ - ਬੰਦਾ ਸਿੰਘ ਬਹਾਦਰ*
*੪. ਸ. ਰਛਪਾਲ ਸਿੰਘ - ਪੰਜਾਬ ਕੋਸ਼*
*੫. ਡਾ. ਰਤਨ ਸਿੰਘ ਜੱਗੀ - ਸਿੱਖ ਪੰਥ ਵਿਸ਼ਵਕੋਸ਼*
*੬. ਡਾ. ਗੰਡਾ ਸਿੰਘ - ਪੰਜਾਬ*

■

# ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ

*-ਬੀਬੀ ਮਨਜੀਤ ਕੌਰ ਲੱਖਪੁਰ**

ਚਮਕੌਰ ਗੜ੍ਹੀ ਦੀ ਜੰਗ ਦਾ ਸਿੱਖ ਇਤਿਹਾਸ ਵਿਚ ਵਿਲੱਖਣ ਸਥਾਨ ਹੈ। ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਸੰਬਰ ੧੭੦੪ 'ਚ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਉਪਰੰਤ ਵਾਅਦਿਆਂ ਤੋਂ ਮੁਨਕਰ ਹੋਏ ਫਰੇਬੀ ਰਾਜਿਆਂ ਨਾਲ ਕਹਿਰ ਦੀ ਸਰਦੀ ਵਿਚ ਸਰਸਾ ਨਦੀ ਦੇ ਕੰਢੇ 'ਤੇ ਜੰਗ ਕਰਨੀਂ ਪਈ। ਇਹ ਸਿੱਖ ਇਤਿਹਾਸ ਵਿਚ ਸਰਸਾ ਦੀ ਜੰਗ ਦੇ ਨਾਮ ਨਾਲ ਪ੍ਰਸਿੱਧ ਹੋਈ। ਪਹਾੜੀ ਰਾਜਿਆਂ ਦੁਆਰਾ ਖਾਧੀਆਂ ਗਊ ਅਤੇ ਜਨੇਊ ਦੀਆਂ ਕਸਮਾਂ ਅਤੇ ਹਾਕਮਾਂ ਦੁਆਰਾ ਖਾਧੀਆਂ ਕੁਰਾਨ ਦੀਆਂ ਝੂਠੀਆਂ ਕਸਮਾਂ ਤੋੜਨ ਦੇ ਉੱਤਰ ਵਿਚ ਇਕ ਪੱਤਰ 'ਜ਼ਫ਼ਰਨਾਮਾ' ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹੀਉਦੀਨ ਆਲਮਗੀਰ ਔਰੰਗਜ਼ੇਬ ਨੂੰ ਸੱਚ-ਝੂਠ ਦੇ ਅੰਤਰ ਨੂੰ ਸਮਝਣ ਦੀ ਜਾਣਕਾਰੀ ਦੇਣ ਲਈ ਲਿਖਿਆ ਉਸ ਦੇ ਬੰਦ ੧੮,੪੬,੪੭ ਇਸ ਤਰ੍ਹਾਂ ਬਿਆਨ ਕਰਦੇ ਹਨ:

*ਕਸਮ ਮੁਸਹਫੇ ਖ਼ੁਫ਼ੀਯਹ ਗਰ ਈਂ ਖੁਰਮ।*
*ਨ ਅਫ਼ਵਾਜ ਅਜ਼ੀਂ ਜ਼ੇਰਿ ਸੁਮ ਅਫ਼ਗਨਮ।੧੮।*

ਔਰੰਗਜ਼ੇਬ ਤੇਰੀ ਥਾਂ 'ਤੇ ਮੈਂ ਹੁੰਦਾ ਤਾਂ ਖੁਦਾ ਨੂੰ ਸਾਖੀ ਮੰਨ ਕੇ ਅਤੇ ਕੁਰਾਨ ਦੀ ਕਸਮ ਖਾ ਕੇ ਕਦੀ ਵੀ ਉਸ ਨੂੰ ਤੋੜਦਾ ਨਾ ਅਤੇ ਨਾ ਹੀ ਕਦੀ ਆਪਣੀ ਫੌਜ ਨੂੰ ਹਮਲਾਵਰ ਹੋਣ ਦਿੰਦਾ।

*ਨਾ ਈਮਾਂ ਪਰਸਤੀ ਨ ਅਉਜ਼ਾਇ ਦੀਂ।*
*ਨ ਸਾਹਿਬ ਸ਼ਨਾਸੀ, ਮੁਹੰਮਦ ਯਕੀਂ।੪੬।*

ਔਰੰਗਜ਼ੇਬ! ਧਰਮ ਈਮਾਨ ਵਾਲੀ ਤੇਰੇ ਵਿਚ ਕੋਈ ਗੱਲ ਨਹੀਂ ਹੈ, ਨਾ ਤੂੰ ਖੁਦਾ ਨੂੰ ਜਾਣਦਾ ਹੈ ਅਤੇ ਨਾ ਹੀ ਮੁਹੰਮਦ ਸਾਹਿਬ 'ਤੇ ਤੇਰਾ ਯਕੀਨ ਹੈ।

*ਹਰਾਂ ਕਸ ਕਿ ਈਮਾਂ ਪਰਸਤੀ ਕੁਨੱਦ।*
*ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨੱਦ।੪੭।*

ਜੋ ਇਨਸਾਨ ਖੁਦਾਪ੍ਰਸਤ ਬਣ ਕੇ ਈਮਾਨ ਪਾਲਦਾ ਹੈ ਉਹ ਆਪਣੇ ਕੀਤੇ ਵਾਅਦੇ ਤੋਂ ਕਦੀ ਮੁਨਕਰ ਨਹੀਂ ਹੁੰਦਾ।

ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਮੁਗ਼ਲਾਂ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਘੇਰਾ ਏਨਾ ਸਖ਼ਤ ਕਰ ਦਿੱਤਾ ਸੀ ਕਿ ਅੰਦਰ ਅੰਨ-ਪਾਣੀ ਜਾਣਾ ਵੀ ਬਹੁਤ ਮੁਸ਼ਕਲ ਹੋ ਗਿਆ ਸੀ ਜਿਸ ਦੌਰਾਨ ਪ੍ਰਸ਼ਾਦੀ ਹਾਥੀ ਅਤੇ ਬਹੁਤ

** ਪਿੰਡ ਤੇ ਡਾਕ: ਲੱਖਪੁਰ। ਮੋ: ੯੮੧੫੬-੧੪੯੫੬*

ਸਾਰੇ ਸਿੰਘਾਂ ਦੇ ਘੋੜੇ ਦਮ ਤੋੜ ਗਏ ਸਨ। ਗੁਰੂ ਸਾਹਿਬ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੁਆਰਾ ਕੁਰਾਨ ਦੀਆਂ ਖਾਧੀਆਂ ਕਸਮਾਂ ਜਿਸ ਵਿਚ ਔਰੰਗਜ਼ੇਬ ਵੱਲੋਂ ਲਿਖਿਆ ਸੀ:

*"ਕਿ ਤਸ਼ਰੀਫ਼ ਦਰ ਕਸਬਹ 'ਕਾਂਗੜ' ਕੁਨਦ।*
*ਵਜ਼ਾਂਪਸ ਮੁਲਾਕਾਤ ਬਾਹਮ ਸ਼ਵਦ।੫੮।*
*ਨ ਜ਼ੱਰਾ ਦਰੀਂ ਰਾਹਿ ਖ਼ਤਰਹ ਤੁਰਾਸਤ।*
*ਹਮਹ ਕਉਮਿ 'ਬੈਰਾੜ' ਹੁਕਮੇ ਮਰਾ ਅਸਤ।੫੯।*
*ਬਿਆ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।*
*ਬਰੂਏ ਸ਼ੁਮਾ ਮੇਹਰਬਾਨੀ ਕੁਨੇਮ।੬੦।*

'ਤੇ ਵਿਚਾਰ ਕਰ ਕੇ ਜਦੋਂ ਗੁਰੂ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਦਾ ਨਿਰਣਾ ਕੀਤਾ ਤਾਂ ਕੁਰਾਨ ਦੀਆਂ ਖਾਧੀਆਂ ਕਸਮਾਂ ਤੇ ਵਾਅਦੇ ਛਿੱਕੇ ਟੰਗ ਕੇ ਪਿੱਠ ਪਿੱਛੇ ਵਾਰ ਕਰਨ ਆ ਚੜੀ ਸ਼ਾਹੀ ਫੌਜ ਅਤੇ ਪਹਾੜੀ ਰਾਜਿਆਂ ਨਾਲ ਗੁਰੂ ਦੇ ਖਾਲਸੇ ਨੂੰ ਸਰਸਾ ਨਦੀ ਦੇ ਕੰਢੇ 'ਤੇ ਜੰਗ ਕਰਨੀ ਪਈ। ਇਸ ਜੰਗ ਵਿਚ ਭਾਈ ਉਦੇ ਸਿੰਘ, ਭਾਈ ਰਣਧੀਰ ਸਿੰਘ, ਭਾਈ ਰਣਜੋਧ ਸਿੰਘ, ਭਾਈ ਜੀਵਨ ਸਿੰਘ ਰੰਘਰੇਟਾ ਅਤੇ ਹੋਰ ਬਹੁਤ ਸਾਰੇ ਸਿੰਘ ਗਰਮਜੋਸ਼ੀ ਨਾਲ ਵੈਰੀਆਂ ਨਾਲ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਬਹੁਤ ਸਾਰੇ ਸਿੰਘ ਸਰਸਾ ਦੇ ਪਾਣੀ ਦੇ ਤੀਬਰ ਵਹਾਅ ਦੀ ਭੇਟ ਚੜ੍ਹ ਗਏ। ਇੱਥੇ ਹੀ ਗੁਰੂ ਸਾਹਿਬ ਜੀ ਆਪਣੇ ਛੋਟੇ ਲਾਲਾਂ ਅਤੇ ਮਾਤਾ ਜੀ ਨਾਲੋਂ ਵਿੱਛੜ ਗਏ। ਉਸ ਜਗ੍ਹਾ 'ਤੇ ਉਨ੍ਹਾਂ ਮਹਾਨ ਆਤਮਾਵਾਂ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ 'ਪਰਵਾਰ ਵਿਛੋੜਾ' ਸਾਹਿਬ ਸੁਸ਼ੋਭਿਤ ਹੈ।

ਪਿਤਾ ਤੋਂ ਵਿੱਛੜੇ ਹੋਏ ਛੋਟੇ ਲਾਲਾਂ ਅਤੇ ਮਾਤਾ ਗੁਜਰੀ ਜੀ ਨੂੰ ਮੌਕੇ ਦਾ ਫਾਇਦਾ ਉਠਾ ਕੇ ਗੁਰੂ ਸਾਹਿਬ ਦਾ ਰਸੋਈਆ ਗੰਗੂ ਆਪਣੇ ਪਿੰਡ ਸਹੇੜੀ ਲੈ ਗਿਆ। ਇਸ ਫਰੇਬੀ ਨੇ ਮੋਹਰਾਂ ਦੇ ਲਾਲਚ ਵਸ ਹੋ ਕੇ ਗੁਰੂ-ਘਰ ਨਾਲ ਧੋਖਾ ਕੀਤਾ। ਗੁਰੂ ਸਾਹਿਬ ਦੇ ਛੋਟੇ ਲਾਲ ਤੇ ਮਾਤਾ ਜੀ ਨੂੰ ਮੋਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਦੇ ਹਵਾਲੇ ਕਰ ਦਿੱਤਾ।

ਸਰਸਾ ਦੀ ਜੰਗ ਤੋਂ ਬਾਅਦ ਜਦੋਂ ਗੁਰੂ ਸਾਹਿਬ ਜੀ ਚਮਕੌਰ ਪਿੰਡ ਪਹੁੰਚ ਗਏ। ਉਸ ਵੇਲੇ ਗੁਰੂ ਸਾਹਿਬ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲੇ ਵੱਡੇ ਜਥੇ ਦੇ ਰੂਪ ਵਿੱਚੋਂ ਦੋਵੇਂ ਵੱਡੇ ਸਾਹਿਬਜ਼ਾਦਿਆਂ ਤੋਂ ਇਲਾਵਾ ੪੦ ਦੇ ਕਰੀਬ ਸਿੰਘ ਰਹਿ ਗਏ ਸਨ।

ਚਮਕੌਰ ਪਿੰਡ ਵਿਖੇ ਆ ਕੇ ਗੁਰੂ ਸਾਹਿਬ ਜੀ ਨੇ ਪਿੰਡ ਦੇ ਬਾਹਰਵਾਰ ਰਾਏ ਜਗਤ ਸਿੰਘ ਦੇ ਬਾਗ ਵਿਚ ਆਪਣਾ ਆਸਣ ਲਾਇਆ। ਇਸ ਜਗ੍ਹਾ 'ਤੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਰਾਤ ਵੇਲੇ ਆਪ ਜੀ ਨੇ ਬੁੱਧੀ ਚੰਦ ਰਾਵਤ ਦੀ ਛੋਟੇ ਜਿਹੇ ਕਿਲ੍ਹੇ ਦੇ ਅਕਾਰ ਦੀ ਕੱਚੀ ਹਵੇਲੀ ਰੂਪੀ ਗੜ੍ਹੀ ਵਿਚ ਵਿਸ਼ਰਾਮ ਕੀਤਾ।

ਗੁਰੂ ਸਾਹਿਬ ਦੀ ਸਰਸਾ ਤੋਂ ਬਚ ਨਿਕਲਣ ਅਤੇ ਚਮਕੌਰ ਵਿਖੇ ਰੁਕਣ ਦੀ ਖਬਰ ਸ਼ਾਮ ਤਕ ਹਕੂਮਤ ਦੇ ਕੰਨਾਂ ਤਕ ਪਹੁੰਚ ਗਈ ਸੀ। ਗੁਰੂ ਸਾਹਿਬ ਅਤੇ ਗੁਰੂ ਦੇ ਖਾਲਸੇ ਦਾ ਹਕੂਮਤ 'ਤੇ ਭੈਅ ਹੋਣ ਕਰਕੇ, ਰਾਤੋ-ਰਾਤ ਨਾਹਰ ਖਾਂ ਅਤੇ ਖ਼ੁਆਜਾ ਜ਼ਫਰ ਬੇਗ ਦੀ ਅਗਵਾਈ ਵਿਚ ਅਣਗਿਣਤ ਫੌਜ ਨੇ ਚਮਕੌਰ ਪਿੰਡ ਨੂੰ ਆ ਘੇਰਾ ਪਾਇਆ।

ਦਿਨ ਚੜ੍ਹਦੇ ਸਾਰ ਹੀ ਦੁਸ਼ਮਣ ਹਨੇਰੀ ਦੀ ਤਰ੍ਹਾਂ ਚਮਕੌਰ ਦੀ ਗੜ੍ਹੀ ਦੇ ਵੱਡੇ ਦਰਵਾਜੇ ਵੱਲ ਵਧਿਆ। ਇਕ ਪਾਸੇ ਤਾਂ ਸਿਰਫ਼ ਗਿਣਤੀ ਦੇ ਭੁੱਖੇ ਤਿਹਾਏ ਸਿੰਘ ਅਤੇ ਦੂਜੇ ਪਾਸੇ ਅਣਗਿਣਤ ਵੈਰੀ ਦਲ ਦੀਆਂ ਫੌਜਾਂ ਨੇ ਬੇਸ਼ੱਕ ਦੁਪਹਿਰ ਤਕ ਅਨੇਕਾਂ ਵਾਰ ਆਪਣੀ ਪੂਰੀ ਤਾਕਤ ਲਾ ਕੇ ਗੜ੍ਹੀ 'ਤੇ ਹਮਲੇ ਕੀਤੇ। ਹਰ ਵਾਰ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਨਾਹਰ ਖਾਂ ਨੂੰ ਤਾਂ ਗੁਰੂ ਸਾਹਿਬ ਦੇ ਇੱਕੋ ਤੀਰ ਨੇ ਚਿੱਤ ਕਰ ਦਿੱਤਾ। ਜ਼ਫ਼ਰ ਬੇਗ ਨੇ ਕੰਧ ਓਹਲੇ ਲੁਕ ਕੇ ਜਾਨ ਬਚਾਈ। ਇਸ ਘਮਸਾਨ ਦੀ ਜੰਗ ਵਿਚ ਬਹੁਤ ਸਾਰੇ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਇਸ ਗੱਲ ਨੂੰ ਗੁਰੂ ਸਾਹਿਬ ਜੀ 'ਜ਼ਫ਼ਰਨਾਮਾ' ਵਿਚ ਇਸ ਤਰ੍ਹਾਂ ਸਪਸ਼ਟ ਕਰਦੇ ਹਨ:

*ਹਮ ਆਖ਼ਿਰ ਚਿਹ ਮਰਦੀ ਕੁਨਦ ਕਾਰਜ਼ਾਰ।*
*ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ।*

ਚਮਕੌਰ ਗੜ੍ਹੀ ਦੀ ਜੰਗ ਵਿਚ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਅਦੁੱਤੀ ਸ਼ਹਾਦਤ ਦੇ ਨਾਲ ੧੭੫੬ ਬਿਕ੍ਰਮੀ ਦੀ ਵੈਸਾਖੀ 'ਤੇ ਸਾਜੇ ਪੰਜਾਂ ਪਿਆਰਿਆਂ ਵਿੱਚੋਂ ਤਿੰਨਾਂ ਪਿਆਰਿਆਂ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਦੀ ਸ਼ਹਾਦਤ ਦੇ ਨਾਲ-ਨਾਲ ਅਨੇਕਾਂ ਹੋਰ ਸਿੰਘਾਂ ਦੀ ਸ਼ਹਾਦਤ ਹੋ ਗਈ। ਜਿਸ ਦੇ ਦੁਖਾਂਤ ਨੂੰ ਖਾਲਸਾ ਪੰਥ ਨੇ ਅਪਣੇ ਦਿਲਾਂ 'ਤੇ ਹੰਢਾਇਆ। ਬੇਸ਼ੱਕ ਪੁੱਤਰ ਵੀ ਸ਼ਹੀਦ ਹੋ ਗਏ ਪਰ ਗੁਰੂ ਸਾਹਿਬ ਪੁੱਤਰਾਂ ਦੀ ਸ਼ਹਾਦਤ ਤੋਂ ਰਤੀ ਭਰ ਵੀ ਡੋਲੇ ਨਹੀਂ, ਕਿਉਂਕਿ ਪੁੱਤਰਾਂ ਨਾਲੋਂ ਜ਼ਿਆਦਾ ਪਿਆਰ ਤਾਂ ਉਹ ਆਪਣੇ ਖਾਲਸੇ ਨੂੰ ਕਰਦੇ ਸਨ। ਪੁੱਤਰਾਂ ਦੀ ਸ਼ਹਾਦਤ 'ਤੇ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ, ਮਿਰਜ਼ਾ ਅਬਦੁਲ ਗਨੀ ਖਾਂ, ਪੁੱਤਰਾਂ ਦੇ ਪ੍ਰਤੀ ਗੁਰੂ ਸਾਹਿਬ ਦੀ ਅਵਸਥਾ ਇਸ ਤਰ੍ਹਾਂ ਬਿਆਨਦੇ ਹਨ:

*ਬੇਟੇ ਕੇ ਕਤਲ ਕੀ ਪਹੁੰਚੀ ਜੂਹੀਂ ਖਬਰ,*
*ਸ਼ੁਕਰੇ ਅਲਾ ਕੀਆ ਝੱਟ ਉਠਾਕੇ ਸਰ।*
*ਮੁਝ ਪਰ ਸੇ ਆਜ ਤੇਰੀ ਇਮਾਨਤ ਅਦਾ ਹੂਈ,*
*ਬੇਟੇ ਕੀ ਜਾਨ ਧਰਮ ਕੀ ਖਾਤਰ ਫਿਦਾ ਹੂਈ।*

ਸੂਰਜ ਅਸਤ ਹੋਣ ਨਾਲ ਜਦੋਂ ਜੰਗ ਬੰਦ ਹੋਈ। ਗੜ੍ਹੀ ਵਿਚ ਗਿਣਤੀ ਦੇ ਸਿੰਘ ਰਹਿ ਗਏ ਸਨ, ਜਿੰਨਾਂ ਵਿਚ ਸ਼ਹੀਦ ਪਿਤਾ ਦਾ ਪੁੱਤਰ ਅਤੇ ਸ਼ਹੀਦ ਪੁੱਤਰਾਂ ਦਾ ਪਿਤਾ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਸੀ। ਜਦ ਰਾਤ ਦਾ ਦੂਸਰਾ

ਪਹਿਰ ਹੋਇਆ ਤਾਂ ਸਿੰਘਾਂ ਨੇ ਦੁਸ਼ਮਣ ਦਾ ਘੇਰਾ ਦੇਖਦੇ ਹੋਏ ਅਤੇ ਬਿਖੜੇ ਸਮੇਂ ਵਿਚ ਵੀ ਗੁਰੂ ਸਾਹਿਬ ਜੀ ਦੀ ਅਗਵਾਈ ਦੀ ਲੋੜ ਨੂੰ ਮਹਿਸੂਸ ਕੀਤਾ। ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਸਮੇਂ ਖਾਲਸੇ ਨੂੰ ਬਖ਼ਸ਼ੀ ਵਡਿਆਈ ਸਨਿਮਰ ਆਪੇ ਗੁਰੂ ਅਤੇ ਆਪੇ ਚੇਲਾ ਬਣਨ ਵਾਲੇ ਦਸਮੇਸ਼ ਪਿਤਾ ਜੀ ਦੇ ਸਨਮੁਖ ਹੋ ਕੇ ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਜੀ ਨੂੰ ਆਪਣੇ ਪਿਆਰ ਦਾ ਵਾਸਤਾ ਦਿੰਦੇ ਹੋਏ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ। ਪ੍ਰਸਿੱਧ ਕਵੀ ਸ. ਕਰਤਾਰ ਸਿੰਘ ਬਲੱਗਣ ਨੇ ਗੜ੍ਹੀ ਛੱਡਣ ਸਮੇਂ ਦੇ ਹਾਲਾਤਾਂ ਨੂੰ ਬਹੁਤ ਸੁੰਦਰ ਕਾਵਿ-ਬੰਦ ਕੀਤਾ ਹੈ:

*ਸਾਡੇ ਜਿਹੇ ਲੱਖਾਂ ਪੈਦਾ ਕਰੇਂਗਾ ਤੂੰ,*
*ਪਾਸਾ ਅਸਾਂ ਕੋਈ ਜਗਤ ਦਾ ਥੰਮਣਾ ਨਹੀਂ।*
*ਪਰ ਜੇ ਤੂੰ ਨਾ ਰਹਿਉ ਦਸਮੇਸ਼ ਦੂਲੇ,*
*ਗੋਬਿੰਦ ਸਿੰਘ ਮੁੜ ਕੇ ਫੇਰ ਜੰਮਣਾ ਨਹੀਂ।*
*ਤੂੰ ਹੈਂ ਗੁਰੂ ਤੇ ਖਾਲਸਾ ਗੁਰੂ ਤੇਰਾ,*
*ਉਹਦਾ ਹੁਕਮ ਪਰਤਾਣ ਦੀ ਆਗਿਆ ਨਹੀਂ।*
*ਤੇਰੀ ਜਾਨ ਅਮਾਨਤ ਹੈ ਖਾਲਸੇ ਦੀ,*
*ਉਹਨੂੰ ਕਿਤੇ ਅਵਾਣ ਦੀ ਆਗਿਆ ਨਹੀਂ*

ਅੱਗੇ ਦਾ ਦ੍ਰਿਸ਼ ਕਵੀ ਦੀ ਕਲਮ ਇਸ ਤਰ੍ਹਾਂ ਕਲਮ-ਬੰਦ ਕਰਦੀ ਹੈ:

*ਗੋਬਿੰਦ ਕਿਹਾ ਗੰਭੀਰਤਾ ਨਾਲ ਸਿੰਘੋ!*
*ਕੀ ਮੈਂ ਪਿੱਠ ਵਿਖਾ ਕੇ ਨੱਠ ਜਾਵਾਂ?*
*ਜਿੰਨ੍ਹਾ ਮੌਤ ਤੀਕਰ ਮੇਰਾ ਸਾਥ ਦਿੱਤਾ,*
*ਮੈਂ ਉਹ ਪੁੱਤ ਮਰਵਾ ਕੇ ਨੱਠ ਜਾਵਾਂ?*
*ਚਾਰ ਦਿਨਾਂ ਦੀ ਕੂੜੀ ਜਿਹੀ ਜਿੰਦਗੀ ਲਈ,*
*ਮੈਂ ਹੁਣ ਘੋੜਾ ਭਜਾ ਕੇ ਨੱਠ ਜਾਵਾਂ?*
*ਅੰਮ੍ਰਿਤ ਦੇ ਕੇ ਜਿੰਨ੍ਹਾਂ ਨੂੰ ਅਮਰ ਕੀਤੈ,*
*ਮੈਂ ਉਹ ਪੁੱਤ ਮਰਵਾ ਕੇ ਨੱਠ ਜਾਵਾਂ?*

ਭਾਵੇਂ ਗੁਰੂ ਸਾਹਿਬ ਜੀ ਜੰਗ ਵਿਚ ਵੈਰੀਆਂ ਨਾਲ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕਰਨਾ ਚਾਹੁੰਦੇ ਸਨ। ਪਰ ਕਲਗੀਆਂ ਵਾਲੇ ਨੇ ਖਾਲਸੇ ਦੇ ਨਿਰਣੇ ਅੱਗੇ ਸਿਰ ਨਿਵਾਇਆ ਅਤੇ ਇਹ ਫ਼ਰਮਾਇਆ, "ਖਾਲਸਾ ਜੀ! ਇਸ ਵੇਲੇ ਤੁਸੀਂ ਗੁਰੂ ਪ੍ਰਾਪਤ ਰੁਤਬੇ ਬਰਾਬਰ ਹੋ, ਤੁਹਾਡੇ ਵਿਚ ਅਤੇ ਗੁਰੂ ਵਿਚ ਛਿਨ-ਮਾਤਰ ਵੀ ਭੇਦ ਨਹੀਂ ਹੈ, ਇਸ ਲਈ ਤੁਹਾਡਾ ਹੁਕਮ ਸਿਰ ਮੱਥੇ ਪ੍ਰਵਾਨ ਹੈ।"

*ਸੁਣਿਆ ਗੁਰੂ ਨੇ 'ਗੁਰੂ' ਦਾ ਹੁਕਮਨਾਮਾ,*
*ਛੇਤੀ ਸੀਸ ਝੁਕਾ ਕੇ ਉੱਠ ਟੁਰਿਆ।*
*ਹੱਥ ਜੋੜ ਦਿੱਤੇ ਅੱਖਾਂ ਭਰ ਆਈਆਂ,*

*ਅਤੇ ਹੁਕਮ ਬਜਾ ਕੇ ਉੱਠ ਟੁਰਿਆ,*
*ਭੇਟਾ ਪੰਥ ਦੀ ਕਲਗੀਆਂ ਜ਼ਿਗੇ ਕੀਤੇ,*
*ਬਾਜ ਉਂਗਲੀ ਲਾ ਕੇ ਉੱਠ ਟੁਰਿਆ।*
*ਗੋਬਿੰਦ ਸਿੰਘ ਆਪੇ ਗੁਰੂ ਆਪ ਚੇਲਾ,*
*ਜਗਤ ਤਾਂਈ ਵਿਖਾ ਕੇ ਉੱਠ ਤੁਰਿਆ।*

ਗੁਰੂ ਪਿਤਾ ਨੇ ਖਾਲਸਾ ਪੰਥ ਨੂੰ ਵਡਿਆਈ ਬਖਸ਼ਿਸ਼ ਕਰ ਕੇ ਇਕ ਐਸਾ ਵਿਲੱਖਣ ਇਤਿਹਾਸ ਸਿਰਜਿਆ, ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ ਕਿ ਗੁਰੂ ਨੇ ਆਪਣੇ ਸੀਸ 'ਤੇ ਸਜੀ ਸ਼ਹਿਨਸ਼ਾਹੀ ਦੀ ਪ੍ਰਤੀਕ ਹੀਰਿਆਂ ਜੜ੍ਹੀ ਕਲਗੀ ਆਪਣੇ ਸੀਸ ਤੋਂ ਉਤਾਰ ਕੇ ਆਪਣੇ ਹੱਥੀਂ ਆਪਣੇ ਕਿਸੇ ਮੁਰੀਦ ਦੇ ਸੀਸ 'ਤੇ ਸਜਾਈ ਹੋਵੇ। ਇਹ ਗੁਰੂ ਨਾਨਕ ਸਾਹਿਬ ਦੇ ਦਰ ਦੀ ਵਡਿਆਈ ਹੈ ਕਿ ਇਸ ਦਰ 'ਤੇ ਅਮਲਾਂ ਦੀ ਪਰਖ ਕੀਤੀ ਜਾਂਦੀ ਹੈ। ਜਿਨ੍ਹਾਂ ਗੁਣਾਂ ਦੀ ਪਰਖ ਤਹਿਤ ਦਸਮ ਪਾਤਸ਼ਾਹ ਨੇ ਆਪਣੇ ਬਚਪਨ ਦੇ ਬੇਲੀ, ਹਮ-ਸ਼ਕਲ ਅਤੇ ਹਮ-ਉਮਰ ਭਾਈ ਸੰਗਤ ਸਿੰਘ ਜੀ, ਜੋ ਗੁਰੂ ਸਾਹਿਬ ਜੀ ਤੋਂ ਚਾਰ ਕੁ ਮਹੀਨੇ ਛੋਟੇ ਸਨ ਅਤੇ ਗੁਰੂ-ਘਰ ਤੋਂ ਲਗਾਈ ਜਾਂਦੀ ਹਰ ਸੇਵਾ ਨੂੰ ਸੀਸ ਝੁਕਾ ਕੇ ਪ੍ਰਵਾਨ ਕਰਦੇ ਸਨ, ਜੋ ਦਲੇਰ ਜੰਗਜੂ ਸਿਪਾਹੀ ਵੀ ਸਨ, ਇਹੀ ਕਾਰਨ ਸੀ ਕਿ ਗੁਰੂ ਸਾਹਿਬ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਧਰਮ-ਯੁੱਧ ਦੀ ਇਸ ਸੇਵਾ ਲਈ ਵਡਮੁੱਲਾ ਮਾਣ ਬਖਸ਼ਿਸ਼ ਕਰ ਕੇ ਆਪਣੀ ਛਾਤੀ ਨਾਲ ਲਾਇਆ। ਆਪਣੀ ਹੀਰਿਆਂ ਜੜ੍ਹੀ ਕਲਗੀ, ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾਈ। ਆਪਣੇ ਸ਼ਸਤਰ-ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕਰ ਕੇ ਧਰਮ-ਯੁੱਧ ਲਈ ਥਾਪੜਾ ਦਿੱਤਾ। ਗੁਰੂ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਭੂਮੀ 'ਤੇ ਖੜ੍ਹੇ ਹੋ ਕੇ ਸਿੱਖਾਂ ਪ੍ਰਤੀ ਜੋ ਬਚਨ ਕੀਤੇ ਸਨ, ਉਨ੍ਹਾਂ ਨੂੰ ਅਮਲ ਵਿਚ ਲਿਆਂਦਾ ਕਿ:

*ਨਾਉਂ ਗਰੀਬ ਨਿਵਾਜ਼ ਹਮਾਰਾ, ਜਗ ਮੇਹਿ ਪ੍ਰਸਿਧ ਅਪਾਰਾ।*
*ਸੋ ਸਫਲਾ ਜਗ ਮੈਂ ਤਬ ਹੌਂ ਹੈਂ, ਲਘੁ ਜਾਤਨ ਕੋ ਬਡਪਨ ਦੇ ਹੈਂ।*
*ਜਿਨ ਕੀ ਜਾਤ ਔਰ ਕੁਲ ਮਾਹੀਂ, ਸਰਦਾਰੀ ਨਹਿ ਭਈ ਕਦਾਂਹੀ।*
*ਇਨ ਹੀ ਕੋ ਸਰਦਾਰ ਬਨਾਵੋਂ, ਤਬੈ ਗੁਬਿੰਦ ਸਿੰਘ ਨਾਮ ਸਦਾਵੋਂ।*

'ਗੁਰਬਿਲਾਸ ਪਾਤਸ਼ਾਹੀ ਦਸ' ਜੋ ਭਾਈ ਕੁਇਰ ਸਿੰਘ ਨੇ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ੪੩ ਸਾਲ ਬਾਅਦ ਸੰਨ ੧੭੫੧ ਵਿਚ ਲਿਖਿਆ। ਇਸ ਵਿਚ ਉਹ ਲਿਖਦੇ ਹਨ:

*ਜੋਤ ਦਈ ਤਿਹ ਕੋ ਅਪਨੀ ਪੁਨਿ, ਕਲਗੀ ਔ ਜਿਗਾ ਸੁਖਦਾਨੀ।*
*ਸੰਗਤ ਸਿੰਘ ਹੈ ਨਾਮ ਜਿਸੈ ਕਛੁ, ਤਾ ਬਪੁ ਹੈ ਕਰਿ ਸ੍ਰੀ ਗੁਰ ਸਾਨੀ॥੨੯॥*
*ਮੁਕਟ ਦਯੋ ਅਸ ਬੈਨ ਕਹੈ, "ਤੁਮ ਮੋ ਪਰ ਜਾਇ ਅਬੈ ਸੁਨ ਪਾਹੀ।*
*ਮੈਂ ਪਛ ਆਵਹੁ ਕਾਮ ਰਹੈ ਕਛੁ", ਥਾਪੀ ਦਈ ਤਿਨ ਕੋ ਬਰ ਬਾਹੀ।*

*ਆਪਨੇ ਆਸਨ ਤਾਹਿ ਬੈਠਾਇ ਕੇ, ਕੀਨ ਖੁਸੀ ਅਤਿਸੈ ਸੁਖ ਮਾਹੀ।*
*ਦ੍ਵੈ ਕਰ ਬਾਨ ਕਰੋ ਖਲ ਖੰਡਨ, ਜਾਵਤ ਹੈਂ ਹਮ ਮਾਲਵ ਤਾਹੀ॥੩੦॥*

ਭਾਈ ਸੰਗਤ ਸਿੰਘ ਜੀ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ ਮੇਰੇ ਮੋਰਚੇ ਵਾਲੇ ਆਸਣ 'ਤੇ ਬੈਠਣਾ। ਦਿਨ ਚੜ੍ਹੇ ਜਦੋਂ ਮੁਗ਼ਲ ਫੌਜਾਂ ਗੜ੍ਹੀ 'ਤੇ ਹਮਲਾ ਕਰਨ ਤਾਂ ਵੈਰੀ ਦਾ ਡੱਟ ਕੇ ਮੁਕਾਬਲਾ ਕਰਨਾ। ਜਿਊਂਦੇ ਜੀਅ ਵੈਰੀ ਦੇ ਹੱਥ ਨਹੀਂ ਆਉਣਾ। ਮੈਦਾਨ-ਏ-ਜੰਗ ਵਿਚ 'ਦ੍ਵੈ ਕਰ ਬਾਨ ਕਰੋ ਖਲ ਖੰਡਨ' ਭਾਵ ਕਿ ਦੋਹੀਂ-ਦੋਹੀਂ ਹੱਥੀਂ ਤੀਰ ਚਲਾ ਕੇ ਵੈਰੀ ਦਾ ਖਾਤਮਾ ਕਰਨਾ ਹੈ। ਮੈਦਾਨ-ਏ-ਜੰਗ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ। ਧਰਮ-ਯੁੱਧ ਪ੍ਰਤੀ ਗੁਰੂ ਸਾਹਿਬ ਦੇ ਵਿਚਾਰ 'ਜ਼ਫ਼ਰਨਾਮਾਂ' ਵਿਚ ਇਸ ਤਰ੍ਹਾਂ ਅੰਕਿਤ ਹਨ:

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।*
*ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।*

ਜਦੋਂ ਸਿੰਘਾਂ ਦੀ ਬੇਨਤੀ 'ਤੇ ਗੁਰੂ ਸਾਹਿਬ ਜੀ ਚਮਕੌਰ ਦੀ ਗੜ੍ਹੀ ਨੂੰ ਅਲਵਿਦਾ ਕਹਿ ਕੇ ਚੱਲੇ ਸਨ ਤਾਂ ਉਸ ਵੇਲੇ ਉਨ੍ਹਾਂ ਦੇ ਨਾਲ ਤਿੰਨ ਸਿੰਘ ਸਨ। ਭਾਈ ਮਾਨ ਸਿੰਘ ਤੋਂ ਇਲਾਵਾ ਵੈਸਾਖੀ 'ਤੇ ਸਾਜੇ ਗਏ ਪੰਜਾਂ ਪਿਆਰਿਆਂ ਵਿੱਚੋਂ ਦੋ ਪਿਆਰੇ ਭਾਈ ਧਰਮ ਸਿੰਘ ਜੀ ਅਤੇ ਭਾਈ ਦਇਆ ਸਿੰਘ ਜੀ ਇਨ੍ਹਾਂ 'ਚ ਸ਼ਾਮਲ ਸਨ।

ਚਮਕੌਰ ਦੀ ਜੰਗ ਤੋਂ ਪਹਿਲਾਂ ਭਾਈ ਸੰਗਤ ਸਿੰਘ ਜੀ ਨੇ ਬਸੀ ਕਲਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਪੰਡਤਾਣੀ ਛੁਡਾਉਣ, ਭੰਗਾਣੀ ਦਾ ਯੁੱਧ, ਅਗੰਮਪੁਰੇ ਦੀ ਲੜਾਈ, ਸਰਸਾ ਦੀ ਜੰਗ ਵਿਚ ਪੂਰੀ ਬਹਾਦਰੀ ਅਤੇ ਸੂਰਬੀਰਤਾ ਦਾ ਸਬੂਤ ਦਿੱਤਾ ਸੀ। ਭਾਈ ਸੰਗਤ ਸਿੰਘ ਜੀ ਨੂੰ ਗੁਰੂ ਸਾਹਿਬ ਜੀ ਦੀ ਤਰ੍ਹਾਂ ਦੋਹਾਂ ਹੱਥਾਂ ਨਾਲ ਤੀਰ-ਅੰਦਾਜ਼ੀ ਕਰਨ ਵਿਚ ਮੁਹਾਰਤ ਹਾਸਲ ਸੀ। ਇਹ ਮੁਹਾਰਤ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਸਾਹਿਬ ਜੀ ਦੇ ਬਚਪਨ ਦੇ ਸਾਥ ਤੋਂ ਪ੍ਰਾਪਤ ਹੋਈ ਸੀ। ਦੂਜਾ ਗੁਰੂ ਸਾਹਿਬ ਜੀ ਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਸੀਸ ਝੁਕਾਉਂਦਿਆਂ ਹੋਇਆਂ ਭਾਈ ਸੰਗਤ ਸਿੰਘ ਜੀ ਨੇ ਮਾਲਵੇ ਵਿਚ ਗੁਰੂ-ਘਰ ਦੇ ਸੇਵਾਦਾਰ ਬਣ ਕੇ ਪੂਰੀ ਤਨਦੇਹੀ ਨਾਲ ਸਿੱਖੀ ਦਾ ਪ੍ਰਚਾਰ ਕੀਤਾ ਸੀ।

ਸਵੇਰ ਨੂੰ ਜਦੋਂ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਭਾਈ ਸੰਗਤ ਸਿੰਘ ਜੀ ਦੇ ਪਹਿਨੀਂ ਹੋਈ ਗੁਰੂ ਸਾਹਿਬ ਜੀ ਵਾਲੀ ਪੌਸ਼ਾਕ ਅਤੇ ਕਲਗੀ ਨੇ ਬਾਰ-ਬਾਰ ਮੁਗ਼ਲਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭੁਲੇਖਾ ਪਾਇਆ। ਉਹ ਤਾਬੜ-ਤੋੜ ਹਮਲੇ ਕਰਦੀਆਂ ਰਹੀਆਂ। ਭਾਈ ਸਾਹਿਬ ਜੀ ਨੇ ਵੀ ਪੂਰੀ ਬਹਾਦਰੀ ਦਿਖਾਉਂਦੇ ਹੋਏ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ। ਕਿਰਪਾਨ, ਤੀਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰ ਕੇ ਮੁਗ਼ਲਾਂ ਦੇ ਆਹੂ ਲਾਹ ਛੱਡੇ। ਜ਼ਖਮੀ ਹੋਏ ਵੀ ਭਾਈ ਸੰਗਤ ਸਿੰਘ ਜੀ ਅੰਤ ਸਮੇਂ ਤਕ ਗੁਰੂ ਫਤਹ ਦੇ ਜੈਕਾਰੇ ਗਜਾਉਂਦੇ ਰਹੇ। ਜ਼ਾਲਮਾਂ

**(ਬਾਕੀ ਸਫ਼ਾ ੩੬ 'ਤੇ)**

# ਅਦੁੱਤੀ ਨਿਸ਼ਕਾਮ ਸੇਵਕ : ਭਾਈ ਘਨੱਈਆ ਜੀ

*-ਡਾ. ਮੁਹੰਮਦ ਇਦਰੀਸ**

ਸਿੱਖ ਇਤਿਹਾਸ ਦੀ ਇਕ ਮਹਾਨ ਸ਼ਖ਼ਸੀਅਤ ਜਿਸ ਨੂੰ ਭਾਈ ਘਨੱਈਆ ਜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਿਸ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਲੜਾਈ ਦੌਰਾਨ ਇਕ ਅਜਿਹੀ ਲਾਸਾਨੀ ਪਰੰਪਰਾ ਦਾ ਸਬੂਤ ਦਿੱਤਾ ਜਿਸ ਦੀ ਮਿਸਾਲ ਦੁਨੀਆਂ ਦਾ ਇਤਿਹਾਸ ਫਰੋਲਣ 'ਤੇ ਸ਼ਾਇਦ ਨਾ ਮਿਲ ਸਕੇ। ਬਿਨਾਂ ਕਿਸੇ ਧਰਮ ਅਤੇ ਜਾਤ-ਪਾਤ ਦੇ ਭੇਦਭਾਵ ਤੋਂ ਉਹ ਫੱਟੜ ਹੋਏ ਗੁਰੂ ਜੀ ਦੇ ਸਿੱਖਾਂ ਤੇ ਦੁਸ਼ਮਣਾਂ ਨੂੰ ਇਕ ਅੱਖ ਨਾਲ ਵੇਖਦੇ ਹੋਏ ਪਾਣੀ ਪਿਲਾਉਣ ਦੀ ਨਿਸ਼ਕਾਮ ਸੇਵਾ ਵਿਚ ਜੁੱਟੇ ਰਹੇ। ਜਦ ਗੁਰੂ ਜੀ ਨੇ ਭਾਈ ਘਨੱਈਆ ਤੋਂ ਦੁਸ਼ਮਣਾਂ ਨੂੰ ਪਾਣੀ ਪਿਲਾਉਣ ਦੀ ਗੱਲ ਦਾ ਰਾਜ਼ ਜਾਣਨਾ ਚਾਹਿਆ ਤਾਂ ਭਾਈ ਘਨੱਈਆ ਜੀ ਬੋਲ ਉੱਠੇ ਕਿ ਤੁਸੀਂ ਹੀ ਤਾਂ ਮੈਨੂੰ ਇਹ ਰਾਹ ਸਿਖਾਇਆ ਹੈ ਕਿ ਮਨੁੱਖ-ਮਨੁੱਖ ਵਿਚ ਕੋਈ ਅੰਤਰ ਨਹੀਂ ਹੈ ਇਸ ਕਰਕੇ ਸਭ ਜ਼ਖ਼ਮੀ ਮੈਨੂੰ ਬਰਾਬਰ ਨਜ਼ਰ ਆਉਂਦੇ ਹਨ। ਗੁਰੂ ਜੀ ਭਾਈ ਘਨੱਈਆ ਜੀ ਦੇ ਉੱਤਰ ਤੋਂ ਬਹੁਤ ਖੁਸ਼ ਹੋਏ।

ਭਾਈ ਘਨੱਈਆ ਜੀ ਦਾ ਜਨਮ ਪਿੰਡ ਸੋਧਰਾ (ਪਾਕਿਸਤਾਨ) ਵਿਖੇ ਮਾਤਾ ਸੁੰਦਰੀ ਜੀ ਦੇ ਘਰ ਹੋਇਆ। ਆਪ ਦੇ ਪਿਤਾ ਭਾਈ ਨੱਥੂ ਰਾਮ ਜੀ ਸਨ ਜੋ ਇਕ ਵੱਡੇ ਸੌਦਾਗਰ ਸਨ। ਭਾਈ ਘਨੱਈਆ ਜੀ ਦੇ ਪਿਤਾ ਜੀ ਸ਼ਾਹੀ ਫੌਜਾਂ ਨੂੰ ਰਸਦ-ਪਾਣੀ ਪਹੁੰਚਾਉਣ ਦਾ ਕਾਰਜ ਕਰਦੇ ਸਨ। ਭਾਈ ਘਨੱਈਆ ਜੀ ਦੀ ਬਿਰਤੀ ਬਚਪਨ ਤੋਂ ਹੀ ਪ੍ਰਭੂ-ਭਗਤੀ ਵਿਚ ਲੱਗੀ ਹੋਈ ਸੀ। ਗਰੀਬਾਂ, ਅਨਾਥਾਂ, ਲੋੜਵੰਦਾਂ ਦੀ ਸੇਵਾ ਅਤੇ ਮਦਦ ਕਰਨਾ ਉਨ੍ਹਾਂ ਦਾ ਮੁੱਖ ਸ਼ੌਕ ਸੀ। ਮਨੁੱਖੀ ਸੇਵਾ ਦੀ ਲਗਨ ਦਾ ਦੀਵਾਨਾ ਭਾਈ ਘਨੱਈਆ ਜੀ ਕਮਜ਼ੋਰਾਂ, ਬਿਰਧਾਂ, ਅਜਨਬੀ ਮੁਸਾਫ਼ਰਾਂ ਦਾ ਸਹੀ ਪੈਰੋਕਾਰ ਹੋ ਨਿੱਬੜਿਆ। ਇਸ ਨਿਸ਼ਕਾਮ ਸੇਵਾ ਦੇ ਸਦਕੇ ਆਪਣੇ ਘਰ ਮਾਂ-ਬਾਪ ਕੋਲੋਂ ਡਾਂਟ-ਫਿਟਕਾਰ ਸਹਿੰਦੇ ਰਹਿੰਦੇ ਪਰ ਨਿਰਸਵਾਰਥ ਮਨੁੱਖਤਾ ਦੀ ਸੇਵਾ ਕਰਨ ਤੋਂ ਕਦੇ ਵੀ ਪਿੱਛੇ ਨਾ ਰਹਿੰਦੇ। ਇਸੇ ਰੰਗ ਨੂੰ ਮਾਣ ਕੇ ਭਾਈ ਘਨੱਈਆ ਜੀ ਨੂੰ ਦੁਨੀਆਂ ਭਰ ਦੀ ਖੁਸ਼ੀ ਪ੍ਰਾਪਤ ਹੁੰਦੀ। ਕਿਹਾ ਜਾਂਦਾ ਹੈ ਕਿ ਆਪ ਜਦੋਂ ਵੀ ਆਪਣੇ ਘਰੋਂ ਬਾਹਰ ਜਾਂਦੇ ਆਪਣੀਆਂ ਜੇਬਾਂ ਨੂੰ ਕੌਡੀਆਂ, ਪੈਸਿਆਂ ਅਤੇ ਰੁਪਿਆਂ ਨਾਲ ਭਰ ਲੈਂਦੇ ਤੇ ਲੋੜਵੰਦਾਂ ਵਿਚ ਵੰਡ ਦਿੰਦੇ। ਭਾਈ ਘਨੱਈਆ ਜੀ ਗਰੀਬਾਂ ਅਤੇ ਬੇਵੱਸ ਲੋਕਾਂ ਉੱਪਰ ਢਾਹੇ ਜਾਂਦੇ ਜ਼ੁਲਮ ਨੂੰ ਵੇਖ, ਉਨ੍ਹਾਂ ਪ੍ਰਤੀ ਆਪਣਾ ਸਭ ਕੁਝ ਵਾਰਨ ਲਈ ਤਤਪਰ ਰਹਿੰਦੇ। ਉਹ ਰਸਤਿਆਂ ਅਤੇ ਸੜਕਾਂ ਉੱਪਰ ਮੁਸਾਫਰਾਂ ਅਤੇ ਬੇਗਾਰੀਆਂ

** ਲੈਕਚਰਾਰ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਫੋਨ : ੯੮੧੪੧-੭੧੭੮੬*

ਦਾ ਸਾਮਾਨ ਚੁੱਕੀ ਫਿਰਦੇ। ਮਾਂ-ਬਾਪ ਨੂੰ ਭਾਈ ਘਨੱਈਆ ਜੀ ਦੀ ਇਹ ਗੱਲ ਪਸੰਦ ਨਹੀਂ ਸੀ।

ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸਾਰੇ ਭਰਾਵਾਂ ਵਿੱਚੋਂ ਵੱਡੇ ਹੋਣ ਕਰਕੇ ਪਰਵਾਰ ਦੀ ਜ਼ਿੰਮੇਵਾਰੀ ਆਪ ਦੇ ਸਿਰ ਉੱਪਰ ਹੀ ਆਈ। ਆਪ ਸ਼ਾਹੀ ਫੌਜਾਂ ਨੂੰ ਰਸਦ-ਪਾਣੀ ਪਹੁੰਚਾਉਣ ਦੇ ਕੰਮ ਵਿਚ ਡਟ ਗਏ। ਇਸ ਸਮੇਂ ਹਿੰਦੁਸਤਾਨ ਵਿਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ ਅਤੇ ਦੂਸਰੇ ਪਾਸੇ ਗੁਰਗੱਦੀ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਬਿਰਾਜਮਾਨ ਸਨ।

ਭਾਈ ਨਨੂਆਂ ਨਾਂ ਦੇ ਸਿੱਖ ਕੋਲੋਂ ਇਕ ਵਾਰੀ ਭਾਈ ਘਨੱਈਆ ਜੀ ਨੇ ਨੌਵੇਂ ਪਾਤਸ਼ਾਹ ਜੀ ਦੇ ਸਲੋਕ ਸੁਣੇ ਤਾਂ ਐਸੀ ਖਿੱਚ ਪਈ ਕਿ ਪ੍ਰੇਮ ਵਿਚ ਲੀਨ ਹੋ ਗਏ। ਬੈਰਾਗ ਦੀ ਅਵਸਥਾ ਉਪਜ ਗਈ। ਮੋਹ ਮਾਇਆ ਅਤੇ ਜਗਤ-ਸੁਖਾਂ ਨੂੰ ਭੁਲਾ ਕੇ ਜੰਗਲਾਂ ਨੂੰ ਨਿਕਲ ਗਏ। ਥਾਂ-ਥਾਂ ਉੱਪਰ ਫਿਰਦੇ ਅਕਾਲ ਪੁਰਖ ਦੀ ਪ੍ਰਾਪਤੀ ਲਈ ਕੋਈ ਉਪਾਅ ਲੱਭਦੇ ਰਹਿੰਦੇ। ਫਿਰਦੇ-ਫਿਰਦੇ ਇਕ ਗੁਰਸਿੱਖ ਨਾਲ ਮੇਲ ਹੋਇਆ ਅਤੇ ਉਸ ਨੂੰ ਸਾਰੀ ਮਨੋਦਸ਼ਾ ਦਾ ਹਾਲ ਸੁਣਾਇਆ। ਉਸ ਗੁਰਸਿੱਖ ਨੇ ਕਿਹਾ ਕਿ ਤੁਸੀਂ ਗ੍ਰਿਹਸਤ ਤਿਆਗ ਕੇ ਚੰਗਾ ਨਹੀਂ ਕੀਤਾ। ਭਾਈ ਸਾਹਿਬ ਨੇ ਉਸ ਸਿੱਖ ਤੋਂ ਪੁੱਛਿਆ ਕਿ ਅਵਿਨਾਸ਼ੀ ਖੇਮ ਕਿੱਥੋਂ ਮਿਲੇ ਤਾਂ ਸਿੱਖ ਨੇ ਕਿਹਾ ਕਿ ਅਸਲ ਪ੍ਰਸੰਨਤਾ ਲੈਣ ਵਿਚ ਨਹੀਂ ਦੇਣ ਵਿਚ ਹੈ।

ਇਕ ਵਾਰ ਭਾਈ ਸਾਹਿਬ ਜੀ ਸੰਗਤ ਨਾਲ ਸ੍ਰੀ ਅਨੰਦਪੁਰ ਸਾਹਿਬ ਆਏ। ਗੁਰੂ ਸਾਹਿਬ ਨੇ ਆਪ ਜੀ ਨੂੰ ਆਉਂਦਿਆਂ ਹੀ ਪਾਣੀ ਦਾ ਘੜਾ ਭਰ ਕੇ ਲਿਆਉਣ ਲਈ ਕਿਹਾ ਗਿਆ। ਆਪ ਜੀ ਨੇ ਜਦੋਂ ਪਾਣੀ ਲਿਆਂਦਾ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਬਾਕੀ ਦਾ ਪਾਣੀ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਭਰ ਕੇ ਲਿਆਉਣ ਲਈ ਕਿਹਾ। ਗੁਰੂ ਜੀ ਨੇ ਪੈਰ ਧੋਤੇ ਅਤੇ ਬਾਕੀ ਦਾ ਪਾਣੀ ਫੇਰ ਡੋਲ੍ਹ ਦਿੱਤਾ। ਇਸ ਤਰ੍ਹਾਂ ਕਾਫੀ ਸਮਾਂ ਹੁੰਦਾ ਰਿਹਾ। ਗੁਰੂ ਜੀ ਇਹ ਪਰਖ ਰਹੇ ਸਨ ਕਿ ਜੇ ਅੱਜ ਗੁਰੂ ਦਾ ਪਾਣੀ ਡੋਲ੍ਹਣਾ ਇਸ ਨੂੰ ਚੁੱਭਿਆ ਤਾਂ ਆਉਣ ਵਾਲੇ ਸਮੇਂ ਵਿਚ ਇਹ ਸਭ ਨੂੰ ਇਕ ਜਾਣ ਕੇ ਪਾਣੀ ਕਿਵੇਂ ਪਿਲਾਏਗਾ। ਪਰ ਭਾਈ ਘਨੱਈਆ ਜੀ ਤਾਂ ਅਨੰਤ ਨੂੰ ਲੱਭਣ ਲਈ ਆਏ ਸਨ। ਨਾ ਗੁਰੂ ਕੀ ਕਰਨੀ 'ਤੇ ਗਿਲਾ ਕੀਤਾ, ਨਾ ਕਿੰਤੂ ਤੇ ਨਾ ਹੀ ਚਿੰਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਜ਼ਰ ਭਰ ਕੇ ਭਾਈ ਘਨੱਈਆ ਜੀ ਵੱਲ ਵੇਖਿਆ ਤਾਂ ਸਾਖੀਕਾਰ ਲਿਖਦਾ ਹੈ ਕਿ ਉਸ ਸਮੇਂ ਆਪ ਜੀ ਨੂੰ ਹੋਰ ਉੱਚੀ ਰੂਹਾਨੀ ਅਵਸਥਾ ਪ੍ਰਾਪਤ ਹੋ ਗਈ। ਆਪ ਜੀ ਨੇ ਕੁਝ ਚਿਰ ਹੋਰ ਜਦ ਸੰਗਤਾਂ ਅਤੇ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕੀਤੀ। ਬਖ਼ਸ਼ਿਸ਼ਾਂ ਕਰਦੇ ਨੌਵੇਂ ਪਾਤਸ਼ਾਹ ਨੇ ਫ਼ਰਮਾਇਆ ਕਿ "ਇਹ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।" ਭਾਈ ਜੀ ਨੇ ਅਟਕ ਤੋਂ ਕੋਈ ੨੦ ਕੋਹ ਉਰਾਂ ਇਕ ਪਿੰਡ ਵਿਚ ਧਰਮਸ਼ਾਲਾ

ਬਣਾ ਕੇ ਸੇਵਾ ਦੇ ਪ੍ਰਚਾਰ ਦਾ ਪ੍ਰਵਾਹ ਚਲਾਇਆ। ਮਾਨਵ-ਸੇਵਾ ਵਿਚ ਪਰਮਾਤਮਾ ਦੀ ਪ੍ਰਾਪਤੀ ਆਪਣਾ ਜੀਵਨ-ਮਕਸਦ ਉਲੀਕ ਲਿਆ। ਇਸ ਕਾਵੇਹ ਨਾਮਕ ਪਿੰਡ ਵਿਚ ਹੀ ਮੁਸਾਫ਼ਰਾਂ ਲਈ ਪਾਣੀ ਅਤੇ ਹਰ ਸਹੂਲਤ ਦਾ ਪ੍ਰਬੰਧ ਕੀਤਾ। ਇੱਥੇ ਹੀ ਆਪ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਸੁਣਿਆ। ਫਿਰ ਆਪ ਕਾਵੇਹ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਜੁੱਟ ਗਏ। ਆਪ ਦਿਨ-ਰਾਤ ਮੋਢੇ 'ਤੇ ਪਾਣੀ ਦੀ ਮਸ਼ਕ ਰੱਖਦੇ ਤੇ ਸੰਗਤਾਂ ਨੂੰ ਪਾਣੀ ਪਿਆਉਂਦੇ।

ਸ੍ਰੀ ਅਨੰਦਪੁਰ ਸਾਹਿਬ ਦੀ ਲੜਾਈ ਵਿੱਚੋਂ ਆਪ ਸਭ ਜ਼ਖ਼ਮੀਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਪਾਣੀ ਪਿਆਉਂਦੇ ਗਏ। ਜਦੋਂ ਸਿੰਘਾਂ ਨੇ ਗੁਰੂ ਜੀ ਪਾਸ ਸ਼ਿਕਾਇਤ ਕੀਤੀ ਕਿ ਅਸੀਂ ਦੁਸ਼ਮਣਾਂ ਨੂੰ ਜ਼ਖ਼ਮੀ ਕਰਦੇ ਹਾਂ ਪਰ ਭਾਈ ਘਨੱਈਆ ਦੁਸ਼ਮਣਾਂ ਨੂੰ ਪਾਣੀ ਪਿਆ ਕੇ ਫਿਰ ਹੋਸ਼ ਵਿਚ ਲੈ ਆਉਂਦਾ ਹੈ ਤਾਂ ਗੁਰੂ ਜੀ ਦੇ ਪੁੱਛਣ 'ਤੇ ਭਾਈ ਘਨੱਈਆ ਜੀ ਨੇ ਕਿਹਾ ਕਿ 'ਮਹਾਰਾਜ, ਮੈਨੂੰ ਤਾਂ ਹਰ ਕਿਸੇ ਵਿੱਚੋਂ ਤੁਹਾਡਾ ਹੀ ਮੁੱਖ ਨਜ਼ਰ ਆਉਂਦਾ ਹੈ।' ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਆਪਣੀ ਹਿੱਕ ਨਾਲ ਲਾ ਲਿਆ ਅਤੇ ਕਿਹਾ ਕਿ 'ਭਾਈ ਘਨੱਈਆ, ਤੂੰ ਧੰਨ ਹੈਂ, ਧੰਨ ਤੇਰੀ ਕਮਾਈ ਹੈ!' ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਇਕ ਮੱਲ੍ਹਮ ਦੀ ਡੱਬੀ ਵੀ ਦਿੱਤੀ ਤੇ ਫ਼ਰਮਾਇਆ ਕਿ ਜ਼ਖ਼ਮੀਆਂ ਨੂੰ ਪਾਣੀ ਦੇ ਨਾਲ-ਨਾਲ ਮੱਲ੍ਹਮ-ਪੱਟੀ ਵੀ ਕਰਦਾ ਜਾਹ। ਆਪ ਜੀ ਦੀਆਂ ਪੈੜਾਂ 'ਤੇ ਕਈ ਨਿਸ਼ਕਾਮ ਸੇਵਕ ਸੇਵਾ ਦੇ ਖੇਤਰ ਵਿਚ ਕਮਰਕੱਸਾ ਕਰਕੇ ਉਤਰੇ। ਜੋ ਜੰਗਾਂ ਵਿਚ ਤੁਰਕ-ਅਤੁਰਕ ਦਾ ਵਿਤਕਰਾ ਮੇਟ ਕੇ ਜਲ ਦੀ ਸੇਵਾ ਤੇ ਫੱਟਾਂ ਨੂੰ ਸੀਂਦੇ ਤੇ ਪੱਟੀ ਬੰਨ੍ਹਦੇ। ਭਾਈ ਘਨੱਈਆ ਜੀ ਦਾ ਨਾਮ ਨਿਸ਼ਕਾਮ ਸੇਵਾ ਦਾ ਇਕ ਪ੍ਰਤੀਕ ਬਣ ਚੁੱਕਾ ਹੈ।

ਭਾਈ ਘਨੱਈਆ ਜੀ ਦੇ ਸੁਭਾਅ ਸਬੰਧੀ ਲਿਖਿਆ ਮਿਲਦਾ ਹੈ ਕਿ ਉਹ ਸਦਾ ਹੀ ਸਹਿਜ ਵਿਚ ਵਿਚਰਦੇ ਸਨ ਤੇ ਕਦੇ ਵੀ ਨਿੱਜ ਦਾ ਖਿਆਲ ਨਹੀਂ ਸਨ ਕਰਦੇ। ਉਹ ਪਰਉਪਕਾਰ ਲਈ ਸਦਾ ਤਤਪਰ ਰਹਿੰਦੇ ਸਨ। ਭਾਈ ਘਨੱਈਆ ਜੀ ਦੁਆਰਾ ਅਰੰਭੀ ਗਈ ਸੇਵਾ-ਪੰਥੀ ਸੰਸਥਾ ਨੇ ਸਾਰੀ ਦੁਨੀਆਂ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਸੀ।

ਭਾਈ ਸਾਹਿਬ ਨੇ ਸਾਰੀ ਉਮਰ ਮਨੁੱਖਤਾ ਦੀ ਸੇਵਾ ਵਿਚ ਆਪਣਾ ਜੀਵਨ ਲਗਾ ਦਿੱਤਾ। ਉਨ੍ਹਾਂ ਦਾ ਮਿਸ਼ਨ ਇਕਤਰਫ਼ਾ ਨਹੀਂ ਸਗੋਂ ਹਰ ਕੌਮ ਅਤੇ ਧਰਮ ਦੀ ਰਹਿਬਰੀ ਕਰਦਾ ਸੀ। ਸੱਚਮੁਚ ਹੀ ਭਾਈ ਘਨੱਈਆ ਜੀ ਮਨੁੱਖਤਾ ਦੇ ਇਕ ਅਦੁੱਤੀ ਨਿਸ਼ਕਾਮ ਸੇਵਕ ਸਨ।

■

# ਮਹਾਨ ਸ਼ਹੀਦ ਭਾਈ ਜੀਵਨ ਸਿੰਘ

*-ਸ. ਦਮਨਜੀਤ ਸਿੰਘ**

ਸਿੱਖ ਇਤਿਹਾਸ ਸ਼ਹੀਦੀਆਂ ਦਾ ਇਤਿਹਾਸ ਹੈ। ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ। ਉਸ ਸਮੇਂ ਤੋਂ ਲੈ ਕੇ ਹੁਣ ਤਕ ਸਿੱਖ ਧਰਮ ਨੂੰ ਸਮੇਂ ਦੇ ਹਾਕਮਾਂ ਦੇ ਜ਼ੁਲਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖਾਂ ਦੀ ਵੱਖਰੀ ਪਹਿਚਾਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਖਾਲਸੇ ਦੀ ਸਾਜਣਾ ਕੀਤੀ ਸੀ। ਸਿੱਖਾਂ ਦੀਆਂ ਸ਼ਹੀਦੀਆਂ ਦੀ ਗਿਣਤੀ ਕਰਨਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ। ਸਿੱਖ ਸ਼ਹੀਦਾਂ ਦੇ ਵਿਚ ਭਾਈ ਜੀਵਨ ਸਿੰਘ ਦਾ ਵਿਸ਼ੇਸ਼ ਸਥਾਨ ਹੈ। ਕਿਉਂ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੀਵਨ ਸਿੰਘ ਨੂੰ 'ਰੰਗਰੇਟਾ ਗੁਰੂ ਦਾ ਬੇਟਾ' ਦੀ ਉਪਾਧੀ ਦੇ ਕੇ ਸਨਮਾਨਿਆ ਸੀ। ਭਾਈ ਜੀਵਨ ਸਿੰਘ ਦਾ ਜਨਮ ਪਿੰਡ ਗੰਗੋਮਾਹਲ (ਸ੍ਰੀ ਅੰਮ੍ਰਿਤਸਰ) ਵਿਖੇ ਮਾਤਾ ਪ੍ਰੇਮੋ ਦੀ ਕੁੱਖੋਂ ਸ੍ਰੀ ਸਦਾ ਨੰਦ ਦੇ ਘਰ ਹੋਇਆ। ਆਪ ਦੇ ਮਾਤਾ ਪਿਤਾ ਗੁਰੂ-ਘਰ ਦੇ ਪ੍ਰੇਮੀ ਸਨ। ਭਾਈ ਜੀਵਨ ਸਿੰਘ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਕਥਾ ਕਰਿਆ ਕਰਦੇ ਸਨ ਤੇ ਭਾਈ ਜੀਵਨ ਸਿੰਘ ਨੇ ਵੀ ਆਪਣਾ ਜੀਵਨ ਗੁਰੂ ਸਾਹਿਬ ਦੇ ਚਰਨਾਂ ਵਿਚ ਲਗਾ ਦਿੱਤਾ ਤੇ ਆਖਰੀ ਦਮ ਤਕ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਰਹੇ ਅਤੇ ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਆਪ ਦਾ ਪਰਵਾਰ ਪਹਿਲਾਂ ਹੀ ਗੁਰੂ-ਪਰਵਾਰ ਨਾਲ ਜੁੜਿਆ ਹੋਇਆ ਸੀ। ਆਪ ਨੂੰ ਗੁਰੂ-ਘਰ ਦੇ ਲੜ ਲਾਇਆ ਤੇ ਆਪ 'ਤੇ ਗੁਰੂ-ਘਰ ਦੀ ਕਿਰਪਾ ਹੋਈ ਤੇ ਸਿੱਖੀ ਦੀ ਰੰਗਤ ਚੜ੍ਹੀ। ਜਿੱਥੇ ਆਪ ਨਾਮ ਨਾਲ ਜੁੜੇ ਉਥੇ ਆਪ ਨੇ ਸ਼ਸਤਰ-ਸਿੱਖਿਆ ਦੀ ਵੀ ਟ੍ਰੇਨਿੰਗ ਲਈ। ਆਪ ਇਕ ਯੋਧੇ ਦੇ ਰੂਪ ਵਿਚ ਉਭਰੇ। ਗੁਰੂ ਸਾਹਿਬ ਦੇ ਨਾਲ ਹਰ ਮੁਸੀਬਤ ਵਿਚ ਖੜ੍ਹੇ ਹੋਏ। ਭਾਈ ਜੀਵਨ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਲੜੀਆਂ ਲੜਾਈਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਸਿੱਖ ਧਰਮ ਨੇ ਜਾਤ-ਪਾਤ ਬੰਧਨਾਂ ਦਾ ਵਿਰੋਧ ਕੀਤਾ। ਅਖੌਤੀ ਨੀਵੀਂ ਜਾਤ ਵਾਲਿਆਂ ਦੀ ਆਪਸ ਵਿਚ ਵਧ ਰਹੀ ਨਫ਼ਰਤ ਨੂੰ ਸਮਾਪਤ ਕੀਤਾ। ਇਹ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਦਰਸਾ ਕੇ ਗਏ ਅਤੇ ਬਾਕੀ ਦੇ ੯ ਗੁਰੂ ਸਾਹਿਬਾਨ ਨੇ ਵੀ ਇਸ ਨੂੰ ਅਮਲ ਵਿਚ ਲਿਆਉਣ ਲਈ ਹਰ ਸੰਭਵ ਯਤਨ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸ੍ਰੀ ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਅਤੇ ਮਿਸ਼ਨ ਨੂੰ ਅਮਲ ਵਿਚ ਲਿਆਉਣ ਲਈ ਵਧ ਤੋਂ ਵਧ ਕੁਰਬਾਨੀਆਂ ਕੀਤੀਆਂ। ਕਸ਼ਮੀਰੀ ਪੰਡਤ ਔਰੰਗਜ਼ੇਬ

** #੮੮੯, ਫੇਜ਼ ੧੦, ਮੋਹਾਲੀ-੧੬੦੦੬੨*

ਦੇ ਜ਼ੁਲਮਾਂ ਤੋਂ ਅੱਕ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਏ ਤੇ ਸਾਰੀ ਵਿੱਥਿਆ ਸੁਣਾਈ। ਹਾਲਾਤ ਨੂੰ ਦੇਖਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦੀ ਦੇ ਦਿੱਤੀ। ਕੁਦਰਤ ਦੀ ਕਰਨੀ ਅਜੇਹੀ ਹੋਈ ਕਿ ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਬਹੁਤ ਹਨੇਰੀ ਝੱਖੜ ਝੁੱਲਿਆ ਅਤੇ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਭਾਈ ਜੀਵਨ ਸਿੰਘ ਗੁਰੂ ਸਾਹਿਬ ਦਾ ਸੀਸ ਸੰਭਾਲਨ ਵਿਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਨੇ ਦਿੱਲੀ ਤੋਂ ਗੁਰੂ ਸਾਹਿਬ ਦਾ ਸੀਸ ਲਿਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸਤਿਕਾਰ ਸਹਿਤ ਭੇਟ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੀਵਨ ਸਿੰਘ ਦੀ ਹਿੰਮਤ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਦਾ ਖਿਤਾਬ ਦਿੱਤਾ। ਜਦੋਂ ਗੁਰੂ ਸਾਹਿਬ ਨੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕੀਤਾ ਤਾਂ ਭਾਈ ਜੀਵਨ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਹਰ ਮੁਸੀਬਤ ਵਿਚ ਅੱਗੇ ਹੁੰਦਾ ਰਿਹਾ ਅਤੇ ਜ਼ਾਲਮਾਂ ਨਾਲ ਲੜਦਾ ਹੋਇਆ ਸ਼ਹਾਦਤ ਦਾ ਜਾਮ ਪੀ ਗਿਆ। ਇਸ ਤਰ੍ਹਾਂ ਭਾਈ ਜੀਵਨ ਸਿੰਘ ਨੇ ਮੁਗ਼ਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਅਤੇ ਧਰਮ ਦੀ ਰੱਖਿਆ ਕਰਦੇ ਹੋਏ ਸ਼ਹਾਦਤ ਦਾ ਪਿਆਲਾ ਪੀਤਾ ਤੇ ਗੁਰੂ-ਘਰ ਦੇ ਆਖਰੀ ਦਮ ਤਕ ਵਿਸ਼ਵਾਸ ਪਾਤਰ ਬਣੇ ਰਹੇ। ■

---

## ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ (ਸਫ਼ਾ ੩੧ ਦਾ ਬਾਕੀ ਹਿੱਸਾ)

ਵਿਰੁੱਧ ਯੁੱਧ ਲਈ ਗੁਰੂ ਸਾਹਿਬ ਜੀ ਦੇ ਫ਼ਲਸਫ਼ੇ 'ਤੇ ਚੱਲਦਿਆਂ ਹੋਇਆਂ ਦੁਸ਼ਮਣਾਂ ਨਾਲ ਚਮਕੌਰ ਦੀ ਅਦੁੱਤੀ ਜੰਗ ਲੜ ਕੇ ਗੁਰੂ-ਆਸ਼ੇ ਨੂੰ ਸਰਅੰਜ਼ਾਮ ਦੇ ਕੇ ਅੰਤ ਸ਼ਹਾਦਤ ਦਾ ਜਾਮ ਪੀ ਗਏ।

ਇਸ ਤਰ੍ਹਾਂ ਚਮਕੌਰ ਦੀ ਜੁਝਵੀਂ ਜੰਗ ਵਿਚ ਦਸਮ ਪਿਤਾ ਨੇ ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ ਸਿਰਜਿਆ। ਇਸ ਦੀ ਮਿਸਾਲ ਸੰਸਾਰ ਦੀ ਕਿਸੇ ਵੀ ਇਤਿਹਾਸਿਕ ਜੰਗ ਵਿਚ ਨਹੀਂ ਮਿਲਦੀ, ਜੋ ਬਿਨਾਂ ਕਿਸੇ ਲੋਭ, ਲਾਲਚ ਦੇ ਲੜੀ ਗਈ ਹੋਵੇ। ਸਿੱਖ ਧਰਮ ਦੇ ਬੂਟੇ ਨੂੰ ਸਦਾ ਹਰਾ-ਭਰਾ ਰੱਖਣ ਲਈ ਇਕ ਬਾਪ ਨੇ ਆਪਣੇ ਪੁੱਤਰਾਂ ਦੇ ਖ਼ੂਨ ਨਾਲ ਉਸ ਬੂਟੇ ਨੂੰ ਮਹਿਕਾਇਆ। ਉਸ ਬੂਟੇ ਦੀ ਖਾਤਰ ਗੁਰੂ ਪਿਤਾ ਨੇ ਪੁੱਤਰਾਂ ਦੇ ਨਾਲ ਆਪਣੇ ਨਾਦੀ ਪੁੱਤਰਾਂ (ਖਾਲਸੇ) ਨੂੰ ਕੁਰਬਾਨ ਕੀਤਾ। ਗੰਜਿ-ਸ਼ਹੀਦਾਂ ਵਿਚ ਅੱਲ੍ਹਾ ਯਾਰ ਖਾਂ ਜੋਗੀ ਜੀ ਲਿਖਦੇ ਹਨ:

*ਬੱਸ ਏਕ ਹਿੰਦ ਮੇਂ ਤੀਰਥ ਹੈ, ਯਾਤ੍ਰਾ ਕੇ ਲਿਯੇ।*
*ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ।*
*ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ।*
*ਯਹੀ ਸੇ ਬਨ ਕੇ ਸਤਾਰੇ ਗਏ ਸਮਾੱ ਕੇ ਲਿਯੇ।* ■

# 'ਪੀਰ ਮੁਰੀਦਾ ਪਿਰਹੜੀ' ਦਾ ਸੁੱਚਾ ਮੋਤੀ ਸ਼ਹੀਦ ਭਾਈ ਮੋਤੀ ਰਾਮ ਜੀ

*-ਡਾ. ਜਗਜੀਵਨ ਸਿੰਘ**

ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਵਿਖੇ ਸਥਾਪਿਤ ਗੁਰਦੁਆਰਾ 'ਠੰਡਾ ਬੁਰਜ ਸਾਹਿਬ' ਦਾ ਸਿੱਖ ਇਤਿਹਾਸ ਅੰਦਰ ਆਪਣਾ ਵਿਸ਼ੇਸ਼ ਸਥਾਨ ਹੈ। ਇਸ ਇਤਿਹਾਸਿਕ ਸਥਾਨ ਨਾਲ ਜੁੜੀਆਂ ਬਹੁਤ ਹੀ ਅਹਿਮ 'ਸਿੱਖ ਸ਼ਹੀਦਾਂ ਦੀਆਂ ਯਾਦਾਂ ਅਤੇ ਤਸਵੀਰਾਂ' ਵਿਚ ਇਕ ਵਿਸ਼ੇਸ਼ ਯਾਦ ਗੁਰੂ-ਘਰ ਦੇ ਉਸ ਸੱਚੇ-ਸੁੱਚੇ ਅਤੇ ਪ੍ਰਵਾਨ ਚੜ੍ਹੇ 'ਮੁਰੀਦ' ਭਾਈ ਮੋਤੀ ਰਾਮ ਜੀ ਦੀ ਵੀ ਜੁੜੀ ਹੋਈ ਹੈ। ਭਾਈ ਮੋਤੀ ਰਾਮ ਜੀ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਬੜੇ ਦਲੇਰਾਨਾ ਅੰਦਾਜ਼ ਨਾਲ ਰਾਤ ਦੇ ਹਨੇਰੇ ਵਿਚ ਲਗਾਤਾਰ ਤਿੰਨ ਦਿਨ ਠੰਡੇ ਬੁਰਜ ਵਿਚ ਕੈਦ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜਲ ਅਤੇ ਦੁੱਧ ਪਿਆਉਣ ਦੀ ਵੱਡੀ ਸੇਵਾ ਕੀਤੀ ਸੀ। ਇਹ ਸੇਵਾ ਭਾਈ ਮੋਤੀ ਰਾਮ ਜੀ ਨੇ ਉਨ੍ਹਾਂ ਭਿਆਨਕ ਸਮਿਆਂ ਵਿਚ ਕੀਤੀ ਜਦੋਂ ਮਾਸੂਮ ਬੱਚਿਆਂ ਅਤੇ ਉਨ੍ਹਾਂ ਦੀ ਬਿਰਧ ਦਾਦੀ ਮਾਂ ਨੂੰ ਠੰਡੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਇਸ ਦੇ ਸਿੱਟੇ ਵਜੋਂ ਸਰਹਿੰਦ ਦੇ ਚਾਰ-ਚੁਫੇਰੇ ਵੱਸਦੇ ਗੁਰੂ-ਘਰ ਦੇ ਮੁਰੀਦਾਂ/ਸ਼ਰਧਾਲੂਆਂ ਵਿਚ ਉੱਠ ਰਹੇ ਰੋਹ ਅਤੇ ਵਿਦਰੋਹ ਨੂੰ ਭਾਂਪਦਿਆਂ ਡਰੇ ਹੋਏ ਵਜ਼ੀਰ ਖ਼ਾਂ ਦੁਆਰਾ ਲੋਕਾਂ ਅੰਦਰ ਸਹਿਮ ਅਤੇ ਦਹਿਸ਼ਤ ਪੈਦਾ ਕਰਨ ਦੇ ਮੰਤਵ ਨਾਲ ਇਹ ਐਲਾਨ ਕਰਵਾਇਆ ਜਾ ਚੁੱਕਾ ਸੀ ਕਿ ਜੋ ਵੀ ਆਦਮੀ ਹਕੂਮਤ ਦੇ ਬਾਗੀ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਸ ਦੇ ਪਰਵਾਰ ਦੀ ਕਿਸੇ ਵੀ ਤਰੀਕੇ ਮਦਦ ਕਰਨ ਦੀ ਜ਼ੁਰਅਤ ਕਰੇਗਾ ਉਸ ਨੂੰ ਪਰਵਾਰ ਸਮੇਤ ਕੋਹਲੂ ਵਿਚ ਪੀੜ ਦਿੱਤਾ ਜਾਵੇਗਾ।

ਭਾਈ ਮੋਤੀ ਰਾਮ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਸ਼ਾਹੀ ਕਿਲ੍ਹੇ ਅੰਦਰ ਕਾਇਮ ਜੇਲ੍ਹ ਦੇ ਲੰਗਰ ਵਿਚ ਮੁਲਾਜ਼ਮ ਸਨ ਅਤੇ ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹਿੰਦੂ-ਸਿੱਖ ਕੈਦੀਆਂ ਨੂੰ ਲੰਗਰ-ਪਾਣੀ ਛਕਾਉਣ ਦੀ ਸੀ। ਸੋ ਸੁਭਾਵਿਕ ਹੀ ਭਾਈ ਮੋਤੀ ਰਾਮ ਠੰਡੇ ਬੁਰਜ ਵਿਚ ਕੈਦ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਲਈ ਜੇਲ੍ਹ ਵਿਚ ਤਿਆਰ ਕੀਤਾ ਭੋਜਨ ਲੈ ਕੇ ਗਏ। ਮਾਤਾ ਜੀ ਨੇ ਇਸ ਨੂੰ ਗਰੀਬਾਂ ਦਾ ਖੂਨ ਨਿਚੋੜ ਕੇ ਇਕੱਠੀ ਕੀਤੀ ਮਾਇਆ ਤੋਂ ਤਿਆਰ ਕੀਤਾ ਭੋਜਨ ਆਖ ਕੇ ਵਾਪਸ ਮੋੜ ਦਿੱਤਾ।

---

** ਲੈਕਚਰਾਰ, ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ।*

ਭਾਈ ਮੋਤੀ ਰਾਮ ਦੇ ਕੋਮਲ ਹਿਰਦੇ ਅੰਦਰ ਗੁਰੂ-ਘਰ ਪ੍ਰਤੀ ਬੜੀ ਅਥਾਹ ਸ਼ਰਧਾ, ਪਿਆਰ ਅਤੇ ਸਤਿਕਾਰ ਭਾਵਨਾ ਸੀ। ਉਹ ਬੜੇ ਦੁਖੀ ਮਨ ਨਾਲ ਘਰ ਪਰਤਿਆ ਅਤੇ ਫਿਰ ਪਿਆਰ ਵਿਚ ਅਜਬ ਦੀਵਾਨਗੀ ਭਰੀ ਦਲੇਰੀ, ਸਿਦਕਦਿਲੀ ਅਤੇ ਬੇਪਰਵਾਹੀ ਵਾਲੀ ਅਵਸਥਾ ਵਿਚ ਵਜ਼ੀਰ ਖਾਂ ਦੇ ਭੈਅ ਅਤੇ ਉਸ ਦੁਆਰਾ ਢਾਹੇ ਜਾਣ ਵਾਲੇ ਸੰਭਾਵੀ ਬੇਕਿਰਕ ਤਸ਼ੱਦਦ ਦੀ ਬਿਲਕੁਲ ਪ੍ਰਵਾਹ ਨਾ ਕੀਤੀ। ਉਹ ਲਗਾਤਾਰ ਬਿਰਧ ਮਾਤਾ ਗੁਜਰੀ ਜੀ ਅਤੇ ਮਾਸੂਮ ਬੱਚਿਆਂ ਨੂੰ ਠੰਡੇ ਬੁਰਜ ਅੰਦਰ ਆਪਣੇ ਘਰ ਦਾ ਪਵਿੱਤਰ ਜਲ ਅਤੇ ਦੁੱਧ ਛਕਾਉਣ ਦੀ ਬਾਕਮਾਲ ਸੇਵਾ ਕਰਦਾ ਰਿਹਾ।

ਵਜ਼ੀਰ ਖਾਂ ਦੇ ਹੁਕਮਾਂ ਨੂੰ ਅੱਖੋਂ ਪਰੋਖੇ ਕਰਨ ਦਾ ਸਿੱਧਾ ਮਤਲਬ 'ਮੌਤ' ਸਹੇੜਨਾ ਸੀ। ਅਜਿਹੀ ਸਥਿਤੀ ਵਿਚ ਭਾਈ ਮੋਤੀ ਰਾਮ ਜੀ ਨੇ ਜਿਵੇਂ ਸੇਵਾ ਕੀਤੀ, ਉਹ ਨਿਰਸੰਦੇਹ ਕਾਬਲ-ਏ-ਤਾਰੀਫ਼ ਹੈ। ਗੁਰੂ-ਘਰ ਦੇ ਇਸ ਸ਼ਰਧਾਲੂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹਾਦਤ ਉਪਰੰਤ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਦੇ ਅੰਤਮ ਸਸਕਾਰ ਲਈ ਲੱਕੜਾਂ ਇਕੱਤਰ ਕਰਨ ਅਤੇ ਇਸ ਨਾਲ ਸੰਬੰਧਿਤ ਹੋਰ ਪ੍ਰਬੰਧਾਂ ਲਈ ਦੀਵਾਨ ਟੋਡਰ ਮੱਲ ਦੀ ਮਦਦ ਵੀ ਕੀਤੀ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਅਤੇ ਅੰਤਮ ਸਸਕਾਰ ਤਕ ਭਾਵੇਂ ਵਜ਼ੀਰ ਖਾਂ ਨੂੰ ਭਾਈ ਮੋਤੀ ਰਾਮ ਦੀਆਂ ਬਾਗੀ ਗਤੀਵਿਧੀਆਂ ਬਾਰੇ ਕੋਈ ਇਲਮ ਨਹੀਂ ਸੀ ਪਰ ਸਸਕਾਰ ਤੋਂ ਬਾਅਦ ਜਿਉਂ ਹੀ ਵਜ਼ੀਰ ਖਾਂ ਨੂੰ ਆਪਣੇ ਖੁਫੀਆ ਤੰਤਰ ਅਤੇ ਮੁਖਬਰਾਂ ਤੋਂ ਇਸ ਕਿਸਮ ਦੀਆਂ ਗਤੀਵਿਧੀਆਂ ਦਾ ਪਤਾ ਲੱਗਾ ਤਾਂ ਉਸ ਨੇ ਜ਼ੁਲਮ ਦੀ ਅੱਤ ਕਰਦਿਆਂ ਭਾਈ ਮੋਤੀ ਰਾਮ ਜੀ ਨੂੰ ਸਮੇਤ ਪਰਵਾਰ ਕੋਹਲੂ ਵਿਚ ਪੀੜ ਕੇ 'ਸ਼ਹੀਦ' ਕਰ ਦਿੱਤਾ। 'ਸ਼ਹਾਦਤ' ਪ੍ਰਾਪਤ ਕਰਕੇ ਜਿੱਥੇ ਭਾਈ ਮੋਤੀ ਰਾਮ ਨੇ ਸਰਹਿੰਦ ਦੇ ਇਲਾਕੇ ਦੇ ਗੁਰੂ ਘਰ ਦੇ ਮੁਰੀਦਾਂ ਦੀ ਲਾਜ ਰੱਖੀ ਅਤੇ ਸਿੱਖ ਸੰਗਤਾਂ ਦੁਆਰਾ 'ਬਾਬਾ' ਮੋਤੀ ਰਾਮ ਹੋਣ ਦਾ 'ਵੱਡਾ ਮਾਣ' ਹਾਸਲ ਕੀਤਾ ਉੱਥੇ ਆਪਣੇ ਨਾਂ (ਮੋਤੀ) ਦੀ ਉੱਚਤਾ ਅਤੇ ਸੁੱਚਤਾ 'ਤੇ ਪੂਰੇ ਉਤਰਦਿਆਂ ਭਾਈ ਗੁਰਦਾਸ ਜੀ ਦੁਆਰਾ ਦੱਸੀ ਮੁਰੀਦੀ ਦੀ ਅਸਲ ਕਰਨੀ ਨੂੰ ਪ੍ਰਤੱਖ ਕਰ ਵਿਖਾਇਆ:

*ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।* *(ਵਾਰ ੩:੧੮)*

■

# ਭਗਤ ਸੈਣ ਜੀ

*-ਡਾ. ਹਰਬੰਸ ਸਿੰਘ**

ਭਗਤ ਸੈਣ ਜੀ ਮੱਧਕਾਲੀਨ ਭਾਰਤ ਅਤੇ ਭਗਤੀ ਲਹਿਰ ਦੇ ਇਕ ਪ੍ਰਸਿੱਧ ਭਗਤ ਹੋਏ ਹਨ। ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੀ ਰਚਨਾ ਬਾਰੇ ਕੋਈ ਠੋਸ ਅਤੇ ਸਪਸ਼ਟ ਵੇਰਵੇ ਪ੍ਰਾਪਤ ਨਹੀਂ। ਮੰਨਿਆ ਜਾਂਦਾ ਹੈ ਕਿ ਆਪ ਜੀ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਪੀਪਾ ਜੀ ਅਤੇ ਭਗਤ ਧੰਨਾ ਜੀ ਦੇ ਸਮਕਾਲੀ ਸਨ। ਹੋਰ ਅਨੇਕ ਸੰਤ ਕਵੀਆਂ ਵਾਂਗ ਆਪ ਜੀ ਨੇ ਵੀ ਕਾਂਸ਼ੀ ਦੇ ਰਹਿਣ ਵਾਲੇ ਭਗਤ ਰਾਮਾਨੰਦ ਜੀ ਤੋਂ ਦੀਖਿਆ ਲਈ ਸੀ। ਆਪ ਜੀ ਜਾਤ ਦੇ ਕਥਿਤ ਨਾਈ ਸਨ। ਇਸ ਦੇ ਪ੍ਰਮਾਣ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਵਿਚ ਮਿਲ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਸੈਣ ਜੀ ਬਾਰੇ ਪੰਜ ਥਾਂ ਜ਼ਿਕਰ ਆਇਆ ਹੈ।

ਆਮ ਪ੍ਰਚਲਿਤ ਪਰੰਪਰਾ ਅਨੁਸਾਰ ਭਗਤ ਸੈਣ ਜੀ ਬਾਂਧੋਗੜ੍ਹ (ਜਾਂ ਰੀਵਾ, ਮੱਧ ਪ੍ਰਦੇਸ਼) ਦੇ ਰਾਜੇ ਰਾਮ ਸਿਹੁੰ (ਬੀਰ ਸਿਹੁੰ ਬਾਘੇਲਾ) ਦੇ ਦਰਬਾਰੀ ਸੇਵਕ ਸਨ। 'ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਅਨੁਸਾਰ ਆਪ ਜੀ ਦਾ ਸਮਾਂ ੧੩੦੦ ਤੋਂ ੧੪੧੧ ਈ: ਦੇ ਵਿਚਕਾਰ ਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ, 'ਮਹਾਨ ਕੋਸ਼' ਵਿਚ ਭਗਤ ਸੈਣ ਜੀ ਬਾਰੇ ਲਿਖਦੇ ਹਨ ਕਿ "ਭਗਤ ਸੈਣ ਬਾਂਧਵ ਗੜ੍ਹ (ਰੀਵਾ) ਦੇ ਰਾਜਾ "ਰਾਜਾ ਰਾਮ" ਦਾ ਨਾਈ (ਨੌਕਰ) ਸੀ। ਰਾਮਾਨੰਦ ਦਾ ਸਿੱਖ ਹੋ ਕੇ ਇਹ ਸਾਧੂਸੇਵਾ ਪਰਾਇਣ ਹੋਇਆ ਅਤੇ ਉੱਚ ਸ਼੍ਰੇਣੀ ਦੇ ਭਗਤਾਂ ਵਿਚ ਗਿਣਿਆ ਗਿਆ, ਸੈਣ ਦੀ ਵੰਸ਼ ਇਸ ਵੇਲੇ ਰੀਵਾ ਵਿੱਚ ਵਿਦਯਮਾਨ ਹੈ।"

ਇਕ ਪ੍ਰਸਿੱਧ ਕਥਾ ਅਨੁਸਾਰ ਇਕ ਵਾਰ ਨਗਰ ਵਿਚ ਕੁਝ ਸੰਤ ਮਹਾਂਪੁਰਸ਼ ਆ ਗਏ। ਭਗਤ ਸੈਣ ਜੀ ਸਾਰੀ ਰਾਤ ਉਨ੍ਹਾਂ ਦੀ ਸੇਵਾ ਵਿਚ ਲੱਗੇ ਰਹੇ। ਰੈਣ ਸਬਾਈ ਕੀਰਤਨ ਦਾ ਰਸ ਮਾਣਦੇ ਰਹੇ। ਇਸੇ ਕਾਰਨ ਆਪ ਜੀ ਅਗਲੀ ਭਲਕ ਰਾਜੇ ਦੀ ਸੇਵਾ ਵਿਚ ਹਾਜ਼ਰ ਨਾ ਹੋ ਸਕੇ। ਭਗਤ ਸੈਣ ਜੀ ਬਹੁਤ ਡਰੇ ਹੋਏ ਸਨ ਕਿ ਅੱਜ ਦੀ ਗੈਰ-ਹਾਜ਼ਰੀ ਦੀ ਪਤਾ ਨਹੀਂ ਰਾਜਾ ਉਨ੍ਹਾਂ ਨੂੰ ਕੀ ਸਜ਼ਾ ਦੇਵੇਗਾ? ਪਰ ਅਗਲੇ ਦਿਨ ਜਦੋਂ ਭਗਤ ਸੈਣ ਜੀ ਰਾਜੇ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਰਾਜਾ ਬਹੁਤ ਪ੍ਰਸੰਨ ਸੀ। ਉਸ ਨੇ ਭਗਤ ਸੈਣ ਜੀ ਨੂੰ ਆਉਂਦਿਆਂ ਹੀ ਕਿਹਾ ਕਿ ਮੈਨੂੰ ਤੁਹਾਡੀ ਕੱਲ ਦੀ ਸੇਵਾ ਕਾਰਨ ਬੜੀ ਸ਼ਾਂਤੀ ਅਤੇ ਸੁੱਖ ਮਿਲਿਆ ਹੈ। ਮੈਂ ਤੁਹਾਨੂੰ ਢੇਰ ਸਾਰਾ ਇਨਾਮ ਦੇਣਾ ਚਾਹੁੰਦਾ ਹਾਂ। ਭਾਈ ਗੁਰਦਾਸ ਜੀ ਇਸੇ ਕਥਾ ਨੂੰ ਆਧਾਰ ਬਣਾ ਕੇ ਲਿਖਦੇ ਹਨ:

** # 4840, Stret No. 44, Raghavpura Karol Bagh, New Delhi 110005. Ph. 011-55742182.*

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।*
*ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।*
*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*
*ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।*
*ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।*
*ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।*
*ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।*
*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*
*ਪਰਗਟੁ ਕਰੈ ਭਗਤਿ ਵਡਿਆਈ॥* *(ਵਾਰ ੧੦:੧੬)*

ਭਾਈ ਗੁਰਦਾਸ ਜੀ ਨੇ ਭਗਤ ਸੈਣ ਜੀ ਬਾਰੇ ਕਈ ਹੋਰ ਥਾਵਾਂ 'ਤੇ ਵੀ ਜ਼ਿਕਰ ਕੀਤਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਭਗਤ ਸੈਣ ਜੀ ਦੀ ਉੱਚੀ ਤੇ ਸੁੱਚੀ ਸ਼ਖ਼ਸੀਅਤ ਦੇ, ਜਿਹੜੀ ਕਿ ਰੱਬ ਦੇ ਰੰਗ ਵਿਚ ਰੰਗੀ ਹੋਈ ਹੈ, ਦੇ ਦਰਸ਼ਨ ਹੁੰਦੇ ਹਨ।

ਭਗਤ ਸੈਣ ਜੀ ਬਾਰੇ ਤਿੰਨ ਮੱਤ ਪ੍ਰਚਲਿਤ ਹਨ। ਇਕ ਤਾਂ ਇਹ ਕਿ ਆਪ ਬਿਦਰ, ਮਹਾਰਾਸ਼ਟਰ ਦੇ ਰਹਿਣ ਵਾਲੇ ਸਨ ਤੇ ਆਪ ਸੰਤ ਗਿਆਨੇਸ਼ਵਰ ਦੇ ਚੇਲੇ ਸਨ। ਇਸ ਮੱਤ ਦਾ ਆਧਾਰ ਇਹ ਦੱਸਿਆ ਜਾਂਦਾ ਹੈ ਕਿ ਮਹਾਰਾਸ਼ਟਰ ਵਿਚ ਅਜੇ ਵੀ ਭਗਤ ਸੈਣ ਜੀ ਦੇ ਕਈ ਮਰਾਠੀ ਅਭੰਗ (ਭਜਨ) ਪ੍ਰਚਲਿਤ ਹਨ।

ਦੂਜਾ ਮੱਤ ਇਹ ਹੈ ਕਿ ਆਪ ਜੀ ਪੰਜਾਬ ਦੇ ਰਹਿਣ ਵਾਲੇ ਸਨ ਤੇ ਆਪ ਜੀ ਦਾ ਜਨਮ ਪਿੰਡ ਸੋਹਲ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਮੁਕੰਦ ਰਾਏ ਅਤੇ ਮਾਤਾ ਦਾ ਨਾਮ ਜੀਵਨੀ ਦੇਵੀ ਸੀ। ਆਪ ਜੀ ਦੀ ਪਤਨੀ ਦਾ ਨਾਮ ਸ੍ਰੀਮਤੀ ਸਾਹਿਬ ਦੇਵੀ ਦੱਸਿਆ ਜਾਂਦਾ ਹੈ। ਭਗਤ ਸੈਣ ਜੀ ਦਾ ਇਕ ਦੇਹੁਰਾ ਪ੍ਰਤਾਬਪੁਰਾ ਜਲੰਧਰ ਵਿਚ ਸਥਿਤ ਹੈ। ਉਨ੍ਹਾਂ ਦੇ ਨਾਮ ਦਾ 'ਸੈਣ ਸਾਗਰ ਗ੍ਰੰਥ' ਦੀ ਰਚਨਾ ਇੱਥੇ ਹੀ ਕੀਤੀ ਦੱਸੀ ਜਾਂਦੀ ਹੈ। ਇਸ ਦੇ ਬਾਵਜੂਦ ਵੀ ਉਨ੍ਹਾਂ ਦੇ ਪੰਜਾਬ ਨਾਲ ਸੰਬੰਧਿਤ ਹੋਣ ਦੇ ਕੋਈ ਠੋਸ ਸਬੂਤ ਅਤੇ ਪ੍ਰਮਾਣਿਤ ਸਬੂਤ ਉਪਲਬਧ ਨਹੀਂ। ਪਰ ਉਨ੍ਹਾਂ ਬਾਰੇ ਆਮ ਪ੍ਰਚਲਿਤ ਅਤੇ ਲੋਕ ਪ੍ਰਮਾਣਿਤ ਧਾਰਨਾ ਇਹੀ ਹੈ ਕਿ ਆਪ ਰੀਵਾ (ਬਾਂਧਵਗੜ੍ਹ) ਦੇ ਰਾਜੇ ਦੇ ਸ਼ਾਹੀ ਸੇਵਕ (ਨਾਈ) ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਆਈ ਸਾਖੀ ਅਤੇ ਸੰਤ ਨਾਭਾ ਸੁਆਮੀ ਦੁਆਰਾ ਰਚਿਤ ਭਗਤ ਮਾਲਾ ਦੇ ਆਧਾਰ 'ਤੇ ਸੈਣ ਭਗਤ ਜੀ ਨਾਲ ਜੁੜੀ ਘਟਨਾ ਇਸੇ ਰਾਜੇ ਦੇ ਮਹਿਲਾਂ ਵਿਚ ਵਾਪਰੀ ਸੀ। ਇਸ ਘਟਨਾ ਮਗਰੋਂ ਰੀਵਾ ਦਾ ਰਾਜਾ ਵੀ ਭਗਤ ਸੈਣ ਜੀ ਦਾ ਸ਼ਿਸ਼ ਬਣ ਗਿਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਸੈਣ ਜੀ ਬਾਰੇ ਵਿਚਾਰ ਉਨ੍ਹਾਂ ਦੀ ਵਡਿਆਈ ਪ੍ਰਗਟ ਕਰਨ ਲਈ ਬਹੁਤ ਮਹੱਤਤਾ ਰੱਖਦੇ ਹਨ। ਸ੍ਰੀ ਗੁਰੂ ਅਰਜਨ ਦੇਵ

ਪਾਤਸ਼ਾਹ ਜੀ ਫ਼ਰਮਾਉਂਦੇ ਹਨ:

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥* (ਪੰਨਾ ੪੮੭)

ਭਗਤ ਰਵਿਦਾਸ ਜੀ, ਭਗਤ ਸੈਣ ਜੀ ਨੂੰ ਪ੍ਰਸਿੱਧ ਭਗਤਾਂ ਦੀ ਸ਼੍ਰੇਣੀ ਵਿਚ ਗਿਣਦੇ ਹਨ। ਆਪ ਜੀ ਲਿਖਦੇ ਹਨ ਕਿ ਇਹ ਭਗਤ, ਪ੍ਰਭੂ ਭਗਤੀ ਅਤੇ ਉਸ ਦੇ ਸਿਮਰਨ ਕਾਰਨ ਹੀ ਇਸ ਸੰਸਾਰ-ਸਾਗਰ ਤੋਂ ਤਰ ਗਏ ਹਨ:

- *ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
  *ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥* (ਪੰਨਾ ੧੧੦੬)
- *ਉਆ ਅਉਸਰ ਕੈ ਹਉ ਬਲਿ ਜਾਈ॥*
  *ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ॥੧॥ ਰਹਾਉ॥*
  *ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ॥*
  *ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥੧॥*

(ਪੰਨਾ ੧੨੦੭)

ਹੋਰ ਭਗਤਾਂ ਵਾਂਗ ਭਗਤ ਸੈਣ ਜੀ ਵੀ ਇਕ ਅਕਾਲ ਪੁਰਖ (ਨਿਰੰਕਾਰ) ਦੀ ਬੰਦਗੀ ਤੇ ਉਪਾਸਨਾ ਵਿਚ ਲੱਗ ਗਏ। ਉਨ੍ਹਾਂ ਦੀ ਬਾਣੀ ਵਿਚ ਨਿਰਗੁਨ ਨਿਰੰਕਾਰ ਤੇ ਨਿਰੰਜਨ ਦੀ ਭਗਤੀ ਤੇ ਉਸ ਦੇ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਭੂ ਦੇ ਸਰੂਪ ਬਾਰੇ ਆਪ ਜੀ ਨੇ ਆਪਣੀ ਬਾਣੀ ਵਿਚ ਇਹ ਸ਼ਬਦ ਵਰਤੇ ਹਨ— ਹਰਿ, ਕਮਲਾਪਤਿ, ਨਿਰੰਜਨ, ਪੂਰਨ, ਪਰਮਾਨੰਦ, ਮਦਨ ਮੂਰਤਿ, ਭੈ ਤਾਰਿ, ਗੋਬਿੰਦ ਤੇ ਰਾਜਾ ਰਾਮ। ਪਰਮਾਨੰਦ ਉਸ ਦਾ ਆਨੰਦ ਰੂਪ ਹੈ ਤੇ ਨਿਰੰਜਨ ਸ਼ਬਦ (ਮਾਇਆ ਆਦਿ ਤੋਂ ਨਿਰਲੇਪ) ਨਿਰਗੁਣ ਰੂਪ ਦਰਸਾਉਂਦਾ ਹੈ। ਭਗਤ ਸੈਣ ਜੀ ਅਨੁਸਾਰ ਉਹ ਪਰਮਾਤਮਾ ਸਰਬ ਵਿਆਪਕ ਹੈ, ਆਨੰਦ ਸਰੂਪ ਹੈ ਤੇ ਉਹ ਕੇਵਲ ਭਗਤੀ ਦੁਆਰਾ ਹੀ ਪਾਇਆ ਜਾ ਸਕਦਾ ਹੈ। ਮਨੁੱਖ ਦਾ ਆਦਰਸ਼ ਵੀ ਪ੍ਰਭੂ ਭਗਤੀ ਅਤੇ ਉਸ ਦੇ ਗੁਣ ਗਾਉਣਾ ਹੈ। ਉਸ ਦੀ ਪ੍ਰਾਪਤੀ ਲਈ ਕਿਸੇ ਵਿਖਾਵੇ ਦੀ ਆਰਤੀ ਦੀ ਲੋੜ ਨਹੀਂ। ਭਗਤ ਸੈਣ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ:

*ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾ ਪਤੀ॥੧॥*
*ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥੧॥ ਰਹਾਉ॥*
*ਊਤਮੁ ਦੀਅਰਾ ਨਿਰਮਲ ਬਾਤੀ॥ ਤੁਹੀਂ ਨਿਰੰਜਨੁ ਕਮਲਾ ਪਾਤੀ॥੨॥*
*ਰਾਮਾ ਭਗਤਿ ਰਾਮਾਨੰਦੁ ਜਾਨੈ॥ ਪੂਰਨ ਪਰਮਾਨੰਦੁ ਬਖਾਨੈ॥੩॥*
*ਮਦਨ ਮੂਰਤਿ ਭੈ ਤਾਰਿ ਗੋਬਿੰਦੇ॥ ਸੈਨੁ ਭਣੈ ਭਜੁ ਪਰਮਾਨੰਦੇ॥੪॥੨॥*

(ਪੰਨਾ ੬੯੫)

ਭਗਤ ਸੈਣ ਜੀ ਇਸ ਸ਼ਬਦ ਰਾਹੀਂ ਰਸਮੀ ਆਰਤੀ ਅਤੇ ਆਰਤੀ ਲਈ

**(ਬਾਕੀ ਸਫ਼ਾ ੫੭ 'ਤੇ)**

# ਜਿਨ ਪ੍ਰੇਮ ਕੀਓ...

*-ਸ. ਰੂਪ ਸਿੰਘ**

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਚਾਰਤ ਪਾਵਨ ਬਾਣੀ ਤ੍ਵ ਪ੍ਰਸਾਦਿ ਸਵੱਯੇ 'ਚੋਂ ਨੌਵੇਂ ਬੰਦ 'ਤੇ ਆਧਾਰਿਤ ਹੈ। ਇਸ ਵਿਸ਼ੇ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਸਮੁੱਚੀ ਬਾਣੀ ਬਾਰੇ ਸੰਖੇਪ ਜਾਣਨਾ ਜ਼ਰੂਰੀ ਹੈ। ਪ੍ਰਭੂ ਮਹਿਮਾ ਤੇ ਸਵੱਯੇ ਪ੍ਰਸਿੱਧ ਹਿੰਦੀ ਛੰਦ ਹੈ। ਤ੍ਵ ਪ੍ਰਸਾਦਿ ਸਵੱਯੇ ਅੰਮ੍ਰਿਤ ਸੰਚਾਰ ਸਮੇਂ ਪੜ੍ਹੀ ਜਾਣ ਅਤੇ ਨਿਤਨੇਮ ਦੀ ਬਾਣੀ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕਰਨ ਦੀ ਮਰਯਾਦਾ ਹੈ। ਸਵੱਯੇ ਬਾਣੀ ਦਾ ਨਾਂ ਹੈ ਤੇ ਤ੍ਵ ਪ੍ਰਸਾਦਿ ਮੰਗਲ ਹੈ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮੂਲ ਮੰਤਰ, ਮੰਗਲ ਰੂਪ 'ਚ ਅੰਕਿਤ ਹੈ, ਜਿਸ ਦਾ ਅਰਥ ਹੈ ਇਹ ਰਚਨਾ ਮੈਂ ਤੇਰੀ ਕਿਰਪਾ ਨਾਲ ਉਚਾਰਨ ਕਰ ਰਿਹਾ ਹਾਂ। ਤ੍ਵ ਪ੍ਰਸਾਦਿ ਸਵੱਯੇ ਬਾਣੀ ਬੈਰਾਗਮਈ ਹੈ। ਇਸ ਬਾਣੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਪਸ਼ਟ ਕਰਦੇ ਹਨ ਕਿ ਮੈਂ ਬੋਧੀ, ਭਿਕਸ਼ੂ, ਜੋਗੀ, ਬ੍ਰਹਮਚਾਰੀ, ਸੂਰਮੇ, ਦੈਂਤ ਅਨੇਕਾਂ ਮੱਤਾਂ ਦੇ ਸਮੂਹ, ਵੱਖ-ਵੱਖ ਮੱਤ-ਮੱਤਾਂਤਰ ਦੇਖੇ ਹਨ ਜੋ ਆਪਣੇ-ਆਪਣੇ ਕਰਮਕਾਂਡਾਂ ਵਿਚ ਉਲਝੇ ਹੋਏ ਹਨ ਪਰ ਕਿਸੇ ਪਾਸ ਪ੍ਰਭੂ-ਪ੍ਰੇਮ ਪਿਆਰ ਸ਼ਰਧਾ ਨਹੀਂ। ਸੰਸਾਰ 'ਤੇ ਵਿਚਰਦਿਆਂ ਜੇਕਰ ਮਨੁੱਖ ਪਾਸ ਹਜ਼ਾਰਾਂ ਸਜੇ-ਸਵਾਰੇ ਹਾਥੀ-ਘੋੜੇ ਹੋਣ, ਰਾਜੇ-ਮਹਾਰਾਜੇ ਆ ਕੇ ਸਲਾਮਾਂ ਕਰਨ ਤਾਂ ਵੀ ਕੀ ਹੈ? ਅੰਤ ਨੂੰ ਤਾਂ ਵੀ ਨੰਗੇ ਧੜ ਜਾਣਾ ਪਵੇਗਾ। ਜੇਕਰ ਮਨੁੱਖ ਦੇਸ਼-ਦੇਸ਼ਾਂਤਰਾਂ ਨੂੰ ਜਿੱਤ ਲਵੇ, ਉਸ ਕੋਲ ਐਸ਼ੋ-ਇਸ਼ਰਤ ਦਾ ਬੇਅੰਤ ਸਾਮਾਨ ਹੋਵੇ ਫਿਰ ਵੀ ਮੌਤ ਨੇ ਅੰਤ ਨੂੰ ਘੇਰ ਲੈਣਾ ਹੈ ਤੇ ਸਭ ਕੁਝ ਇੱਥੇ ਹੀ ਰਹਿ ਜਾਣਾ ਹੈ। ਤੀਰਥ, ਦਾਨ-ਪੁੰਨ, ਸਮਾਧੀਆਂ ਲਗਾ ਕੇ ਧਰਮ ਗ੍ਰੰਥ ਪੜ੍ਹ ਲਵੇ, ਪਉਨ-ਆਹਾਰੀ ਹੋ ਜਾਵੇ ਤਾਂ ਵੀ ਪ੍ਰਭੂ ਪ੍ਰੇਮ ਬਿਨ ਇਕ ਰਤੀ ਦਾ ਨਹੀਂ। ਜੇਕਰ ਕਿਸੇ ਪਾਸ ਬਹਾਦਰ ਯੋਧੇ ਹੋਣ, ਜਿਹੜੇ ਪਹਾੜਾਂ ਜਿੱਡੇ ਦੁਸ਼ਮਣ ਨੂੰ ਵੀ ਹਰਾ ਸਕਣ, ਪਰ ਅੰਤ ਨੂੰ ਖਾਲੀ ਹੱਥ ਹੀ ਜਾਣਾ ਪਵੇਗਾ। ਮਾਲਕ ਪ੍ਰਭੂ ਦੇ ਦਰ 'ਤੇ ਸਭ ਮੰਗਤੇ ਹਨ। ਪਰਮਾਤਮਾ ਨੂੰ ਜਪਣ ਵਾਲੇ ਹੀ ਸੁੱਖ ਪਾਉਂਦੇ ਹਨ ਭਾਵੇਂ ਜਲ, ਥਲ ਜਾਂ ਅਕਾਸ਼ ਵਿਚ ਹੋਣ। ਜੇਕਰ ਚੱਕਰਵਰਤੀ ਰਾਜਾ ਹੋਵੇ, ਸਾਰੀ ਸ੍ਰਿਸ਼ਟੀ ਦਾ ਰਾਜਾ ਹੋਵੇ, ਕਰੋੜਾਂ ਤੀਰਥਾਂ 'ਤੇ ਇਸ਼ਨਾਨ ਕਰੇ, ਬੇਅੰਤ ਦਾਨ ਕਰੇ, ਅਨੇਕਾਂ ਵਿਆਹ ਕਰੇ, ਬ੍ਰਹਮਾ, ਵਿਸ਼ਨੂੰ, ਮਹੇਸ਼ ਸਭ ਕਾਲ ਦੇ ਵੱਸ ਹਨ। ਕੇਵਲ ਉਹੀ ਜਨਮ-ਮਰਨ ਤੋਂ ਬਚੇ ਹਨ ਜੋ ਜਨਮ-ਮਰਨ ਤੋਂ ਰਹਿਤ ਪ੍ਰਭੂ ਨੂੰ ਹਰ ਸਮੇਂ ਯਾਦ ਕਰਦੇ ਹਨ। ਧਿਆਨ ਨਾਲ ਸੁਣੋ, ਦਿਖਾਵੇ ਦੇ ਧਰਮ-ਕਰਮ ਸਭ ਵਿਅਰਥ ਹਨ। ਪਰਮਾਤਮਾ ਤਾਂ ਉਸ ਨੂੰ ਮਿਲੇਗਾ ਜਿਹੜਾ ਸਿਰਜਣਹਾਰ ਤੇ ਸਿਰਜਣਾ ਨੂੰ ਇਕ ਸਮਾਨ ਵੇਖੇਗਾ,

** ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ: ੯੮੧੪੬-੩੭੯੭੯*

ਮੰਨੇਗਾ, ਸਵੀਕਾਰੇਗਾ ਤੇ ਸਤਿਕਾਰੇਗਾ। ਪਰ ਹੈਰਾਨੀ ਹੈ ਕਿ ਕੁਝ ਲੋਕ ਗਲ 'ਚ ਪੱਥਰ ਲਈ ਫਿਰਦੇ ਹਨ। ਕੁਝ ਪੂਰਬ,ਪੱਛਮ ਦੀ ਦਿਸ਼ਾ ਦੇ ਭਰਮ 'ਚ ਫਸੇ ਹਨ ਅਤੇ ਕੁਝ ਬੁੱਤ ਪੂਜਾ ਤੇ ਕੁਝ ਮ੍ਰਿਤਕਾਂ ਦੀ ਪੂਜਾ 'ਚ ਮਸਤ ਹਨ। ਇਸ ਤਰ੍ਹਾਂ ਬਹੁਮੁੱਲਾ ਜੀਵਨ ਵਿਅਰਥ ਪਾਖੰਡਾਂ, ਭੇਖਾਂ ਅਤੇ ਦਿਖਾਵਿਆਂ 'ਚ ਬਰਬਾਦ ਕਰ ਰਹੇ ਹਨ। ਪਰਮਾਤਮਾ ਨੂੰ ਪਾਉਣ ਲਈ ਕੇਵਲ ਪ੍ਰੇਮ-ਭਗਤੀ ਦੇ ਮਾਰਗ 'ਤੇ ਹੀ ਚੱਲਣਾ ਪਵੇਗਾ। ਪ੍ਰੀਤਮ ਪ੍ਰਾਪਤੀ ਦੇ ਪ੍ਰਚਲਿਤ ਸਾਧਨਾਂ ਦਾ ਹਵਾਲਾ ਦਿੰਦਿਆਂ ਗੁਰੂ ਜੀ ਨੇ ਪ੍ਰੇਮ ਦੇ ਸਾਧਨ ਤੇ ਸਾਧਨਾਂ ਨੂੰ ਪ੍ਰਮੁੱਖਤਾ ਤੇ ਪ੍ਰਵਾਨਗੀ ਦਿੱਤੀ ਹੈ। ਨੌਵਾਂ ਸਵੱਯਾ ਹੈ :

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ॥*
*ਬਾਸ ਕੀਓ ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥੯॥੨੯॥*

*(ਅਕਾਲ ਉਸਤਤ)*

ਸਾਰੇ ਧਿਆਨ ਨਾਲ ਸੁਣੋ, ਰੱਬ ਨਾ ਤਾਂ ਸਮਾਧੀਆਂ ਲਗਾਉਣ, ਨਾ ਹੀ ਤੀਰਥ ਭ੍ਰਮਣ ਕਰਨ ਨਾਲ ਮਿਲਦਾ ਹੈ ਅਤੇ ਨਾ ਹੀ ਜੰਗਲ ਵਿਚ ਵਾਸ ਕਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਦੀ ਪ੍ਰਾਪਤੀ ਕਿਸੇ ਪਾਖੰਡ, ਭੇਖ, ਦਿਖਾਵੇ, ਪਹਿਰਾਵੇ ਨਾਲ ਵੀ ਨਹੀਂ ਹੁੰਦੀ, ਪ੍ਰਾਪਤੀ ਦਾ ਸਾਧਨ ਇਕ ਹੀ ਹੈ ਕਿ ਪ੍ਰੇਮ ਦੇ ਮਾਰਗ 'ਤੇ ਚੱਲੋ। ਰੱਬ ਦੀ ਪ੍ਰਾਪਤੀ ਖ਼ਾਲਕ ਤੇ ਖ਼ਲਕਤ ਨਾਲ ਪਿਆਰ ਕਰਨ ਨਾਲ ਹੀ ਹੋਵੇਗੀ।

'ਪ੍ਰੇਮ' ਸੰਸਕ੍ਰਿਤ ਪਿਛੋਕੜ ਵਾਲਾ ਸ਼ਬਦ ਹੈ, ਜਿਸ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਵਾਰ-ਵਾਰ ਹੋਈ ਹੈ। 'ਪ੍ਰੇਮ' ਸ਼ਬਦ ਦੀ ਵਰਤੋਂ ਤੋਂ ਇਸ ਦੇ ਮਹੱਤਵ ਦਾ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ 'ਪ੍ਰੇਮ' ਸ਼ਬਦ ਵੱਖ-ਵੱਖ ਸ਼ਬਦ-ਜੋੜਾਂ ਜਿਵੇਂ 'ਪ੍ਰੇਮ' ੧੬੫ ਵਾਰ, 'ਪ੍ਰੇਮੁ' ੪੩ ਵਾਰ ਤੇ 'ਪ੍ਰੇਮਿ' ੨੦ ਵਾਰ ਆਇਆ ਹੈ। 'ਪ੍ਰੇਮ' ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਬਾਣੀ 'ਚ ੧੦੮ ਵਾਰ ਆਇਆ ਹੈ ਅਤੇ ਪਹਿਲੀ ਵਾਰ ਨੌਂਵੇ ਸਵੱਯੇ ਵਿਚ ਇਹ ਸ਼ਬਦ ਅੰਕਤ ਹੈ। ਇਸ ਪੰਗਤੀ 'ਚ ਹੀ ਤੱਤਸਾਰ ਦਿੱਤਾ ਗਿਆ ਹੈ। ਪੂਰਨ ਪ੍ਰੇਮ ਦੇ ਪ੍ਰਭਾਵ ਬਿਨਾਂ, ਕਿਸੇ ਨੇ ਪਰਮਾਤਮਾ ਨੂੰ ਪ੍ਰਤਿਸ਼ਠਾ, ਸਤਿਕਾਰ ਸਹਿਤ ਕਿਸ ਨੇ ਪ੍ਰਾਪਤ ਕੀਤਾ ਹੈ! ਭਾਵ ਪ੍ਰੇਮ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ:

*ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ ਕਿਨ ਸ੍ਰੀ ਪਦਮਾ ਪਤਿ ਪਾਏ॥*

ਪ੍ਰੇਮ ਦੇ ਅਰਥ ਪਿਆਰ, ਸੁਨੇਹ, ਮੁਹੱਬਤ, ਪ੍ਰੀਤ ਤੋਂ ਲਏ ਜਾਂਦੇ ਹਨ। ਪ੍ਰੇਮ 'ਪ੍ਰਿ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ, ਦਿਲ ਨੂੰ ਭਾ ਜਾਣ ਵਾਲਾ ਪਿਆਰ-

ਪ੍ਰੇਮ ਤੁਹਾਡੇ ਬੋਲਾਂ, ਨਜ਼ਰ, ਖਾਣ-ਪੀਣ, ਪਹਿਰਾਵੇ ਤੋਂ ਵੀ ਪ੍ਰਗਟ ਹੁੰਦਾ ਹੈ। ਜੀਵ ਪਰਮਾਤਮਾ ਦੀ ਅੰਸ਼ ਹੈ ਪਰ ਜਨਮ ਕਰਕੇ ਆਤਮਾ ਰੂਪ 'ਚ ਪਰਮਾਤਮਾ ਤੋਂ ਵਿੱਛੜਿਆ ਹੈ। ਵਿਛੋੜਾ ਸੰਸਾਰ ਦੇ ਦੁੱਖਾਂ 'ਚੋਂ ਪ੍ਰਮੁੱਖ ਹੈ। ਵਿੱਛੜੇ ਹੋਏ ਮਾਨਵ ਨੂੰ ਪ੍ਰਭੂ-ਪਰਮਾਤਮਾ ਨਾਲ ਮਿਲਣ ਲਈ ਵੱਖ-ਵੱਖ ਮੱਤਾਂ ਨੇ ਵੱਖ-ਵੱਖ ਵਿਧੀਆਂ ਨਿਰਧਾਰਿਤ ਕੀਤੀਆਂ ਹਨ। ਇਸ ਰਚਨਾ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਵਿਧੀਆਂ ਦਾ ਜ਼ਿਕਰ ਕਰਦਿਆਂ, ਪ੍ਰਭੂ ਮਿਲਾਪ ਦਾ ਢੰਗ ਪ੍ਰੇਮ ਦਾ ਮਾਰਗ ਦੱਸਿਆ ਹੈ। ਪ੍ਰੇਮ ਹੀ ਇਕ ਐਸਾ ਹਥਿਆਰ ਹੈ ਜਿਸ ਨਾਲ ਮਨੁੱਖ ਨੇ ਖੂੰਖਾਰ ਜੀਵ-ਜੰਤੂਆਂ, ਜਾਨਵਰਾਂ 'ਤੇ ਵਸੀਕਾਰ ਕੀਤਾ ਹੈ। ਜੋ ਪ੍ਰੇਮ ਨਾਲ ਪਰਮਾਤਮਾ ਨੂੰ ਸਿਮਰਦਾ ਹੈ ਉਹ ਮਿਲਾਪ ਦਾ ਸੁੱਖ ਪ੍ਰਾਪਤ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ:

*ਜੋ ਸਿਮਰਹਿ ਨਰ ਪ੍ਰੇਮ ਸਿਉ ਪਹੁੰਚੈ ਦਰਬਾਰਾ ।* (ਵਾਰ ੪੧-੧੮)

ਜਦ ਪ੍ਰੇਮ ਦੀ ਖਿੱਚ ਮਾਲਕ ਨਾਲ ਬਣ ਜਾਂਦੀ ਹੈ ਤਦ ਇਹ ਤੋੜਿਆਂ ਟੁੱਟਦੀ ਨਹੀਂ। ਛੱਡਿਆਂ ਛੁੱਟਦੀ ਨਹੀਂ:

*ਮ੍ਰੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥*
*ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥੧॥* (ਪੰਨਾ ੮੨੭)

ਗੁਰੂ ਨਾਨਕ ਸਾਹਿਬ ਜਪੁ ਜੀ ਸਾਹਿਬ ਵਿਚ ਆਪ ਹੀ ਸਵਾਲ ਕਰਦੇ ਹਨ ਕਿ ਮੂੰਹ ਤੋਂ ਕਿਸ ਤਰ੍ਹਾਂ ਦੇ ਬੋਲ ਬੋਲੇ ਜਾਣ ਕਿ ਮਾਲਕ ਨਾਲ ਬਣ ਆਵੇ? ਜੁਆਬ ਵੀ ਆਪ ਹੀ ਦੇ ਰਹੇ ਹਨ ਕਿ ਜੇਕਰ ਉਸ ਦੇ ਨਾਮ ਦੀ ਵਡਿਆਈ ਵਿਚਾਰ ਕੀਤੀ ਜਾਵੇ ਤਾਂ ਸਾਡੀ ਪ੍ਰੀਤਮ ਨਾਲ ਪ੍ਰੀਤ ਬਣ ਆਉਂਦੀ ਹੈ। ਪ੍ਰਭੂ-ਪਰਮਾਤਮਾ ਸਦਾ ਥਿਰ ਰਹਿਣ ਵਾਲਾ ਹੈ, ਉਸ ਦੇ ਨਿਯਮ ਵੀ ਅਟੱਲ ਹਨ। ਉਸ ਦੀ ਭਾਸ਼ਾ ਪ੍ਰੇਮ ਹੈ। ਪ੍ਰੇਮ ਬੋਲ ਹੀ ਉਸ ਨਾਲ ਮਿਲਾਪ ਦੇ ਸਾਧਨ ਹਨ:

*ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥...*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥* (ਪੰਨਾ ੨)

ਪਰ ਇਹ ਬੋਲ ਦਿਲ ਤੋਂ ਹੋਣੇ ਚਾਹੀਦੇ ਹਨ ਨਾ ਕਿ ਦਿਮਾਗ ਤੋਂ, ਆਪਣੀ ਸਿਆਣਪ-ਚਤੁਰਾਈ ਨਾਲ ਪ੍ਰੀਤਮ ਨਾਲ ਪ੍ਰੀਤ ਨਹੀਂ ਬਣਦੀ। ਜਿਨ੍ਹਾਂ ਦੇ ਮਨ ਵਿਚ ਹੋਰ ਤੇ ਮੁੱਖ ਵਿਚ ਹੋਰ ਬੋਲ ਹਨ ਉਹ ਕੱਚੇ ਹਨ:

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥*
*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥* (ਪੰਨਾ ੪੮੮)

ਪ੍ਰਭੂ ਦਾ ਦੂਸਰਾ ਨਾਂ ਪ੍ਰੇਮ ਹੈ। ਪ੍ਰੇਮ ਜਜ਼ਬਾ ਹੈ, ਕਬਜ਼ਾ ਨਹੀਂ, ਜਿਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ, ਬਿਆਨ ਨਹੀਂ। ਪ੍ਰੇਮ ਦੀ ਖਿੱਚ ਹਰੇਕ ਵਿਚ ਹੁੰਦੀ ਹੈ। ਸਾਰਾ ਬ੍ਰਹਿਮੰਡ ਪ੍ਰੇਮ ਦੀ ਖਿੱਚ ਦਾ ਬੱਝਾ ਹੋਇਆ ਪ੍ਰੇਮ ਖੇਡ, ਖੇਡ ਰਿਹਾ ਹੈ। ਸੂਰਜ, ਚੰਦ,

ਤਾਰੇ, ਧਰਤੀ, ਜੀਵ-ਜੰਤ, ਸਭ ਪ੍ਰੇਮ ਦੀ ਖੇਡ ਵਿਚ ਬੱਧੇ ਹੋਏ ਹਨ। ਪ੍ਰੇਮ, ਪ੍ਰੀਤ ਦਾ ਜਜ਼ਬਾ ਹਰ ਇਨਸਾਨ 'ਚ ਹੁੰਦਾ ਹੈ। ਪ੍ਰੇਮ ਜ਼ਿੰਦਗੀ ਹੈ। ਜਿਸ ਵਿਅਕਤੀ ਵਿਚ ਪ੍ਰੇਮ-ਬਿਰਹਾ ਵੈਰਾਗ ਦਾ ਜਜ਼ਬਾ ਨਹੀਂ ਉਹ ਤਾਂ ਇਕ ਲੋਥ ਹੈ। ਭਗਤ ਫ਼ਰੀਦ ਜੀ ਕਥਨ ਕਰਦੇ ਹਨ:

*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥ (ਪੰਨਾ ੧੩੭੯)*

ਇਹ ਪ੍ਰੇਮ-ਪ੍ਰੀਤ ਦੀ ਰੀਤ ਕੁਦਰਤੀ ਹੋਣ ਕਰਕੇ ਸੰਸਾਰਿਕ ਵੀ ਹੈ ਤੇ ਸਮਾਜਿਕ ਵੀ। ਸੰਸਾਰ ਦਾ ਹਰ ਜੀਵ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਦੂਸਰੇ ਨੂੰ ਪ੍ਰੇਮ ਕਰਦਾ ਹੈ। ਪ੍ਰੇਮ ਦੇ ਵੱਖ-ਵੱਖ ਪੱਧਰ ਹਨ ਤੇ ਉਮਰ ਦੇ ਪੰਧ ਨਾਲ ਪ੍ਰੇਮ-ਸੰਬੰਧ ਤੇ ਸਥਿਤੀ ਬਦਲਦੀ ਰਹਿੰਦੀ ਹੈ। ਪ੍ਰੇਮ ਦਾ ਇਜ਼ਹਾਰ ਕੇਵਲ ਮਾਨਵ ਜਾਤੀ ਹੀ ਨਹੀਂ ਕਰਦੀ ਸਗੋਂ ਸੰਸਾਰ ਦਾ ਹਰ ਜੀਵ-ਜੰਤੂ, ਜਾਨਵਰ ਤੇ ਬਨਸਪਤੀ ਪ੍ਰੇਮ ਦਾ ਪ੍ਰਗਟਾਅ ਕਿਸੇ ਨਾ ਕਿਸੇ ਰੂਪ ਵਿਚ ਕਰਦੀ ਹੈ। ਅਧਿਆਤਮਿਕ, ਸਮਾਜਿਕ, ਸੰਸਾਰਿਕ ਪੱਧਰ 'ਤੇ ਪ੍ਰੀਤਮ ਨਾਲ ਪ੍ਰੀਤ ਕਰਨ 'ਚ ਰੰਗ, ਨਸਲ, ਜਾਤ, ਧਰਮ, ਖੇਤਰ, ਖਾਣ-ਪੀਣ, ਪਹਿਰਾਣ, ਲਿੰਗ ਤੇ ਉਮਰ ਭੇਦ ਆਦਿ ਬੰਧਨ ਨਹੀਂ ਬਣਦੇ। ਪ੍ਰੀਤਮ ਦੀ ਪ੍ਰਾਪਤੀ ਵਾਸਤੇ ਪ੍ਰੇਮੀ ਲਈ ਕੋਈ ਵੀ ਮੁਸ਼ਕਲ-ਮੁਸੀਬਤ, ਰੁਕਾਵਟ ਨਹੀਂ, ਸਭ ਹੁਲਾਸ ਹੀ ਹੁਲਾਸ ਹੈ। ਪ੍ਰੇਮ-ਪੁਜਾਰੀ ਸੰਸਾਰਿਕ, ਸਮਾਜਿਕ ਬੰਧਨਾਂ ਤੋਂ ਨਿਜਾਤ ਪ੍ਰਾਪਤ ਕਰ ਭਰਮ, ਭੇਖ, ਪਾਖੰਡ ਦਿਖਾਵੇ ਤੋਂ ਸੁਤੰਤਰ ਹੋ, ਦਿਖਾਵੇ ਦੀ ਭਗਤੀ, ਸਿਫ਼ਤ-ਸਲਾਹ, ਜਪ-ਤਪ, ਤੀਰਥ, ਵਰਤ ਆਦਿ ਸਭ ਨੂੰ ਬੇਕਾਰ ਜਾਣਦਾ ਹੈ। ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਕੇਵਲ ਤੇ ਕੇਵਲ ਗੁਰੂ ਦੇ ਮਾਰਗ 'ਤੇ ਚੱਲਿਆਂ ਹੀ ਪ੍ਰੀਤਮ ਦੇ ਦੇਸ਼ ਦੀ ਸੈਰ ਹੋ ਸਕਦੀ ਹੈ। ਜੀਵ-ਜੰਤੂਆਂ ਦੀ ਪ੍ਰੇਮ ਕਹਾਣੀ ਨੂੰ ਭਾਈ ਗੁਰਦਾਸ ਜੀ ਦਰਸਾਉਂਦੇ ਹਨ:

*ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ ।*
*ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ ।*
*ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ ।*
*ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤੁ ਮਿਲੰਦਾ ।*
*ਆਪੇ ਆਪਿ ਵਰੱਤਦਾ ਗੁਰਮੁਖਿ ਪਰਚੰਦਾ॥੧੭॥ (ਵਾਰ ੨:੧੭)*

ਪ੍ਰੇਮ 'ਚ ਕੱਚੇ ਘੜੇ 'ਤੇ ਤਰਿਆ ਜਾ ਸਕਦਾ ਹੈ। ਪ੍ਰੀਤਮ ਦੀ ਪ੍ਰਾਪਤੀ ਵਾਸਤੇ ਮੁਰੀਦ ਮੁਰਦਾ ਖਾਣ, ਮੀਂਹ-ਹਨੇਰੀ, ਹਨੇਰੇ 'ਚ ਕੱਚੀ ਕੰਧ ਉਸਾਰਨ, ਬੁਢੇਪੇ 'ਚ ਸਾਲਾਂ ਬੱਧੀ ਗਾਗਰ ਢੋਣ, ਤੱਤੀ ਤਵੀ 'ਤੇ ਬੈਠਣ, ਦੇਗ 'ਚ ਉਬਾਲੇ ਖਾਣ, ਆਰੇ ਦੇ ਦੰਦਿਆਂ, ਚਰਖੜੀ 'ਤੇ ਚੜ੍ਹਨ ਆਪਣੇ ਬੱਚਿਆਂ ਦੀਆਂ ਬੋਟੀਆਂ ਦੇ ਹਾਰ ਗਲਾਂ 'ਚ ਪਵਾਉਣ, ਨੇਜਿਆਂ 'ਤੇ ਟੰਗਾਉਣ ਤੇ ਖੰਡੇ ਦੀ ਧਾਰ 'ਤੇ ਚੱਲਣ ਲਈ ਤਿਆਰ ਹੋ ਜਾਂਦਾ ਹੈ। ਪ੍ਰੇਮ-ਪੁਜਾਰੀ ਤਾਂ ਸੰਸਾਰਿਕ ਸਜ਼ਾਵਾਂ 'ਚੋਂ ਵੀ ਸਵਰਗੀ ਸੁੱਖ ਪ੍ਰਾਪਤ ਕਰ ਲੈਂਦਾ

ਹੈ। ਬਸ ਸ਼ਰਤ ਕੇਵਲ ਪੁਜਾਰੀ ਦੀ ਇਕ ਹੀ ਹੁੰਦੀ ਹੈ ਕਿ ਉਸ ਦੀ ਪ੍ਰੀਤਮ ਤੋਂ ਦੂਰੀ ਨਾ ਪਵੇ। ਪ੍ਰੀਤ-ਪ੍ਰੇਮ ਦਾ ਵਣਜਾਰਾ ਪ੍ਰੀਤਮ ਦਾ ਸਦਾ ਹਾਜ਼ਰ-ਨਾਜ਼ਰ ਰਹਿਣਾ ਲੋਚਦਾ ਹੈ। ਇਸ ਤਰ੍ਹਾਂ ਹੀ ਸਮਾਜਿਕ-ਸੰਸਾਰਿਕ ਪ੍ਰੀਤ ਗਾਥਾ ਨੂੰ ਭਾਈ ਸਾਹਿਬ ਰੂਪਮਾਨ ਕਰਦੇ ਹਨ:

*ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ ।*
*ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ ।*
*ਸਸੀ ਪੁੰਨੂ ਦੋਸਤੀ ਹੁਇ ਜਾਤਿ ਅਜਾਤੀ ।*
*ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ ।*
*ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ ।*
*ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥੧॥* *(ਵਾਰਾਂ ੨੭:੧)*

ਪ੍ਰੇਮ-ਪੁਜਾਰੀ ਪ੍ਰੀਤਮ ਦੇ ਮਿਲਾਪ ਲਈ ਬਿਖੜੇ ਰਾਹਾਂ ਦਾ ਵੀ ਪਾਂਧੀ ਬਣਦਾ ਹੈ। ਵਿਛੋੜੇ ਰੂਪੀ ਦਰਦ ਨੂੰ ਘੱਟ ਕਰਨ ਵਾਸਤੇ ਉਹ ਮਿਲਾਪ ਰੂਪੀ ਮਲ੍ਹਮ ਦੀ ਵਰਤੋਂ ਕਰਦਾ ਹੈ। ਜਿਵੇਂ ਸੰਸਾਰਿਕ ਤੌਰ 'ਤੇ ਸੁਹਾਗਣ ਦਾ ਸੁੱਖ ਮਾਣਨ ਵਾਸਤੇ ਸੁਹਾਗਣ ਵਾਲੇ ਗੁਣ ਗ੍ਰਹਿਣ ਕਰਨੇ ਪੈਂਦੇ ਹਨ। ਪ੍ਰੇਮ-ਪੁਜਾਰੀ ਨੂੰ ਪ੍ਰੀਤਮ ਦਾ ਅਤਾ-ਪਤਾ ਕਿਸੇ ਪਾਸੋਂ ਪੁੱਛਣ ਦੀ ਲੋੜ ਨਹੀਂ ਪੈਂਦੀ, ਨਾ ਕੋਈ ਆ ਕੇ ਦੱਸਦਾ ਹੀ ਹੈ। ਕੀੜੀਆਂ, ਪਤੰਗਿਆਂ ਨੂੰ ਕੋਈ ਮਿਠਾਸ ਤੇ ਦੀਪਕ ਦਾ ਪਤਾ ਨਹੀਂ ਦਰਸਾਉਂਦਾ, ਉਹ ਖੁਦ ਹੀ ਭਾਲ ਲੈਂਦੇ ਹਨ। ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ:

*ਪੂਛਤ ਪਥਕਿ ਤਿਹ ਮਾਰਗ ਨ ਧਾਰੈ ਪਗਿ,*
*ਪ੍ਰੀਤਮ ਕੈ ਦੇਸ ਕੈਸੇ ਬਾਤਨੁ ਕੇ ਜਾਈਐ ।*
*ਪੂਛਤ ਹੈ ਬੈਦ ਖਾਤ ਅਉਖਦ ਨ ਸੰਜਮ ਸੈ,*
*ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ।*
*ਪੂਛਤ ਸੁਹਾਗਨ ਕਰਮ ਹੈ ਦੁਹਾਗਨਿ ਕੈ,*
*ਰਿਦੈ ਬਿਬਿਚਾਰ ਕਤ ਸਿਹਜਾ ਬੁਲਾਈਐ ।*
*ਗਾਏ ਸੁਨੇ ਆਂਖੇ ਮੀਚੈ ਪਾਈਐ ਨ ਪਰਮਪਦੁ,*
*ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ॥੪੩੯॥* *(ਕਬਿੱਤ ਸਵੱਯੇ)*

ਪ੍ਰਭੂ-ਪਰਮਾਤਮਾ ਪ੍ਰੇਮ ਸਰੂਪ ਵੀ ਹੈ। ਜੇਕਰ ਵਾਹਿਗੁਰੂ ਨੂੰ ਪ੍ਰੇਮ ਰੂਪ ਜਾਣ ਕੇ ਉਪਾਸਨਾ ਕੀਤੀ ਜਾਵੇ ਤਦ ਵੈਰ, ਵਿਰੋਧ, ਈਰਖਾ, ਦਵੈਸ਼, ਹਉਮੈ, ਹੰਕਾਰ, ਖ਼ੁਦੀ-ਖ਼ੁਦਗਰਜ਼ੀ ਸਭ ਖ਼ਤਮ ਹੋ ਜਾਂਦੇ ਹਨ। ਅਜਿਹੀ ਅਵਸਥਾ 'ਚ ਪ੍ਰੇਮ-ਪੁਜਾਰੀ, ਪ੍ਰੇਮੀ ਪ੍ਰੀਤਮ ਨਾਲੋਂ ਆਪਣੇ ਆਪ ਨੂੰ ਵੱਖ ਨਹੀਂ ਸਮਝਦਾ:

*ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥੨॥* *(ਪੰਨਾ ੧੩੩੦)*

ਫਿਰ ਪ੍ਰੀਤਮ-ਪ੍ਰਭੂ ਹਾਜ਼ਰ-ਨਾਜ਼ਰ ਨਜ਼ਰੀਂ ਆਉਂਦਾ ਹੈ ਜਿਵੇਂ ਚਕਵੀ ਨੂੰ ਸੂਰਜ

ਨਾਲ ਪ੍ਰੀਤ ਹੈ, ਇਸ ਪ੍ਰੀਤ ਵਿਚ ਦੂਰੀ ਕੋਈ ਸਮੱਸਿਆ ਨਹੀਂ; ਸਗੋਂ ਚਕਵੀ ਸੂਰਜ ਨੂੰ ਅੰਗ-ਸੰਗ ਜਾਣਦੀ ਹੈ:

*ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥*
*ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ॥* *(ਪੰਨਾ ੬੦)*

ਜਿਸ ਪਾਸ ਪ੍ਰੀਤ ਦੀ ਚਿਣਗ ਨਹੀਂ ਮਨੁੱਖ ਸਾਹ-ਸਤਹੀਣ, ਕਮਜ਼ੋਰ ਤੇ ਮਿਰਤਕ ਦੇ ਸਮਾਨ ਹੈ ਭਾਵੇਂ ਕਿ ਉਹ ਸੰਸਾਰਿਕ ਤੌਰ 'ਤੇ ਸੁਨੱਖਾ, ਵੱਡਾ ਖਾਨਦਾਨੀ, ਸਿਆਣਾ ਤੇ ਚੋਟੀ ਦਾ ਗਿਆਨੀ ਜਾਂ ਧਨਵਾਨ ਵੀ ਕਿਉਂ ਨਾ ਹੋਵੇ:

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥੧॥* *(ਪੰਨਾ ੨੫੩)*

ਪਰ ਗੁਰਬਾਣੀ 'ਚ ਇਹ ਸ਼ਬਦ ਸਧਾਰਨ ਅਰਥਾਂ ਵਿਚ ਨਹੀਂ ਵਰਤਿਆ ਗਿਆ, ਅਧਿਆਤਮਿਕ ਅਰਥਾਂ ਵਿਚ ਹੀ ਇਸ ਸ਼ਬਦ ਦੀ ਵਰਤੋਂ ਹੋਈ ਹੈ। ਪ੍ਰੇਮ ਦੀ ਖੇਡ ਸੰਸਾਰਿਕ ਪੱਧਰ 'ਤੇ ਖੇਡਣੀ ਬੜੀ ਅਸਾਨ ਤੇ ਸੁਖਾਲੀ ਲੱਗਦੀ ਹੈ ਪਰ ਅਧਿਆਤਮਿਕ ਪੱਧਰ 'ਤੇ ਇਹ ਖੰਡੇ ਦੀ ਧਾਰ 'ਤੇ ਚੱਲਣ ਸਮਾਨ ਹੈ। ਤਦ ਵੀ ਜਿਨ੍ਹਾਂ ਦਾ ਪ੍ਰੇਮ ਪ੍ਰੀਤਮ ਨਾਲ ਬਣ ਜਾਵੇ ਉਹ ਫਿਰ ਵਿਛੋੜਾ ਨਹੀਂ ਝੱਲ ਸਕਦੇ:

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥* *(ਪੰਨਾ ੧੩੩)*

ਪ੍ਰੇਮ ਸਥੂਲ ਰੂਪ 'ਚ ਵੀ ਹੁੰਦਾ ਹੈ ਤੇ ਸੂਖਮ ਰੂਪ ਵਿਚ ਵੀ। ਸਮਾਜਿਕ ਰਿਸ਼ਤੇ-ਨਾਤਿਆਂ 'ਚ ਪ੍ਰੇਮ ਇਕ ਪ੍ਰਮੁੱਖ ਕੜੀ ਹੈ। ਇਸਤਰੀ ਪੁਰਖ ਦੇ ਸੰਬੰਧ ਵੀ ਪ੍ਰੇਮ 'ਤੇ ਨਿਰਭਰ ਹਨ। ਇਹ ਪ੍ਰੇਮ ਕੇਵਲ ਵਾਸ਼ਨਾ ਪੂਰਤੀ ਨਹੀਂ ਇਸ ਵਿਚ ਸੂਖ਼ਮ ਮਿਲਾਪ ਦਾ ਅਨੁਭਵ ਵੀ ਹੈ। ਪਤੀ ਪਤਨੀ ਇਕ ਹੀ ਸਰੀਰ ਦੇ ਦੋ ਅੰਗ ਹਨ ਜੋ ਵਿੱਛੜੇ ਹੋਣ ਕਰਕੇ ਮਿਲਣਾ ਲੋਚਦੇ ਹਨ। ਇਕ ਹੋਣ ਦਾ ਅਨੁਭਵ-ਅਹਿਸਾਸ ਹੀ ਅਸਲ ਮਿਲਾਪ ਹੈ। ਪਤੀ ਪਰਮਾਤਮਾ ਹੈ ਤੇ ਪਤਨੀ ਜੀਵ-ਇਸਤਰੀ। ਇਹ ਮਿਲਾਪ ਵੀ ਵਿਸਮਾਦ ਦੇ ਛਿਨ ਹੁੰਦੇ ਹਨ ਜਿਨ੍ਹਾਂ ਨੂੰ ਵਿਅਕਤ ਨਹੀਂ ਕੀਤਾ ਜਾ ਸਕਦਾ। ਕਾਮ ਦੀ ਸੰਸਾਰਿਕ ਬਿਰਤੀ ਵਾਸਨਾ ਹੈ ਤੇ ਅਧਿਆਤਮਿਕ ਬਿਰਤੀ ਪ੍ਰੇਮ ਹੈ।

ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ ਸੁਆਰਥ ਦੀ ਭਾਵਨਾ ਅੰਦਰ ਵਾਸਨਾ ਹੈਵਾਨ ਹੈ। ਹੈਵਾਨ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਵਿੱਚੋਂ ਨਿਰੋਲ ਪ੍ਰੇਮ ਵੱਸਣ ਲੱਗ ਜਾਂਦਾ ਹੈ। ਪ੍ਰੇਮ ਕੋਈ ਲੈਣ-ਦੇਣ ਦਾ ਵਪਾਰ ਨਹੀਂ; ਇਹ ਭੋਗ-ਵਿਲਾਸ ਵੀ ਨਹੀਂ, ਇਹ ਤਾਂ ਮਿਲਾਪ ਹੈ, ਅਜਿਹਾ ਪ੍ਰੇਮ ਹੀ ਪ੍ਰੇਮਾ-ਭਗਤੀ 'ਚ ਤਬਦੀਲ ਹੋ ਜਾਂਦਾ ਹੈ। ਪ੍ਰੇਮ ਦੋਹਾਂ 'ਚ ਪੈਦਾ ਹੁੰਦਾ ਹੈ ਫਿਰ ਮਿਲ ਕੇ ਇਕ ਹੋ ਜਾਂਦਾ ਹੈ। ਪ੍ਰੇਮ ਦਾ ਵਿਸ਼ਾ ਸਦੀਆਂ ਪੁਰਾਣਾ ਹੁੰਦਾ ਹੋਇਆ ਵੀ ਹਰ ਸਮੇਂ ਨਵੀਨ ਹੈ। ਪ੍ਰੇਮ ਵਰਤਮਾਨ ਦੀ ਭਾਸ਼ਾ ਹੈ। ਪ੍ਰੇਮ ਨੂੰ ਪ੍ਰਗਟਾਉਣ ਲਈ ਗੁਰਬਾਣੀ 'ਚ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਵੇਂ ਪਾਣੀ ਤੇ ਕੰਵਲ, ਜਲ ਤੇ ਦੁੱਧ, ਪਾਣੀ ਤੇ ਮਛਲੀ, ਚਾਤ੍ਰਿਕ ਤੇ ਪਾਣੀ, ਚਕਵੀ ਤੇ ਸੂਰਜ ਆਦਿ।

ਗੁਰਬਾਣੀ ਸਪਸ਼ਟ ਸੰਕੇਤ ਕਰਦੀ ਹੈ:

*– ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥* (ਪੰਨਾ ੫੯)

*– ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥*
*ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥* (ਪੰਨਾ ੬੦)

ਪ੍ਰੇਮ ਤੇ ਮੋਹ 'ਚ ਬਹੁਤ ਅੰਤਰ ਹੈ, ਪਰ ਅਸੀਂ ਲੋਕਾਂ ਨੇ ਇਨ੍ਹਾਂ ਦੋਨਾਂ ਨੂੰ ਇਕ ਹੀ ਸਮਝ ਲਿਆ ਹੈ। ਮੋਹ ਵਿਕਾਰ ਹੈ ਪਰ ਪ੍ਰੇਮ ਨਿਰੰਕਾਰ ਨੂੰ ਮਿਲਣ ਦਾ ਸਾਧਨ ਹੈ। ਮੋਹ ਤੋੜਦਾ ਹੈ, ਪ੍ਰੇਮ ਜੋੜਦਾ ਹੈ। ਮੋਹ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ 'ਚ ਸ਼ਾਮਲ ਇਕ ਵਿਕਾਰ ਹੈ ਪਰ ਪ੍ਰੇਮ ਸਦਗੁਣ ਹੈ। ਮੋਹ ਤਾਂ ਖੂਹ ਹੈ, ਜਿਸ ਵਿੱਚੋਂ ਨਿਕਲਣਾ ਮੁਸ਼ਕਲ ਹੈ, ਸੰਸਾਰਿਕ, ਪਰਵਾਰਕ ਮੋਹ ਤਾਂ ਦਲਦਲ ਦੀ ਨਿਆਈਂ ਹੈ ਜਿਸ ਵਿੱਚੋਂ ਸਾਬਤ ਨਿਕਲਣਾ ਸੂਰਮਿਆਂ ਦਾ ਕਰਮ ਹੈ:

*ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥* (ਪੰਨਾ ੧੨)

ਗੁਰਬਾਣੀ ਦੀ ਨਿਮਨਲਿਖਤ ਪੰਕਤੀ ਇਨ੍ਹਾਂ ਸ਼ਬਦਾਂ ਨੂੰ ਨਿਖੇੜ ਕੇ ਸਮਝਾਉਂਦੀ ਹੈ:

*ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥*
*ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥* (ਪੰਨਾ ੬੫੮)

ਮੋਹ 'ਚ ਕਬਜ਼ੇ ਦੀ ਭਾਵਨਾ ਹੈ। ਪ੍ਰੇਮ 'ਚ ਤਿਆਗ ਦੀ ਬਿਰਤੀ ਹੈ। ਪ੍ਰੇਮ 'ਚ ਨਿਮਰਤਾ, ਗਰੀਬੀ, ਸਮਰਪਣ ਦੀ ਭਾਵਨਾ ਹੈ, ਆਪਾ ਨਿਛਾਵਰ ਕਰਨ ਦੀ ਗੱਲ ਹੈ। ਸੰਸਾਰ ਦੇ ਕਰਤੇ ਨੂੰ ਮਿਲਣ ਲਈ ਹਉਮੈ, ਹੰਕਾਰ ਦੀਆਂ ਦੀਵਾਰਾਂ ਨੂੰ ਤੋੜਨਾ ਪਵੇਗਾ। ਪਾਖੰਡਾਂ, ਭੇਖਾਂ, ਵਿਖਾਵੇ ਦਾ ਤਿਆਗ ਕਰ ਕੇ, ਪ੍ਰੇਮ ਦੇ ਮਾਰਗ 'ਤੇ ਚੱਲ ਕੇ ਕਰਤੇ ਦੀ ਕੁਦਰਤ ਨੂੰ ਪਿਆਰ ਕਰਦਿਆਂ ਇੱਕਮਿਕ ਹੋਣਾ ਹੈ, ਇਹ ਇਸ ਪਾਵਨ ਪੰਕਤੀ ਦਾ ਪ੍ਰੇਮ ਸੰਦੇਸਰਾ ਹੈ। ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਭੂ-ਪਰਮਾਤਮਾ ਪ੍ਰੇਮ ਸਰੂਪ ਹੈ:

*ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥* (ਜਾਪੁ ਸਾਹਿਬ)

ਹਰ ਮਾਨਵ ਸੁਖ, ਸ਼ਾਂਤੀ, ਸਹਿਜ ਲੋਚਦਾ ਹੈ। ਇਸ ਲੋਚਾ ਦਾ ਸਰੋਤ ਕੇਵਲ ਤੇ ਕੇਵਲ ਪ੍ਰੇਮ ਹੀ ਹੈ। ਪ੍ਰੇਮ ਮਿਲਾਪ ਦਾ ਸਾਧਨ ਹੈ। ਮਿਲਾਪ 'ਚ ਸੁੱਖ ਹੈ। ਵਿਛੋੜੇ 'ਚ ਦੁੱਖ ਹੈ। ਸੰਸਾਰਿਕ ਸੁੱਖਾਂ ਵਾਸਤੇ ਆਪਸੀ ਮਿਲਵਰਤਨ, ਪ੍ਰੇਮ-ਪਿਆਰ ਦੀ ਜਿਵੇਂ ਜ਼ਰੂਰਤ ਹੈ। ਇਸ ਤਰ੍ਹਾਂ ਹੀ ਸਦੀਵ ਸੁਖ-ਸ਼ਾਂਤੀ, ਸਹਿਜ, ਅਨੰਦ, ਖੇੜੇ ਵਾਸਤੇ ਪ੍ਰੇਮਾ-ਭਗਤੀ ਇੱਕੋ ਇੱਕ ਰਸਤਾ, ਸਰਲ ਤੇ ਸਪਸ਼ਟ ਪ੍ਰੀਤ ਦਾ ਮਾਰਗ ਹੈ, ਜਿਸ ਵਿਚ ਪ੍ਰਾਪਤੀ ਹੀ ਪ੍ਰਾਪਤੀ ਹੈ, ਖਰਚਾ, ਖੱਜਲ-ਖੁਆਰੀ ਕੋਈ ਨਹੀਂ।

ਸੰਪੂਰਨ ਤੌਰ 'ਤੇ ਹਰ ਮਾਨਵ ਧਨ, ਦੌਲਤ, ਖ਼ੂਬਸੂਰਤੀ, ਤਾਕਤ, ਹਕੂਮਤ ਆਦਿ ਨੂੰ ਪ੍ਰਾਪਤ ਕਰਨਾ ਲੋਚਦਾ ਹੈ ਪਰ ਇਨ੍ਹਾਂ ਦੀ ਪ੍ਰਾਪਤੀ ਨਾਲ ਮਨੁੱਖ ਨੂੰ ਸੁੱਖ ਨਹੀਂ

ਨਸੀਬ ਹੁੰਦਾ, ਸਗੋਂ ਇਹ ਚੀਜ਼ਾਂ ਮਨੁੱਖ ਨੂੰ ਹਉਮੈ ਵਿਚ ਫਸਾ ਕੇ ਹੰਕਾਰੀ ਬਣਾ ਦਿੰਦੀਆਂ ਹਨ। ਪ੍ਰੇਮ 'ਚ ਇਹ ਸ਼ਕਤੀਆਂ ਵੀ ਨੁਕਸਾਨਦੇਹ ਨਹੀਂ, ਗੁਣਕਾਰੀ ਹੋ ਜਾਂਦੀਆਂ ਹਨ। ਸ਼ਾਹੀ ਮਹੱਲਾਂ ਨਾਲੋਂ ਝੌਂਪੜੀ ਚੰਗੀ ਲੱਗਦੀ ਹੈ ਜਿੱਥੇ ਪ੍ਰੇਮ ਹੈ। ਪ੍ਰੇਮ ਦਾ ਅਹਿਸਾਸ ਪ੍ਰੀਤਮ ਨੂੰ ਮਿਲਣ ਨਾਲ ਹੰਦਾ ਹੈ, ਜਿਸ ਦੇ ਅੰਦਰ ਪੀੜਾ ਰੂਪੀ ਬੈਰਾਗ ਪੈਦਾ ਨਹੀਂ ਹੁੰਦਾ, ਉਸ ਨੂੰ ਪ੍ਰੇਮ ਰੂਪ ਦਵਾਈ ਦੀ ਜ਼ਰੂਰਤ ਨਹੀਂ। ਪ੍ਰੇਮ ਵਾਸਨਾ ਨਹੀਂ।, ਵਾਸਨਾ 'ਚ ਕਾਮ ਹੈ। ਵਾਸਨਾ ਅੰਧਕਾਰਮਈ ਹੈ ਜਦ ਕਿ ਪ੍ਰੇਮ ਪ੍ਰਕਾਸ਼ਮਈ ਹੈ। ਪ੍ਰੇਮ ਦੇ ਪ੍ਰਾਪਤ ਹੋਣ ਦੀ ਪਹਿਲੀ ਸ਼ਰਤ ਦਰਸ਼ਨ, ਦੂਸਰੀ ਵਿਚਾਰ-ਚਰਚਾ ਤੇ ਤੀਸਰੀ ਪਿਆਰ ਹੈ। ਪ੍ਰੇਮ ਦਿਲ ਤੋਂ ਹੁੰਦਾ ਹੈ, ਦਿਮਾਗ ਤੋਂ ਨਹੀਂ। ਪ੍ਰੇਮ ਇਕ ਰਾਗ ਹੈ ਜੋ ਕਦੇ ਵੀ ਫ਼ਨਾਹ ਨਹੀਂ ਹੁੰਦਾ। ਪ੍ਰੇਮ ਦੀ ਪਰਿਭਾਸ਼ਾ ਤਾਂ ਪ੍ਰੇਮ-ਪੁਜਾਰੀ ਬੁਲਬੁਲ, ਭਮੱਕੜ, ਚਕਵੀ, ਚਾਤ੍ਰਿਕ ਤੋਂ ਹੀ ਪੁੱਛੀ ਜਾ ਸਕਦੀ ਹੈ। ਪ੍ਰੀਤਮ-ਪਿਆਰੇ ਨਾਲ ਪ੍ਰੇਮ ਦੀ ਸਾਂਝ ਸ੍ਰੀ ਗੁਰੂ ਅੰਗਦ ਦੇਵ ਜੀ ਬਿਆਨ ਕਰਦੇ ਹਨ:

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥੨॥* *(ਪੰਨਾ ੮੩)*

ਪ੍ਰੇਮ-ਪ੍ਰੀਤ ਦਾ ਗੀਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਾ ਕੇ ਦਿਖਾਇਆ, ਜਦ ਉਹ ਤੱਤੀ-ਤਵੀ 'ਤੇ ਚੌਂਕੜਾ ਮਾਰ ਵਿਸਮਾਦੀ ਅਵਸਥਾ 'ਚ ਉਚਾਰਦੇ ਹਨ:

*ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥* *(ਪੰਨਾ ੩੯੪)*

ਪ੍ਰੇਮ ਬਾਦਸ਼ਾਹ ਤੇ ਭਿਖਾਰੀ ਨੂੰ ਇਕ ਸਮਾਨ ਰੂਪ ਜਾਂ ਦਰਜੇ ਵਿਚ ਹੁੰਦਾ ਹੈ। ਪ੍ਰੇਮੀ ਹੁਕਮ ਨਹੀਂ ਕਰਦਾ ਸਗੋਂ ਹੁਕਮੀ ਬੰਦਾ ਬਣਦਾ ਹੈ। ਪ੍ਰੇਮੀ ਪ੍ਰੀਤਮ ਦੇ ਸੁਖ ਵਾਸਤੇ ਆਪਾ ਨਿਛਾਵਰ ਕਰ ਦੇਂਦਾ ਹੈ। ਪ੍ਰੇਮੀ ਪ੍ਰੇਮ ਨੂੰ ਛੁਪਾ ਨਹੀਂ ਸਕਦਾ। ਪ੍ਰੇਮ ਦੀ ਕਹਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਦੀ ਪ੍ਰੀਤ ਵਿੱਚੋਂ ਪ੍ਰਾਪਤ ਹੁੰਦੀ ਹੈ ਜਦ ਭਾਈ ਮਰਦਾਨਾ ਜੀ ਕਹਿੰਦੇ, ਤੂ ਨਿਰੰਕਾਰ ਦਾ ਡੂੰਮ, ਮੈਂ ਤੇਰਾ ਡੂੰਮ, ਇਸ ਵਿਚ ਅੰਤਰ ਕੀ ਹੈ?" ਗੁਰਬਾਣੀ 'ਚ ਸਿੱਖ ਭਾਵਨਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ:

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥੧॥*
*(ਪੰਨਾ ੯੩)*

ਪ੍ਰੇਮ ਇਕ ਨਸ਼ਾ ਹੈ, ਖ਼ੁਮਾਰੀ ਹੈ, ਵਿਸਮਾਦੀ ਭਾਵਨਾ ਹੈ, ਖਿੜਾਓ ਹੈ, ਜਿਸ ਨੂੰ ਮਾਣਿਆ ਜਾ ਸਕਦਾ ਹੈ, ਦਰਸਾਇਆ ਨਹੀਂ ਜਾ ਸਕਦਾ। ਪ੍ਰੇਮ ਦੀ ਖ਼ੁਮਾਰੀ ਪ੍ਰਾਪਤ ਕਰਨ ਵਾਸਤੇ ਆਪਾ ਵਾਰਨਾ ਪੈਂਦਾ ਹੈ। ਪਹਿਲੀ ਸ਼ਰਤ ਹੈ ਆਪਣੀ ਹੋਂਦ-ਹਸਤੀ ਤੇ ਪਹਿਚਾਣ ਨੂੰ ਪ੍ਰੀਤਮ 'ਚ ਅਭੇਦ ਕਰਨਾ। ਪ੍ਰੇਮ ਦੀ ਖੇਡ ਹੋਰ ਖੇਡਾਂ ਦੇ ਸਮਾਨ ਜਾਂ ਸਾਜ਼ਾਂ ਨਾਲ ਨਹੀਂ ਖੇਡੀ ਜਾਂਦੀ। ਇਹ ਤਾਂ ਸੀਸ ਭੇਟ ਕਰਨ ਦੀ ਖੇਡ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥* *(ਪੰਨਾ ੧੪੧੨)*

ਸੱਚਾ ਪ੍ਰੇਮ ਖੁਦੀ ਦਾ ਤਿਆਗ ਹੈ। ਐਸੇ ਮਿਲਾਪ ਨੂੰ ਰੂਪਮਾਨ ਕਰਨਾ ਹੈ ਜਿਸ ਵਿਚ ਵਿਛੋੜੇ ਦੀ ਗੁੰਜਾਇਸ਼ ਹੀ ਨਹੀਂ। ਇਹ ਐਸੀ ਕਸ਼ਿਸ਼ ਹੈ ਜੋ ਤੋੜਿਆਂ ਵੀ ਟੁੱਟਦੀ ਨਹੀਂ- ਛੱਡਿਆਂ ਵੀ ਛੱਡੀ ਨਹੀਂ ਜਾਂਦੀ। ਪਾਵਨ ਕਥਨ ਹੈ:

*ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥੧॥* *(ਪੰਨਾ ੮੨੭)*

ਤਲਵਾਰ ਜਿੰਦ-ਨਰਜਿੰਦ ਦੇ ਟੁਕੜੇ-ਟੁਕੜੇ ਕਰ ਦਿੰਦੀ ਹੈ ਪਰ ਪ੍ਰੇਮ-ਸ਼ਕਤੀ ਟੁਕੜਿਆਂ ਨੂੰ ਜੋੜ ਦਿੰਦੀ ਹੈ। ਹਿੰਦੀ ਦੇ ਕਵੀ ਰਹੀਮ ਜੀ ਦਾ ਕਥਨ ਹੈ ਕਿ ਪ੍ਰੇਮ ਦੇ ਧਾਗੇ ਨੂੰ ਤੋੜਨਾ ਨਹੀਂ ਚਾਹੀਦਾ। ਜੇਕਰ ਇਹ ਟੁੱਟ ਜਾਵੇ ਤਾਂ ਇਸ ਵਿਚ ਗੰਢ ਪੈ ਜਾਂਦੀ ਹੈ-

*ਰਹਿਮਨ ਧਾਗਾ ਪ੍ਰੇਮ ਕਾ ਮਤ ਤੋੜੋ ਝਟਕਾਏ,*
*ਤੁਟੈ ਸੇ ਫਿਰ ਨ ਮਿਲੇ ਮਿਲੇ ਗਾਠ ਪੜ ਜਾਏ।*

ਪ੍ਰੇਮ ਨਾ ਹੀ ਗਰਜ਼ ਪੂਰਤੀ ਹੈ, ਨਾ ਹੀ ਖੁਦਗਰਜ਼ੀ। ਪ੍ਰੇਮ ਤਾਂ ਪ੍ਰੀਤਮ ਦੀ ਪ੍ਰਾਪਤੀ ਹੈ। ਪ੍ਰੀਤਮ ਦੀ ਯਾਦ ਹਰਦਮ ਹੋਣ ਨਾਲ ਪ੍ਰੀਤਮ ਦਾ ਰੰਗ ਪ੍ਰੇਮੀ 'ਤੇ ਚੜ੍ਹ ਜਾਂਦਾ ਹੈ। ਪ੍ਰੇਮੀ 'ਚ ਪ੍ਰੀਤਮ ਵਾਲੇ ਤੇ ਪ੍ਰੀਤਮ 'ਚ ਪ੍ਰੇਮੀ ਵਾਲੇ ਗੁਣ ਤਬਦੀਲ ਹੋ ਜਾਂਦੇ ਹਨ। ਫਿਰ ਇਹ ਅਵਸਥਾ 'ਆਪੇ ਗੁਰ ਚੇਲਾ' ਵਾਲੀ ਹੋ ਨਿੱਬੜਦੀ ਹੈ। ਇਹ ਅਵਸਥਾ ਹੈ ਜਿੱਥੇ ਗੁਰੂ ਚੇਲੇ ਨੂੰ ਨਮਸਕਾਰ ਕਰਦਾ ਹੈ। ਇਹ ਅਵਸਥਾ ਹੈ, ਜਿੱਥੇ ਗੁਰੂ ਪਿਆਰੇ ਪਾਸੋਂ ਪ੍ਰੇਮ ਰੂਪੀ ਅੰਮ੍ਰਿਤ ਦੀ ਦਾਤ ਮੰਗਦਾ ਹੈ ਆਪਣੇ ਆਪ ਨੂੰ ਅਭੇਦ ਕਰਨ ਲਈ। ਸੰਸਾਰਿਕ ਤੌਰ 'ਤੇ ਜਿੱਥੇ ਬਹੁਤ ਪਿਆਰ ਹੋਵੇ ਉੱਥੇ ਇੱਕੋ ਬਰਤਨ 'ਚ ਖਾਣਾ ਖਾ ਲਿਆ ਜਾਂਦਾ ਹੈ ਪਰ ਅਧਿਆਤਮਿਕ ਤੌਰ 'ਤੇ ਪ੍ਰੀਤਮ ਦੇ ਪ੍ਰੇਮ-ਪਿਆਰ ਵਿਚ ਇੱਕੋ ਬਾਟੇ 'ਚੋਂ ਸਮੁੱਚੀ ਲੋਕਾਈ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਪ੍ਰੇਮ 'ਚ ਸਮਰਪਣ ਹੈ, ਲਾਲਚ ਨਹੀਂ। ਬਾਬਾ ਫ਼ਰੀਦ ਜੀ ਦੇ ਬਚਨ ਹਨ:

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥* *(ਪੰਨਾ ੧੩੭੮)*

ਪ੍ਰੇਮੀ ਸਾਹ-ਸਤਹੀਣ ਨਹੀਂ ਹੁੰਦਾ, ਉਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਵਿਚਰਦਾ ਹੈ। ਪ੍ਰੀਤਮ ਨੂੰ ਮਿਲਣ ਵਾਸਤੇ ਉਸ ਵਿਚ ਇਤਨੀ ਸ਼ਕਤੀ, ਭਰੋਸਾ ਤੇ ਸਵੈ-ਵਿਸ਼ਵਾਸ ਹੁੰਦਾ ਹੈ ਕਿ ਕੋਈ ਸੰਸਾਰਿਕ ਰੁਕਾਵਟ ਉਸ ਦੇ ਰਸਤੇ ਦਾ ਰੋੜਾ ਨਹੀਂ ਬਣ ਸਕਦੀ। ਬਾਬਾ ਫ਼ਰੀਦ ਜੀ ਦੇ ਪ੍ਰੇਮ ਦੇ ਭਿੱਜੇ ਬਚਨ ਹਨ:

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥੨੪॥*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥* *(ਪੰਨਾ ੧੩੭੯)*

ਪ੍ਰੀਤਮ ਨਾਲ ਪ੍ਰੇਮ ਹੋਣ 'ਤੇ ਮਨੁੱਖ ਹਰ ਸਮੇਂ ਨਿੰਮਾ-ਨਿੰਮਾ ਹੱਸਦਾ ਹੈ, ਮੁਸਕਰਾਉਂਦਾ ਹੈ ਤੇ ਗੁਣਗੁਣਾਉਂਦਾ ਹੈ। ਪ੍ਰੇਮ ਦੀ ਭਾਸ਼ਾ ਮੂਕ ਹੈ, ਇਸ ਨੂੰ ਲਿੱਪੀ ਦੇ ਰੂਪ 'ਚ ਨਹੀਂ

ਲਿਖਿਆ ਜਾ ਸਕਦਾ। ਪ੍ਰੇਮ ਇਕ ਸ਼ਕਤੀ ਹੈ, ਭਗਤੀ ਹੈ ਜੋ ਦੋ ਨੂੰ ਇਕ ਕਰ ਦਿੰਦੀ ਹੈ! ਪ੍ਰੇਮੀ ਆਸ਼ਾਵਾਦੀ ਹੁੰਦਾ ਹੈ। ਆਸ਼ਾਵਾਦੀ ਹੋਣ ਕਰਕੇ ਹੀ ਉਹ ਮੁਸ਼ਕਲ-ਮੁਸੀਬਤ ਨੂੰ ਖਿੜੇ-ਮੱਥੇ ਪ੍ਰਵਾਨ ਕਰ, ਪ੍ਰਵਾਨ ਚੜ੍ਹਦਾ ਹੈ। ਪ੍ਰੇਮੀ ਭੋਗੀ ਨਹੀਂ ਹੁੰਦਾ, ਉਹ ਯੋਗੀ ਬਣ ਜਾਂਦਾ ਹੈ, ਪ੍ਰੀਤਮ ਨਾਲ ਜੁੜ ਕੇ। ਪਿਆਰ ਕੀਤਾ ਨਹੀਂ ਜਾਂਦਾ, ਇਹ ਹੋ ਜਾਂਦਾ ਹੈ। ਪ੍ਰੇਮ ਬਜ਼ਾਰੀ ਵਸਤੂ ਨਹੀਂ, ਪ੍ਰੇਮ ਖ੍ਰੀਦਿਆ ਨਹੀਂ ਜਾਂਦਾ ਬਲਕਿ ਪ੍ਰੇਮ ਨਾਲ ਸਭ ਕੁਝ ਪਾਇਆ ਜਾ ਸਕਦਾ ਹੈ।

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ.. 'ਚ ਫੈਸਲਾ ਸੁਣਾਇਆ ਹੈ ਕਿ ਪ੍ਰੇਮ ਹੀ ਸ਼ਕਤੀ ਹੈ, ਪ੍ਰੇਮ ਹੀ ਭਗਤੀ ਹੈ, ਜਿਸ ਨਾਲ ਪਿਆਰੇ ਨੂੰ ਮਿਲਿਆ ਜਾ ਸਕਦਾ ਹੈ! ਪਰਮਾਤਮਾ ਪ੍ਰਾਪਤੀ ਦੇ ਪ੍ਰਚਲਿਤ ਜਟਿਲ ਸਾਧਨਾਂ ਦੀ ਪੋਲ ਖੋਲ੍ਹਦੇ ਹੋਏ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਕੀ ਹੋਇਆ ਜੇ ਦੋਵੇਂ ਅੱਖਾਂ ਬੰਦ ਕਰ ਕੇ ਬਗਲ-ਸਮਾਧੀ ਲਗਾ ਲਈ , ਇਹ ਤਾਂ ਵਿਅਰਥ ਹੈ। ਅੱਖਾਂ ਤਾਂ ਕੁਦਰਤ ਦੇ ਕਰਤਾ ਨੇ ਸੰਸਾਰ ਨੂੰ ਜਾਣਨ-ਮਾਨਣ ਵਾਸਤੇ ਦਿੱਤੀਆਂ ਹਨ ਪਰ ਹੇ ਅਗਿਆਨੀ ਮਨੁੱਖ! ਤੂੰ ਇਨ੍ਹਾਂ ਨੂੰ ਬੰਦ ਕਰ ਕੇ ਬੈਠ ਗਿਆ! ਤੂੰ ਬਾਹਰੀ ਤੌਰ 'ਤੇ ਅੱਖਾਂ ਬੰਦ ਕਰੀ ਬੈਠਾ ਹੈ ਪਰ ਅੰਦਰੂਨੀ ਤੌਰ 'ਤੇ ਸੰਸਾਰ ਦੇ ਰੰਗ-ਤਮਾਸ਼ੇ ਨੂੰ ਦੇਖ ਅੱਖਾਂ ਰੱਜ ਹੀ ਨਹੀਂ ਰਹੀਆਂ। ਮਨ ਕਰ ਕੇ ਤੂੰ ਟਿਕਦਾ ਨਹੀਂ ਪਰ ਤੂੰ ਦਿਖਾਵੇ ਦੀ ਸਮਾਧੀ ਲਗਾਈ ਹੋਈ ਹੈ।

*ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥* *(ਪੰਨਾ ੬੬੨)*

ਤੀਰਥ-ਭ੍ਰਮਣ ਤੇ ਤੀਰਥ-ਇਸ਼ਨਾਨ ਨੂੰ ਧਰਮ ਦਾ ਜ਼ਰੂਰੀ ਅੰਗ ਮੰਨਿਆ ਗਿਆ ਸੀ ਪਰ ਗੁਰਬਾਣੀ ਨੇ ਸਪਸ਼ਟ ਕਰ ਦਿੱਤਾ ਕਿ ਤੀਰਥ ਤਾਂ ਪ੍ਰਭੂ ਦੀ ਹੋਂਦ-ਹਸਤੀ ਨੂੰ ਸਰਵਵਿਆਪੀ-ਸਰਵਸ਼ਕਤੀਮਾਨ ਮੰਨਣਾ ਹੈ:

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥* *(ਪੰਨਾ ੬੮੭)*

ਪ੍ਰੇਮ ਦੀ ਅਕਥ ਕਹਾਣੀ ਹੈ ਪਰ ਜਿਹੜਾ ਇਸ ਨੂੰ ਸਮਝਾਉਂਦਾ ਹੈ ਉਸ ਦੇ ਪੈਰੀਂ ਲੱਗਣ ਨੂੰ ਚਿਤ ਕਰਦਾ ਹੈ। ਇਹੀ ਕਾਰਨ ਹੈ ਕਿ ਅਸੀਂ ਸੰਸਾਰਿਕ ਪ੍ਰੇਮ-ਕਥਾਵਾਂ ਨੂੰ ਬੜੇ ਚਾਅ ਤੇ ਤਵੱਜੋਂ ਨਾਲ ਸੁਣਦੇ ਹਾਂ:

*ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥*
*ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥ (ਪੰਨਾ ੭੫੯)*

ਪਰਮਾਤਮਾ ਸੱਚ ਸਰੂਪ ਹੈ ਜੋ ਆਦਿ-ਜੁਗਾਦੀ ਸਚ ਹੈ, ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਉਸ ਨਾਲ ਤਨ-ਮਨ ਤੋਂ ਜੁੜਨਾ, ਸੱਚ ਦੇ ਧਾਰਨੀ ਹੋਣਾ ਪ੍ਰੇਮ ਲਈ ਜ਼ਰੂਰੀ ਹੈ। ਜਿਸ ਪਾਸ ਸੱਚ ਤੇ ਪ੍ਰੇਮ ਹੈ ਉਸ ਦੇ ਸਭ ਦਾਸ ਬਣਨ ਨੂੰ ਤਿਆਰ ਹਨ ਕਿਉਂਕਿ ਉਹ ਪ੍ਰੀਤਮ ਰੂਪ ਹੀ ਹੋ ਜਾਂਦਾ ਹੈ:

*ਸਾਚੁ ਰਿਦੈ ਸਚੁ ਪ੍ਰੇਮ ਨਿਵਾਸ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ॥*
*(ਪੰਨਾ ੨੨੪)*

ਪਰ ਪ੍ਰੇਮ-ਪ੍ਰੀਤ ਵੀ ਪ੍ਰਭੂ ਨਦਰ 'ਤੇ ਨਿਰਭਰ ਹੈ। ਇਕ ਪਾਸੜ ਪਿਆਰ ਕਦੇ ਵੀ ਸਿਰੇ ਨਹੀਂ ਚੜ੍ਹਦਾ:

*ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ॥* *(ਪੰਨਾ ੧੦੧੯)*

ਪ੍ਰੇਮ 'ਚ ਪ੍ਰੀਤਮ ਦੀ ਯਾਦ ਕਦੇ ਵੀ ਵਿੱਸਰਦੀ ਨਹੀਂ, ਪ੍ਰੇਮ ਤਾਂ ਪਰਮਾਤਮਾ ਨਾਲ ਇਸ ਤਰ੍ਹਾਂ ਦਾ ਚਾਹੀਦਾ ਹੈ ਜਿਵੇਂ ਮਛਲੀ ਤੇ ਪਾਣੀ ਦਾ, ਪਾਣੀ ਤੋਂ ਵਿਛੋੜਾ ਮਛਲੀ ਦੀ ਮੌਤ ਹੈ। ਜੇਕਰ ਮਛਲੀ ਨੂੰ ਪਕੜ ਕੇ, ਕੱਟ ਕੇ, ਰਿੰਨ੍ਹ ਲਿਆ ਜਾਵੇ ਤਾਂ ਵੀ ਪਾਣੀ ਨਾਲੋਂ ਆਪਣੀ ਪ੍ਰੀਤ ਨਹੀਂ ਤੋੜਦੀ ਸਗੋਂ ਖਾਣ ਵਾਲੇ ਨੂੰ ਪਾਣੀ ਪੀਣ ਲਈ ਮਜਬੂਰ ਕਰਦੀ ਹੈ:

*ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥*
*ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥* *(ਪੰਨਾ ੬੫੮)*

ਪ੍ਰੇਮ ਪਾਖੰਡ ਨਹੀਂ, ਭੇਖ ਨਹੀਂ, ਦਿਖਾਵਾ ਨਹੀਂ, ਪਾਖੰਡ ਨਾਲ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਮਨੁੱਖ ਦਾ ਪਾਜ ਉਖੜ ਜਾਂਦਾ ਹੈ:

*ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥* *(ਪੰਨਾ ੫੪)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਮਨਲਿਖਤ ਪੰਕਤੀਆਂ 'ਚ ਖ਼ਾਲਸੇ ਦੇ ਪ੍ਰੇਮ ਆਦਰਸ਼ ਨੂੰ ਰੂਪਮਾਨ ਕੀਤਾ ਹੈ ਕਿ ਮੇਰਾ ਸਿੱਖ ਹਰ ਸਮੇਂ ਜਾਗਤ-ਜੋਤ ਦਾ ਪੁਜਾਰੀ ਹੋਵੇਗਾ। ਉਹ ਕਿਸੇ ਦੀ, ਕਿਸੇ ਵੀ ਰੂਪ ਵਿਚ, ਕਿਸੇ ਵੀ ਸਥਿਤੀ ਵਿਚ ਮੂਰਤੀ ਪੂਜਾ, ਉਪਾਸਨਾ ਨਹੀਂ ਕਰੇਗਾ। ਬਿਨਾਂ ਕਰਤਾ ਪੁਰਖ ਦੇ ਉਹ ਮਨ ਵਿਚ ਦੂਸਰੇ ਦਾ ਖਿਆਲ ਵੀ ਨਹੀਂ ਲਿਆਵੇਗਾ। ਮੇਰਾ ਸਿੱਖ ਮੜ੍ਹੀਆਂ, ਮਸਾਣਾਂ, ਮੱਠਾਂ, ਕਬਰਾਂ ਨੂੰ ਵੀ ਨਹੀਂ ਮੰਨੇਗਾ। ਉਹ ਕੇਵਲ ਪ੍ਰੇਮ-ਪ੍ਰੀਤ ਦੇ ਹੀ ਨਿਯਮ ਦੀ ਪਾਲਨਾ ਕਰੇਗਾ ਜਿਹੜਾ ਕਿ ਕੇਵਲ ਇਕ ਨਾਲ ਹੀ ਹੋ ਸਕਦਾ ਹੈ, ਦੂਸਰੇ ਨਾਲ ਨਹੀਂ। ਮੇਰੇ ਸਿੱਖ ਵਾਸਤੇ ਪ੍ਰਭੂ-ਭਗਤੀ, ਪ੍ਰੀਤ-ਪਿਆਰ ਹੀ ਤੀਰਥ, ਇਸ਼ਨਾਨ, ਦਾਨ, ਦਇਆ, ਤਪ ਤੇ ਸੰਜਮ ਹੋਵੇਗਾ। ਇਸ ਮਰਯਾਦਾ ਦੀ ਪਾਲਣਾ ਕਰਨ ਨਾਲ ਹੀ ਪ੍ਰੇਮੀ ਦੇ ਹਿਰਦੇ ਵਿਚ ਪ੍ਰੀਤ ਦੀ ਜੋਤ ਜਗੇਗੀ ਤਦ ਹੀ ਉਹ ਮੇਰਾ ਖ਼ਾਸ ਰੂਪ ਖ਼ਾਲਸਾ ਅਖਵਾ ਸਕੇਗਾ:

*ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨਾ ਆਨੈ॥*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ ਤਬ ਖਾਲਿਸ ਤਾਹਿ ਨ ਖਾਲਿਸ ਜਾਨੈ॥* *(੩੩ ਸਵੈਯੇ)*

ਇਹ ਪ੍ਰੇਮ ਦੀ ਅਜਿਹੀ ਅਵਸਥਾ ਜਿੱਥੇ ਪ੍ਰੀਤਮ ਤੇ ਪ੍ਰੇਮੀ ਇਕ ਹੋ ਜਾਂਦੇ ਹਨ। ਇਹ ਤਾਂ 'ਏਕ ਜੋਤਿ ਦੁਇ ਮੂਰਤੀ' ਦੇ ਸਿਧਾਂਤ ਦਾ ਹੀ ਪ੍ਰਗਟਾਅ ਹੈ। ਭਗਤ ਕਬੀਰ ਜੀ ਬਾਖ਼ੂਬੀ ਦਰਸਾਉਂਦੇ ਹਨ:

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥* *(ਪੰਨਾ ੯੬੯)*

ਇਹ ਪ੍ਰੇਮ ਦੀ ਹੀ ਸ਼ਕਤੀ ਹੈ ਕਿ ਸਮੁੱਚੀ ਮਾਨਵਤਾ ਨੂੰ ਮਨੁੱਖ ਇਕ ਸਮਝਣ-ਮੰਨਣ ਲੱਗ ਜਾਂਦਾ ਹੈ। ਉਸ ਨੂੰ ਸਮੁੱਚੀ ਕਾਇਨਾਤ ਕਰਤੇ ਦੀ ਕਿਰਤ ਨਜ਼ਰੀਂ ਆਉਂਦੀ ਹੈ। ਉਹ ਧਰਮ, ਜਾਤ, ਦੇਸ਼, ਰੰਗ, ਨਸਲ ਦੇ ਵਿਤਕਰਿਆਂ ਵਖਰੇਵਿਆਂ ਤੋਂ ਉੱਪਰ ਉੱਠ ਜਾਂਦਾ ਹੈ ਤੇ ਸੁਭਾਵਿਕ ਇਹ ਪੰਕਤੀ ਉਚਾਰਦਾ ਹੈ :

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੧੫॥੮੫॥*
*(ਅਕਾਲ ਉਸਤਤ)*

ਪ੍ਰੇਮੀ ਵਾਸਤੇ ਕੋਈ ਦੁਸ਼ਮਣ ਨਹੀਂ, ਸਭ ਆਪਣਾ, ਪਰਾਇਆ ਕੋਈ ਨਹੀਂ। ਜਦ ਪ੍ਰੇਮ-ਪੁਜਾਰੀ ਇੱਕ ਹੋ ਗਿਆ ਤਾਂ ਦਵੈਸ਼ ਤਾਂ ਆਪੇ ਖ਼ਤਮ ਹੋ ਜਾਵੇਗੀ। ਇਹ 'ਬੇਗਮਪੁਰੇ' ਦੀ ਅਵਸਥਾ ਹੈ। ਉਹ ਖੱਤਰੀ, ਬ੍ਰਾਹਮਣ, ਸੂਦ, ਵੈਸ਼, ਚਹੁ ਵਰਨਾਂ ਤੋਂ ਸੁੰਤਤਰ ਹੋ ਪੁਕਾਰਦਾ ਹੈ :

*ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਪੰਨਾ ੯੭)*

ਪਰਮਾਤਮਾ ਅਕਾਰ ਨਹੀਂ, ਨਿਰੰਕਾਰ ਹੈ। ਨਿਰੰਕਾਰੀ ਜੋਤ ਨੂੰ ਭਾਸ਼ਾ, ਬੋਲੀਆਂ, ਲਿੱਪੀਆਂ 'ਚ ਵੀ ਕੈਦ ਨਹੀਂ ਕੀਤਾ ਜਾ ਸਕਦਾ। ਉਸ ਦੀ ਉਸਤਤ ਕੇਵਲ ਸੰਸਕ੍ਰਿਤ, ਫਾਰਸੀ, ਪਾਰਸੀ, ਪਾਲੀ ਜਾਂ ਪੰਜਾਬੀ 'ਚ ਹੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਅਸੀਮਤ ਨੂੰ ਸੀਮਤ ਸ਼ਬਦਾਵਲੀ ਦੀ ਕੈਦ 'ਚ ਕੈਦ ਨਹੀਂ ਕੀਤਾ ਜਾ ਸਕਦਾ। ਗੁਰਦੇਵ ਸਪਸ਼ਟ ਕਰਦੇ ਹਨ:

*- ਕਹੂੰ ਆਰਬੀ ਤੋਰਕੀ ਪਾਰਸੀ ਹੋ॥*
*ਕਹੂੰ ਪਹਲਵੀ ਪਸ਼ਤਵੀ ਸੰਸਕ੍ਰਿਤੀ ਹੋ॥*
*ਕਹੂੰ ਦੇਸ ਭਾਖ੍ਯਾ ਕਹੂੰ ਦੇਵ ਬਾਨੀ॥*
*ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ॥੨੯॥੧੧੯॥ (ਅਕਾਲ ਉਸਤਤ)*
*- ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥*
*ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥ (ਪੰਨਾ ੧੨੮੯)*

ਹਰੀ ਕੇਵਲ ਹਿੰਦੂਆਂ ਦਾ ਨਹੀਂ, ਖੁਦਾ ਕੇਵਲ ਮੁਸਲਮਾਨਾਂ ਦਾ ਨਹੀਂ, ਉਹ ਸਮਸਤ ਸੰਸਾਰ ਪੈਦਾ ਕਰਨ ਵਾਲਾ ਸਾਂਝਾ ਬਾਪ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ 'ਤੁਹੀ-ਤੁਹੀ-ਤੁਹੀ' ਦੀ ਧੁਨ ਉਚਾਰਦੇ ਹੋਏ ਸਪਸ਼ਟ ਕਰਦੇ ਹਨ ਕਿ ਮੰਦਰ ਤੇ ਮਸਜਿਦ ਭਿੰਨ ਨਹੀਂ, ਪੂਜਾ ਤੇ ਨਿਮਾਜ਼ 'ਚ ਕੋਈ ਅੰਤਰ ਨਹੀਂ। ਕੋਈ ਹਿੰਦੂ, ਮੁਸਲਮਾਨ, ਮਲੇਸ਼, ਕਾਫ਼ਰ ਨਹੀਂ। ਪਰਮਾਤਮਾ ਨੂੰ ਪਾਉਣ ਲਈ ਭਾਵਨਾ ਦੀ ਜ਼ਰੂਰਤ ਹੈ। ਭਾਵਨਾ ਦਾ ਪ੍ਰਗਟਾਅ ਪ੍ਰੇਮ 'ਚੋਂ ਹੁੰਦਾ ਹੈ, ਜਿਸ ਨੂੰ ਪ੍ਰੇਮ ਹੋ ਜਾਵੇ ਉਸ ਵਾਸਤੇ ਸਭ ਸਮਾਨ ਹਨ:

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥੧੬॥੮੬॥*
*(ਅਕਾਲ ਉਸਤਤ)*

ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਮੰਨਣ ਵਾਲਾ ਸਵੇਰੇ-ਸ਼ਾਮ ਇਹੀ ਅਰਦਾਸ ਕਰਦਾ ਹੈ:

*ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥*

ਜਿਸ ਵੇਲੇ ਧਰਮ, ਜਾਤੀ, ਨਸਲ, ਵਰਣ-ਵੰਡ ਦੇ ਨਾਂ 'ਤੇ ਕਤਲੇਆਮ ਹੋ ਰਿਹਾ ਸੀ, ਹਰ ਪਾਸੇ ਨਫ਼ਰਤ ਦਾ ਬੋਲਬਾਲਾ ਸੀ, ਮੁਸਲਮਾਨ ਗੈਰ-ਮੁਸਲਮਾਨਾਂ ਨੂੰ ਕਾਫ਼ਰ, ਹਿੰਦੂ ਗੈਰ-ਹਿੰਦੂਆਂ ਨੂੰ ਮਲੇਛ ਕਹਿ ਰਿਹਾ ਸੀ। ਇਕ ਪਾਸੇ ਰਾਜ-ਸ਼ਕਤੀ ਸੀ ਤੇ ਦੂਸਰੇ ਪਾਸੇ ਪਿਤਾ-ਪੁਰਖੀ ਗੁਲਾਮੀ ਪਰ ਧਰਮ-ਸਮਾਜ ਆਪਸ ਵਿਚ ਪਾਟੋਧਾੜ ਸੀ। ਮਨੁੱਖ, ਮਨੁੱਖ ਦਾ ਪਰਛਾਵਾਂ ਲੈਣ ਤੋਂ ਵੀ ਡਰਦਾ ਸੀ। ਖਾਣ-ਪੀਣ, ਪਹਿਰਾਣ, ਧਾਰਮਿਕ, ਸਮਾਜਿਕ, ਰਾਜਨੀਤਿਕ ਵੰਡੀਆਂ ਨੇ ਮਾਨਵ-ਸਮਾਜ ਨੂੰ ਛਲਣੀ-ਛਲਣੀ ਹੀ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਰਾਜਸੀ, ਧਾਰਮਿਕ, ਸਮਾਜਿਕ ਤੌਰ 'ਤੇ ਡਟਵਾਂ ਵਿਰੋਧ ਹੋ ਰਿਹਾ ਸੀ ਅਜਿਹੇ ਬਿਖੜੇ ਸਮੇਂ ਗੁਰੂ ਸਾਹਿਬਾਨ ਨੇ ਕਿਸੇ ਵੀ ਤਰ੍ਹਾਂ ਦੇ ਜਾਤੀ-ਵਿਰੋਧ ਨੂੰ ਜਮਾਤੀ ਵਿਰੋਧ ਨਹੀਂ ਬਣਨ ਦਿੱਤਾ। ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਸੀ ਮਿਲਵਰਤਨ, ਭਾਈਚਾਰਕ ਸਾਂਝ, ਧਾਰਮਿਕ, ਸਮਾਜਿਕ ਬਰਾਬਰੀ ਸਥਾਪਿਤ ਕਰਨ ਤੇ ਸਦਗੁਣਾਂ ਦਾ ਸੰਚਾਰ ਕਰਨ ਵਾਸਤੇ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'- ਅਲਾਹੀ ਸੰਦੇਸ਼ ਦ੍ਰਿੜ੍ਹ ਕਰਵਾਇਆ। ਅਰਥ-ਭਾਵ ਬੜੇ ਸਪਸ਼ਟ ਹਨ ਕਿ ਜੇਕਰ ਤੁਸੀਂ ਮਾਨਵਤਾ, ਕੁਦਰਤ ਨਾਲ ਪਿਆਰ ਕਰੋਗੇ ਤਾਂ ਹੀ ਕਰਤੇ ਨੂੰ ਪਾ ਸਕੋਗੇ। ਉਨ੍ਹਾਂ ਹਾਲਾਤਾਂ 'ਚ ਵੀ ਸਾਂਈਂ ਮੀਆਂ ਮੀਰ, ਪੀਰ ਬੁੱਧੂ ਸ਼ਾਹ, ਗਨੀ ਖਾਂ, ਨਬੀ ਖਾਂ, ਭਾਈ ਨੰਦ ਲਾਲ ਆਦਿ ਅਨੇਕਾਂ ਗੈਰ-ਸਿੱਖਾਂ ਨਾਲ ਪ੍ਰੇਮ-ਪੂਰਵਕ ਮਿੱਤਰਤਾ ਵਾਲੇ ਸੰਬੰਧ ਸਨ। ਗੁਰੂ ਸਾਹਿਬ ਦੀ ਇਹ ਨਿਵੇਕਲੀ ਖ਼ੂਬੀ ਹੈ ਕਿ ਇੱਥੇ ਰਾਜਾ-ਰੰਕ ਬਰਾਬਰ ਹੈ। ਪ੍ਰੇਮ ਦੇ ਮਾਰਗ 'ਤੇ ਚੱਲ ਕੇ ਭੰਗੀ 'ਚੋਂ ਵੀ ਭਗਤ ਨੂੰ ਭਗਵਾਨ ਦੇ ਦਰਸ਼ਨ ਹੋ ਸਕਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਪ੍ਰੇਮ ਆਪਸੀ ਸਹਿਹੋਂਦ ਤੇ ਨਫ਼ਰਤ ਦੀ ਅਣਹੋਂਦ ਦਾ ਪ੍ਰਤੀਕ ਹੈ। ਇਹ ਪ੍ਰੇਮ ਦੀ ਹੀ ਸ਼ਕਤੀ ਸੀ ਕਿ ਇਕ ਘਰ ਵਿਚ ਦੋ-ਦੋ ਚੁੱਲ੍ਹੇ ਬਾਲਣ ਵਾਲੇ ਸੰਗਤੀ ਰੂਪ ਵਿਚ ਇਕ ਹੀ ਸਮੇਂ ਇਕ ਹੀ ਥਾਂ 'ਤੇ ਬੈਠ ਕੇ ਪਰਸ਼ਾਦਾ ਛਕਣ ਲੱਗੇ ਤੇ ਗੁਰੂ ਕਿਰਪਾ ਦੇ ਪਾਤਰ ਬਣੇ। ਪ੍ਰੇਮ, ਈਰਖਾ, ਦਵੈਸ਼, ਨਫ਼ਰਤ, ਨਿੰਦਾ, ਚੁਗਲੀ, ਵਾਸਨਾ, ਖ਼ੁਦਗਰਜ਼ੀ ਦੀ ਅਣਹੋਂਦ ਤੇ ਸਤਿ, ਸੰਤੋਖ, ਸਹਜ, ਸੰਜਮ, ਸੁੱਖ-ਸ਼ਾਂਤੀ ਤੇ ਸ਼ਕਤੀ ਦਾ ਪ੍ਰਤੀਕ ਹੈ। ਇਹੀ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦਾ ਆਦਰਸ਼ ਹੈ। ■

# ਭਾਈ ਵੀਰ ਸਿੰਘ ਜੀ

*-ਸ. ਮਨਜੀਤ ਸਿੰਘ*

ਭਾਈ ਵੀਰ ਸਿੰਘ ਜੀ ਦਾ ਜਨਮ ੫ ਦਸੰਬਰ ਸੰਨ ੧੮੭੨ ਨੂੰ ਡਾ. ਚਰਨ ਸਿੰਘ ਦੇ ਘਰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਆਪ ਆਪਣੇ ਛੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਆਪ ਜੀ ਦੇ ਜਨਮ ਵੇਲੇ ਪੰਜਾਬ ਵਿਚ ਨਵੇਂ ਵਿਚਾਰ ਉਥਲ-ਪੁਥਲ ਲਿਆ ਰਹੇ ਸਨ। ਸਮਾਜਿਕ ਤੇ ਸਭਿਆਚਾਰਕ ਪਿਛਵਾੜਾ ਤੇਜੀ ਨਾਲ ਬਦਲ ਰਿਹਾ ਸੀ। ਸਿੱਖ ਰਾਜ ਦਾ ਅੰਤ ਹੋਇਆ ਅਤੇ ਇਸ ਦੀ ਥਾਂ ਅੰਗਰੇਜ਼ੀ ਰਾਜ ਨੂੰ ਸਥਾਪਿਤ ਹੋਇਆਂ ਪੰਝੀ ਵਰ੍ਹੇ ਹੋ ਚੁੱਕੇ ਸਨ। ਪੰਜਾਬ ਭਾਰਤ ਦਾ ਆਖਰੀ ਵੱਡਾ ਇਲਾਕਾ ਸੀ ਜਿਹੜਾ ਅੰਗਰੇਜ਼ੀ ਰਾਜ ਦਾ ਭਾਗ ਬਣ ਗਿਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਹੱਦਬੰਦੀਆਂ ਟੁੱਟ ਗਈਆਂ ਸਨ ਅਤੇ ਪੰਜਾਬ ਉਸ ਨਵੀਂ ਚੇਤਨਾ ਦੀ ਪਕੜ ਵਿਚ ਆ ਚੁੱਕਾ ਸੀ ਜੋ ਪੱਛਮੀ ਵਿੱਦਿਆ ਦੇ ਪ੍ਰਭਾਵ ਹੇਠ ਦੇਸ਼ ਭਰ ਵਿਚ ਉਤਪੰਨ ਹੋ ਰਹੀ ਸੀ।

ਸੰਨ ੧੮੬੩ ਵਿਚ ਪੰਜਾਬ ਲਈ ਬਾਈਬਲ ਤੇ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਕੀਤੀ ਗਈ ਜਿਸ ਦਾ ਮੁੱਖ ਕੰਮ ਆਪਣੇ ਪ੍ਰਚਾਰ ਲਈ ਟ੍ਰੈਕਟ ਛਾਪ ਕੇ ਵੰਡਣਾ ਸੀ। ਸੰਨ ੧੮੬੭ ਵਿਚ ਸ੍ਰੀ ਅੰਮ੍ਰਿਤਸਰ ਵਿਚ ਸਭ ਤੋਂ ਪਹਿਲਾ ਅਖਬਾਰ 'ਸ੍ਰੀ ਦਰਬਾਰ ਸਾਹਿਬ' ਸ਼ੁਰੂ ਕੀਤਾ ਗਿਆ ਸੀ। ਭਾਵੇਂ ਇਹ ਗੁਰਮੁਖੀ ਲਿੱਪੀ ਵਿਚ ਸੀ ਪਰੰਤੂ ਇਸ ਦੀ ਭਾਸ਼ਾ ਬ੍ਰਿਜ ਸੀ। ਮੂਰਤੀ ਪੂਜਾ ਦਾ ਸਿੱਖ ਧਾਰਮਿਕ ਅਸਥਾਨਾਂ ਵਿਚ ਰੁਝਾਨ ਵਧ ਰਿਹਾ ਸੀ। ਉਹ ਲੋਕ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਆਪਣੀ ਮਾਂ ਦੀ ਗੋਦ ਵਿਚ ਪਲਦਿਆਂ ਸਿੱਖੀ ਸੀ ਉਹੋ ਆਪਣੀ ਮਾਤ ਭਾਸ਼ਾ ਤੋਂ ਬੇਮੁੱਖ ਹੋ ਰਹੇ ਸਨ। ਉਹ 'ਉਰਦੂ' ਦੇ ਸ਼ੇਅਰ ਗਾਉਂਦੇ ਸਨ, ਗ਼ਜ਼ਲਾਂ ਨੂੰ ਪਸੰਦ ਕਰਦੇ ਸਨ। ਚਿੱਠੀ-ਪੱਤਰ ਉਰਦੂ ਤੇ ਅੰਗਰੇਜ਼ੀ ਵਿਚ ਲਿਖਦੇ ਸਨ। ਬੋਲਚਾਲ ਜਾਂ ਤਾਂ ਕਚ-ਘਰੜ ਉਰਦੂ ਬੋਲਦੇ ਜਾਂ ਉਹ ਟੁੱਟੀ-ਫੁੱਟੀ ਹਿੰਦੀ ਬੋਲਦੇ ਸਨ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਦਫ਼ਤਰ ਅਤੇ ਸਿੱਖ ਰਿਆਸਤਾਂ ਦੇ ਆਮ ਦਫ਼ਤਰ ਵਿਚ ਸਭ ਕੰਮ ਉਰਦੂ 'ਚ ਕੀਤੇ ਜਾਂਦੇ ਸਨ। ਸਿੱਖ ਗੁਰਦੁਆਰਿਆਂ ਅਤੇ ਪਵਿੱਤਰ ਧਾਰਮਿਕ ਅਸਥਾਨਾਂ ਵਿਚ ਕੁਰੀਤੀਆਂ ਪ੍ਰਚਲਿਤ ਸਨ।

ਸੰਨ ੧੮੫੨ ਵਿਚ ਚਰਚ ਆਫ ਇੰਗਲੈਂਡ ਵੱਲੋਂ ਪੰਜਾਬ ਦੇ ਮਿਸ਼ਨਰੀਆਂ ਨੂੰ ਜੋ ਹਦਾਇਤਾਂ ਮਿਲੀਆਂ ਉਨ੍ਹਾਂ ਅਨੁਸਾਰ—

"ਪੰਜਾਬ ਦੀ ਇਸ ਸਮੇਂ ਬਹੁਤੀ ਵੱਸੋਂ ਬ੍ਰਾਹਮਣਾਂ ਦੇ ਧਾਰਮਿਕ ਪ੍ਰਭਾਵ ਅਧੀਨ ਹੈ ਅਤੇ ਵੱਸੋਂ ਦਾ ਇਕ ਦੂਸਰਾ ਭਾਗ ਇਸਲਾਮ ਨੂੰ ਮੰਨਦਾ ਹੈ ਪਰੰਤੂ ਪਿਛਲੀ ਇਕ

---

** Flat No. B-2, Plot No. 8, Ashoka Apartment, Sector 12, Dwarka, New Delhi-110078. Mob. 093116-18089*

ਸ਼ਤਾਬਦੀ ਤੋਂ ਸਿੱਖ ਮੱਤ ਜਿਹੜਾ ਕਿ ਨਿਰੋਲ ਈਸ਼ਵਰਵਾਦੀ ਹੈ। ਇਸ ਇਲਾਕੇ ਦਾ ਪ੍ਰਭਾਵਸ਼ਾਲੀ ਧਰਮ ਤੇ ਤਾਕਤ ਹੈ। ਇਸ ਗੱਲ ਦੀ ਆਸ਼ਾਜਨਕ ਉਦਾਹਰਣ ਇਹ ਹੈ ਕਿ ਸਿੱਖ, ਮੁਸਲਮਾਨਾਂ ਅਤੇ ਹਿੰਦੂਆਂ ਵੱਲੋਂ ਵਧੇਰੇ ਬਾਈਬਲ ਵਿਚਲੇ ਸੱਚ ਨੂੰ ਕਬੂਲ ਕਰ ਸਕਦੇ ਹਨ।"

ਸਿੱਖ ਧਰਮ ਰਾਜਸੀ ਸਤਾ ਖੋਹੇ ਜਾਣ ਪਿੱਛੋਂ ਬੜੀ ਉਲਝਣ ਵਿਚ ਸੀ ਅਤੇ ਹੁਣ ਫੈਸਲੇ ਦੀ ਘੜੀ ਸਿਰ 'ਤੇ ਆਣ ਪਹੁੰਚੀ ਸੀ। ਸਿੱਖ ਧਰਮ ਦੇ ਆਲੇ-ਦੁਆਲੇ ਚਲ ਰਹੀਆਂ ਧਾਰਮਿਕ ਤੇ ਸਭਿਆਚਾਰਕ ਲਹਿਰਾਂ ਕਾਰਨ ਇਸ ਨੂੰ ਸਵੈ-ਪੜਚੋਲ ਲਈ ਮਜ਼ਬੂਰ ਹੋਣਾ ਪਿਆ। ਰਾਜ ਸਤਾ ਦੀ ਦਰਬਾਰੀ ਸ਼ਾਨੌਂ-ਸ਼ੌਕਤ ਸਮੇਂ ਜਿਹੜਾ ਉਪਚਾਰਵਾਦ ਅਤੇ ਜਿਹੜੇ ਰੀਤੀ-ਰਿਵਾਜ ਉਪਜੇ ਸਨ ਉਨ੍ਹਾਂ ਬਾਰੇ ਇਹ ਵਿਚਾਰ ਹੋਇਆ ਕਿ ਉਹ ਗੁਰੂ ਮਰਯਾਦਾ ਵਿਰੋਧੀ ਸਨ ਅਤੇ ਐਵੇਂ ਵਿਅਰਥ ਦਾ ਅਡੰਬਰ ਸਨ। ਬਚਾਉ ਕੇਵਲ ਇਸ ਗੱਲ ਵਿਚ ਸੀ ਕਿ ਇਨ੍ਹਾਂ ਕੁਰੀਤੀਆਂ ਨੂੰ ਤਜਿਆ ਜਾਏ ਅਤੇ ਮਰਯਾਦਾ ਦੀ ਪਵਿੱਤਰਤਾ ਨੂੰ ਮੁੜ ਸੁਰਜੀਤ ਕੀਤਾ ਜਾਏ। ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਪਿੱਛੋਂ ਸਿੱਖਾਂ ਦੀ ਧਾਰਮਿਕ ਨਿਸ਼ਠਾ ਵਿਚ ਏਨੀ ਗਿਰਾਵਟ ਆ ਗਈ ਸੀ ਕਿ ਕਈ ਬਰਤਾਨਵੀ ਦਰਸ਼ਕਾਂ ਦੀ ਰਾਏ ਵਿਚ ਸਿੱਖ ਪਤਨਮੁਖੀ ਹੋ ਗਏ ਸਨ।

ਦੀਵਾਨ ਕੌੜਾ ਮੱਲ ਸਿੱਖਾਂ ਦਾ ਹਿਤੈਸ਼ੀ ਸੀ। ਉਹ ਸਿੱਖਾਂ ਵਿਚ ਏਨਾ ਹਰਮਨ-ਪਿਆਰਾ ਹੋ ਗਿਆ ਸੀ ਕਿ ਸਿੱਖ ਉਸ ਨੂੰ ਕੌੜਾ ਮੱਲ ਦੀ ਥਾਂ ਮਿੱਠਾ ਮੱਲ ਦੇ ਨਾਂ ਨਾਲ ਯਾਦ ਕਰਦੇ ਸਨ। ਦੀਵਾਨ ਕੌੜਾ ਮੱਲ ਨੇ ਵਿਉਂਤਬੱਧ ਢੰਗ ਨਾਲ ਆਪ ਵਿਚ ਪੈ ਕੇ ਸਿੱਖਾਂ ਨੂੰ ਕੁਝ ਸਮੇਂ ਲਈ ਜਾਬਰਾਂ ਦੇ ਜ਼ੁਲਮਾਂ ਤੋਂ ਬਚਾਇਆ ਸੀ। ਇਸ ਦੇ ਨਾਲ ਹੀ ਕੁਝ ਇਲਾਕਿਆਂ ਵਿਚ ਸਰਕਾਰੀ ਵਸੂਲੀ ਦਾ ਹੱਕ ਸਿੱਖਾਂ ਨੂੰ ਦਿਵਾਇਆ ਸੀ। ਇਸ ਹੱਕ ਦੇ ਸਦਕਾ ਹੀ ਸਿੱਖਾਂ ਨੂੰ ਰਾਜਸੀ ਅਧਿਕਾਰ ਪ੍ਰਾਪਤ ਹੋਇਆ। ਉਸ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਨਾਂ ਜਾਇਦਾਦ ਲਗਾਈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਸਾਹਿਬ ਉਨ੍ਹਾਂ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸਥਾਪਿਤ ਕੀਤਾ। ਦੀਵਾਨ ਕੌੜਾ ਮੱਲ ਦੇ ਖਾਨਦਾਨ ਵਿੱਚੋਂ ਭਾਈ ਵੀਰ ਸਿੰਘ ਜੀ ਸਨ ਜਿਨ੍ਹਾਂ ਨੂੰ ਵਿਰਸੇ ਵਿਚ ਖਾਲਸਾਈ ਚਿੰਨ੍ਹ ਗੁਰਮਤਿ ਮਰਯਾਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਮਿਲੀ। ਉਦੋਂ ਆਪ ਨੂੰ ਅਜਿਹੇ ਸਮੇਂ ਵਿਚ ਵਿਚਰਨਾ ਪਿਆ ਜਦੋਂ ਬਾਹਰਲੀਆਂ ਸ਼ਕਤੀਆਂ ਸਿੱਖੀ ਦੇ ਨਿਸ਼ਾਨ ਮਿਟਾਉਣ ਲਈ ਤਤਪਰ ਹੋ ਰਹੀਆਂ ਸਨ। ਸਿੱਟਾ ਭਾਈ ਸਾਹਿਬ ਨੇ ਆਪਣੇ ਅੰਦਰਲੇ ਜਵਾਲਾਮੁਖੀ ਨੂੰ ਆਪਣੀ ਕਲਾ ਰਾਹੀਂ ਸਿੱਖ ਪੰਥ ਵਿਚ ਨਵੀਂ ਰੂਹ ਭਰੀ ਅਤੇ ਅਜਿਹਾ ਬੰਨ੍ਹ ਲਗਾ ਦਿੱਤਾ ਜੋ ਸੀਮਿੰਟ ਵਾਂਗ ਮਜ਼ਬੂਤ ਸੀ।

ਭਾਵੇਂ ਭਾਈ ਵੀਰ ਸਿੰਘ ਦੇ ਸਾਹਿਤ ਖੇਤਰ ਵਿਚ ਪ੍ਰਵੇਸ਼ ਤੋਂ ਪੂਰਬਲੀ ਪੰਜਾਬੀ ਵਿਚ ਗੁਰਮਤਿ ਕਾਵਿ ਸੂਫੀ ਕਾਵਿ, ਕਿੱਸਾ ਕਾਵਿ, ਵਾਰਾਂ ਤੇ ਕੁਝ ਪਾਤਰਾਂ ਵਿਚ

ਵਾਰਤਕ ਪੈਦਾ ਹੋ ਚੁੱਕੀ ਸੀ ਪਰੰਤੂ ਉਹ ਈਸਾਈਆਂ ਦੇ ਉਸ ਪ੍ਰਚਾਰ ਦਾ ਟਾਕਰਾ ਕਰਨ ਤੋਂ ਅਸਮਰੱਥ ਸੀ ਜਿਹੜਾ ਉਹ ਛੋਟੇ-ਛੋਟੇ ਪੈਂਫਲਟ ਛਾਪ ਕੇ ਨਵੀਨ ਲੀਹਾਂ ਉੱਤੇ ਕਰ ਕੇ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਤ ਕਰਨ ਵਿਚ ਸਫਲ ਹੋ ਰਹੇ ਸਨ। ਭਾਈ ਸਾਹਿਬ ਤੋਂ ਪੂਰਬਲੇ ਸਿੱਖ ਲਿਖਾਰੀ ਆਪਣੀਆਂ ਰਚਨਾਵਾਂ ਸਾਧ ਭਾਸ਼ਾ ਤੇ ਬ੍ਰਿਜ ਭਾਸ਼ਾ ਵਿਚ ਰਚਦੇ ਸਨ। ਮਗਰੋਂ ਸਿੱਖ ਇਤਿਹਾਸ ਨੂੰ ਕਾਵਿ-ਬੱਧ ਕਰਨ ਵਾਲੇ ਮੁੱਖ ਲਿਖਾਰੀ ਭਾਈ ਸੰਤੋਖ ਸਿੰਘ ਜੀ ਅਤੇ ਗਿਆਨੀ ਗਿਆਨ ਸਿੰਘ ਜੀ ਹੋਏ ਹਨ। ਉਨ੍ਹਾਂ ਦੀਆਂ ਰਚਨਾਵਾਂ ਵੀ ਬ੍ਰਿਜ ਭਾਸ਼ਾ ਵਿਚ ਹੋਣ ਕਰਕੇ ਆਮ ਪੰਜਾਬੀ ਦੀ ਸਮਝ ਵਿਚ ਸੌਖਿਆਂ ਨਹੀਂ ਸਨ ਆਉਂਦੀਆਂ ਜਿਸ ਕਰਕੇ ਉਨ੍ਹਾਂ ਦਾ ਪ੍ਰਭਾਵ ਵੀ ਅਲਪ-ਮਾਤਰ ਹੀ ਪੈਂਦਾ ਸੀ।

ਭਾਈ ਵੀਰ ਸਿੰਘ ਇਕ ਧਾਰਮਿਕ ਵਿਦਵਾਨ ਘਰਾਣੇ ਦੇ ਜੰਮਪਲ ਸਨ ਇਸ ਲਈ ਕੁਦਰਤੀ ਤੌਰ ’ਤੇ ਸ਼ੁਰੂ ਤੋਂ ਹੀ ਆਪ ਉੱਤੇ ਸਿੱਖ ਮਰਯਾਦਾ ਤੇ ਪਰੰਪਰਾ ਦਾ ਬੜਾ ਅਸਰ ਹੋਇਆ। ਪਟਨਾ ਸਾਹਿਬ ਦੇ ਮਹੰਤ ਭਾਈ ਸੁਮੇਰ ਸਿੰਘ ਨੇ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੇ ਮੁਢਲੇ ਸਾਹਿਤਕ ਜੀਵਨ ਵਿਚ ਪੰਜਾਬੀ ਭਾਸ਼ਾ ਤੋਂ ਮਨ ਹਟਾ ਕੇ ਬ੍ਰਿਜ ਭਾਸ਼ਾ ਨੂੰ ਅਪਣਾਉਣ ਵਾਸਤੇ ਪ੍ਰੇਰਿਆ ਤੇ ਇਸ ਸਿਲਸਿਲੇ ਵਿਚ ਉਨ੍ਹਾਂ ਤੋਂ ਮੁਢਲੀਆਂ ਪੰਜਾਬੀ ਰਚਨਾਵਾਂ ਸੁਣੀਆਂ। ਜਿਸ ਤੋਂ ਭਾਈ ਸੁਮੇਰ ਸਿੰਘ ਬਹੁਤ ਪ੍ਰਭਾਵਿਤ ਹੋਏ ਤੇ ਭਾਈ ਸਾਹਿਬ ਦੇ ਪਿਤਾ ਡਾ. ਚਰਨ ਸਿੰਘ ਨੂੰ ਇਹ ਸਲਾਹ ਦਿੱਤੀ ਕਿ ਉਹ ਉਨ੍ਹਾਂ ਨੂੰ ਪੰਜਾਬੀ ਪਾਸੇ ਹੀ ਰਹਿਣ ਦੇਣ। ਇਸ ਘਟਨਾ ਤੋਂ ਭਾਈ ਸਾਹਿਬ ਦੀ ਪ੍ਰਤਿਭਾ ਤੇ ਸਾਹਿਤਕ ਰੁਚੀਆਂ ਦਾ ਪਤਾ ਲੱਗਦਾ ਹੈ।

■

---

## *ਭਗਤ ਸੈਣ ਜੀ*

*(ਸਫ਼ਾ ੪੧ ਦਾ ਬਾਕੀ ਹਿੱਸਾ)*

ਵਰਤੀ ਜਾਂਦੀ ਸਮੱਗਰੀ ਦਾ ਖੰਡਨ ਕਰਦੇ ਹਨ ਤੇ ਫ਼ਰਮਾਉਂਦੇ ਹਨ, ‘ਹੇ ਮਾਇਆ ਦੇ ਮਾਲਕ ਪ੍ਰਭੂ! ਮੈਂ ਤੈਥੋਂ ਸਦਕੇ ਜਾਂਦਾ ਹਾਂ। ਤੈਥੋਂ ਸਦਕੇ ਜਾਣਾ ਹੀ (ਮਾਨੋਂ) ਧੂਪ-ਦੀਵੇ ਤੇ ਘਿਉ (ਆਦਿਕ) ਸਮੱਗਰੀ ਇਕੱਠੀ ਕਰ ਕੇ ਤੇਰੀ ਆਰਤੀ ਕਰਨੀ ਹੈ। ਤੇਰੀ ਮੇਹਰ ਸਦਕਾ ਮੇਰੇ ਅੰਦਰ ਨਾਮ-ਸਿਮਰਨ ਦਾ ਆਨੰਦ-ਮੰਗਲ ਵਰਤ ਰਿਹਾ ਹੈ। ਤੂੰ ਨਿਰੰਜਨ ਹੀ ਮੇਰੇ ਲਈ ਆਰਤੀ ਦਾ ਸੋਹਣਾ ਦੀਵਾ ਅਤੇ ਨਿਰਮਲ ਵੱਟੀ ਹੈ। ਜਿਹੜਾ ਮਨੁੱਖ ਪ੍ਰਭੂ ਦੇ ਗੁਣ ਗਾਇਨ ਕਰਦਾ ਹੈ, ਉਹ ਪ੍ਰਭੂ ਦੇ ਮਿਲਾਪ ਦਾ ਆਨੰਦ ਤੇ ਖੁਸ਼ੀ ਮਾਣਦਾ ਹੈ। ਭਗਤ ਸੈਣ ਜੀ ਇਸ ਸ਼ਬਦ ਰਾਹੀਂ ਸੰਸਾਰੀ ਜੀਵ ਨੂੰ ਸਮਝਾ ਰਹੇ ਹਨ ਕਿ (ਹੇ ਮੇਰੇ ਮਨ), ਉਸ ਪਰਮ-ਅਨੰਦ ਪਰਮਾਤਮਾ ਦਾ ਸਿਮਰਨ ਕਰ, ਜੋ ਸੋਹਣੇ ਸਰੂਪ ਵਾਲਾ ਹੈ, ਜੋ (ਸੰਸਾਰ ਦੇ) ਡਰਾਂ ਤੋਂ ਪਾਰ ਲੰਘਾਉਣ ਵਾਲਾ ਹੈ ਤੇ ਜੋ ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਹੈ।

■

---

# ਸੰਤ ਸਿਪਾਹੀ ਬਾਬਾ ਵਿਸਾਖਾ ਸਿੰਘ ਜੀ ਦਦੇਹਰ

*-ਸ. ਦਲਜੀਤ ਸਿੰਘ**

ਬਾਬਾ ਵਿਸਾਖਾ ਸਿੰਘ ਜੀ ਦਾ ਜਨਮ ਪਿੰਡ ਦਦੇਹਰ, ਜ਼ਿਲ੍ਹਾ ਤਰਨਤਾਰਨ ਵਿਚ ਪਹਿਲੀ ਵੈਸਾਖ ਸੰਮਤ ੧੯੪੩ ਬਿਕ੍ਰਮੀ ਨੂੰ ਪਿਤਾ ਸਰਦਾਰ ਦਿਆਲ ਸਿੰਘ ਤੇ ਮਾਤਾ ਬੀਬੀ ਇੰਦ ਕੌਰ ਦੇ ਘਰ ਹੋਇਆ। ਵੈਸਾਖੀ ਵਾਲੇ ਦਿਨ ਜਨਮ ਹੋਣ ਕਰਕੇ ਮਾਪਿਆਂ ਨੇ ਨਾਮ ਵਿਸਾਖਾ ਸਿੰਘ ਰੱਖ ਦਿੱਤਾ। ਬਚਪਨ ਤੋਂ ਹੀ ਗੁਰਬਾਣੀ ਨਾਲ ਪ੍ਰੇਮ ਦੀ ਨਿੱਘੀ ਲਗਨ ਲੱਗੀ। ਇਸ ਲਗਨ ਨੂੰ ਨਿੱਘਰ ਬਣਾਉਣ ਵਿਚ ਬਾਬਾ ਖੁਸ਼ਹਾਲ ਸਿੰਘ ਜੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਜੋ ਆਪ ਜੀ ਦੇ ਤਾਇਆ ਜੀ ਸਨ। ਗੁਰਬਾਣੀ ਪੜ੍ਹਨੀ ਸਿੱਖੀ, ਗੁਰਬਾਣੀ ਕੰਠ ਕਰ ਕੇ ਉਸ ਦੀ ਅਥਾਹ ਗਹਿਰਾਈ ਨੂੰ ਸਮਝਣ ਦੀ ਤਾਂਘ ਨੂੰ ਹਮੇਸ਼ਾਂ ਜੀਊਂਦਾ ਰਹਿਣ ਦਿੱਤਾ। ਜ਼ਿੰਦਗੀ ਦੇ ਸਫ਼ਰ ਦੀ ਆਖਰੀ ਘੜੀ ਤਕ ਇਸ ਨੇਮ ਨੂੰ ਨਿਭਾਇਆ।

ਜਵਾਨੀ ਵਿਚ ਅਨੰਦ-ਕਾਰਜ ਹੋਇਆ ਪਰ ਚਾਰ ਸਾਲ ਦੇ ਸਾਥ ਤੋਂ ਬਾਅਦ ਪਿਆਰੀ ਸੁਪਤਨੀ ਬੀਬੀ ਰਾਮ ਕੌਰ ਵਿਛੋੜਾ ਦੇ ਗਈ। ਪਰਮਾਤਮਾ ਦਾ ਭਾਣਾ ਮੰਨ ਕੇ ਦੁਬਾਰਾ ਵਿਆਹ ਨਹੀਂ ਕਰਵਾਇਆ ਅਤੇ ਆਪਣੀ ਜ਼ਿੰਦਗੀ ਮਨੁੱਖਤਾ, ਦੇਸ਼, ਕੌਮ ਦੇ ਸਪੁਰਦ ਕਰ ਦਿੱਤੀ। ਗੁਰੂ ਆਸ਼ੇ ਅਨੁਸਾਰ ਜੀਵਨ ਜੀਉਣ ਦੀ ਕਲਾ ਸਿੱਖਣ ਅਤੇ ਸਿਖਾਉਣ ਵਾਲਾ ਇਹ ਬਾਬਾ ਜਦੋਂ ਫੌਜ ਵਿਚ ਭਰਤੀ ਹੋਇਆ ਤਾਂ ਆਪਣੇ ਸਾਥੀਆਂ ਨੂੰ ਹੋਲੀ ਖੇਡਣ ਦੀ ਜਗ੍ਹਾ ਹੋਲਾ-ਮਹੱਲਾ ਮਨਾਉਣ ਦੀ ਪ੍ਰੇਰਨਾ ਦਿੱਤੀ। ਹੋਲੇ ਵਾਲੇ ਦਿਨ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ। ਗੁਰੂ-ਇਤਿਹਾਸ ਅਤੇ ਗੁਰਬਾਣੀ ਕੀਰਤਨ ਦੇ ਸੋਹਣੇ ਦੀਵਾਨ ਸਜੇ, ਗੁਰੂ ਦਾ ਲੰਗਰ ਅਤੁੱਟ ਵਰਤਿਆ।

ਮਿਹਨਤ, ਸਿਦਕ ਅਤੇ ਸਿਮਰਨ ਦੀ ਮੂਰਤ ਬਾਬਾ ਵਿਸਾਖਾ ਸਿੰਘ ਜੀ ਫੌਜੀ ਜੀਵਨ-ਕਾਲ ਦੌਰਾਨ ਜਿੱਥੇ ਇਮਾਨਦਾਰੀ ਨਾਲ ਆਪਣੀ ਡਿਊਟੀ ਵਿਚ ਦ੍ਰਿੜ੍ਹ ਰਹੇ ਉੱਥੇ ਅਣਖ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਸਾਹ ਘੁਟਦਿਆਂ ਮਹਿਸੂਸ ਕੀਤਾ ਅਤੇ ਇਸ ਲਾਹਨਤ ਤੋਂ ਪਿੱਛਾ ਛੁਡਾਉਣ ਲਈ ਮਈ ੧੯੦੭ ਈ: ਦੇ ਪਹਿਲੇ ਹਫਤੇ ਨੌਕਰੀ ਛੱਡ ਕੇ ਘਰ ਪਰਤ ਆਏ। ਕੁਝ ਸਮਾਂ ਪਿੰਡ ਰਹਿਣ ਉਪਰੰਤ ਵਿਦੇਸ਼ ਚਲੇ ਗਏ। ਚੀਨ ਪਹੁੰਚ ਕੇ ਕੁਝ ਸਮਾਂ ਨੌਕਰੀ ਕੀਤੀ ਫਿਰ ਅਮਰੀਕਾ ਜਾ ਡੇਰੇ ਲਾਏ ਕੁਝ ਸਮਾਂ ਬਾਗਾਂ ਅਤੇ ਖੇਤਾਂ ਵਿਚ ਕੰਮ ਕਰਨ ਲੱਗ ਪਏ। ਆਪ ਨੇ ਸਰਦਾਰ ਜਵਾਲਾ ਸਿੰਘ ਨਾਲ ਮਿਲ ਕੇ ਕੈਲੇਫੋਰਨੀਆਂ ਵਿਚ ਸਾਨਫਰਾਂਸਿਸਕੋ ਤੋਂ ੮੦ ਕੁ ਕਿਲੋਮੀਟਰ ਦੀ ਦੂਰੀ ਉੱਤੇ, ਸਟਾਕਟਨ ਸ਼ਹਿਰ ਦੇ ਨੇੜੇ ਹੋਲਟਵਿਲ ਦਰਿਆ ਦੇ ਕੰਢੇ ਪੰਜ ਸੌ ਏਕੜ ਜ਼ਮੀਨ ਸਰਕਾਰ ਪਾਸੋਂ ਲੰਮੀ ਮਿਆਦ 'ਤੇ ਠੇਕੇ ਉੱਤੇ ਲਈ। ਇਸ ਨੂੰ ਮਿਹਨਤ ਨਾਲ

** ਲੈਕਚਰਾਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ।*

ਵਾਹਿਆ-ਬੀਜਿਆ ਅਤੇ ਇਲਾਕੇ ਵਿਚ ਆਪਣੀ ਪਹਿਚਾਣ ਬਣਾ ਲਈ। ਹੋਲਟਵਿਲ ਫਾਰਮ ਪੰਜਾਬੀਆਂ ਦੀ ਕੈਲੇਫੋਰਨੀਆਂ ਵਿਚ ਪਹਿਲੀ ਸਰ੍ਹਾਂ ਬਣ ਗਈ। ਜਿੱਥੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਾਪਤ ਹੁੰਦੀ। ਹੋਲਟਵਿਲ ਫਾਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋ ਜਾਣ ਨਾਲ ਗੁਰੂ-ਘਰ ਬਣ ਗਿਆ। ਆਪਣੇ ਸੱਚੇ ਪਾਤਸ਼ਾਹ ਦੀ ਸਰਪ੍ਰਸਤੀ ਹੇਠ ਬੁਲੰਦੀਆਂ ਛੂਹਣ ਵਾਲੇ ਇਹ ਗੁਰੂ ਦੇ ਸਿੱਖ ਮੁੜ ਆਪਣੀ ਧਰਤੀ ਵੱਲ ਤੱਕਣ ਲੱਗੇ। ਜਿੱਥੇ ਗੁਲਾਮੀ ਡੈਣ ਆਪਣੀ ਸਲਤਨਤ ਕਾਇਮ ਕਰੀ ਬੈਠੀ ਸੀ। ਲੋਕਾਂ ਦੀ ਵੱਡੀ ਗਿਣਤੀ ਇਸ ਅਨੁਸਾਰੀ ਜੀਵਨ ਜੀਉਣ ਦੀ ਆਦੀ ਹੋ ਚੁੱਕੀ ਸੀ।

ਸਾਨਫਰਾਂਸਿਸਕੋ ਵਿਚ ਗਦਰ ਆਸ਼ਰਮ (ਯੁਗਾਂਤਰ ਆਸ਼ਰਮ) ਦੀ ਸਥਾਪਨਾ ਕੀਤੀ ਗਈ। 'ਗਦਰ' ਅਖਬਾਰ ਪਹਿਲੀ ਵਾਰ ਇਕ ਨਵੰਬਰ ੧੯੧੩ ਈ: ਨੂੰ ਸਪਤਾਹਿਕ ਪਰਚੇ ਦੇ ਰੂਪ 'ਚ ਉਰਦੂ ਵਿਚ ਛਾਪਿਆ ਗਿਆ। ਜਨਵਰੀ ੧੯੧੪ 'ਚ ਪੰਜਾਬੀ ਅਤੇ ਇਸ ਤੋਂ ਬਾਅਦ ਹੋਰ ਭਾਸ਼ਾਵਾਂ ਵਿਚ ਛਪਣਾ ਵੀ ਅਰੰਭ ਹੋ ਗਿਆ। ਇਸ ਅਖਬਾਰ ਨੇ ਦੇਸ਼ ਅਤੇ ਵਿਦੇਸ਼ ਵਿਚ ਅਜ਼ਾਦੀ ਦੀ ਲਹਿਰ ਨੂੰ ਭਾਰੀ ਉਤਸ਼ਾਹ ਦਿੱਤਾ। ਕਾਮਾਗਾਟਾਮਾਰੂ ਜਹਾਜ਼ ਦੇ ਭੁੱਖੇ ਯਾਤਰੀਆਂ ਨੂੰ ਰਾਸ਼ਨ ਪਹੁੰਚਾਉਣ ਅਤੇ ਉਨ੍ਹਾਂ ਦੇ ਕੈਨੇਡਾ ਵਿਚ ਉਤਾਰੇ ਲਈ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਬੜੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੇ ਉਤਾਰੇ ਦਾ ਪ੍ਰਬੰਧ ਨਾ ਹੋ ਸਕਿਆ। ਫਿਰ ਵੀ ਬੜੀ ਹੁਸ਼ਿਆਰੀ ਨਾਲ ਸਰਕਾਰੀ ਅਧਿਕਾਰੀਆਂ ਤੋਂ ਅੱਖ ਬਚਾ ਕੇ ਰਾਸ਼ਨ ਜਹਾਜ਼ 'ਤੇ ਪਹੁੰਚਾ ਦਿੱਤਾ। ਇਸ ਤੋਂ ਬਾਅਦ ਅਜ਼ਾਦੀ ਦੀ ਲੜਾਈ ਸਿੱਧੇ ਤੌਰ 'ਤੇ ਲੜਨ ਲਈ ਦੇਸ਼ ਪਰਤਣ ਦੀਆਂ ਤਿਆਰੀਆਂ ਅਰੰਭ ਦਿੱਤੀਆਂ। ਕਈ ਸਾਥੀਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਨਾਲ ਦੇਸ਼ ਤੋਰ ਦਿੱਤਾ ਗਿਆ। ਬਾਬਾ ਜੀ ਨੂੰ ਹੋਲਟਵਿਲ ਫਾਰਮ ਦਾ ਕੰਮ ਸਾਂਭਣ ਦੀ ਜ਼ਿੰਮੇਵਾਰੀ ਸੌਂਪੀ ਗਈ। ੨੯ ਸਤੰਬਰ ੧੯੧੪ ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਬਜ-ਬਜ ਘਾਟ ਪਹੁੰਚਣ 'ਤੇ ਮੁਸਾਫਿਰ ਪੁਲਿਸ ਦੀ ਬੁਰਛਾਗਰਦੀ ਦੇ ਸ਼ਿਕਾਰ ਹੋ ਗਏ। ਕਈ ਮਰੇ ਕਈ ਫੱਟੜ ਹੋ ਗਏ। ਬਾਬਾ ਜੀ ਨੂੰ ਜਦੋਂ ਇਸ ਦੀ ਖਬਰ ਪਹੁੰਚੀ ਤਾਂ ਸਭ ਕੁਝ ਵਿੱਚੇ ਛੱਡ ਕੇ ਦੇਸ਼ ਵੱਲ ਚੱਲ ਪਏ। ੭ ਜਨਵਰੀ ੧੯੧੫ ਨੂੰ ਮਦਰਾਸ (ਚੇਨਈ) ਪੁੱਜਣ 'ਤੇ ਹੀ ਸ਼ਹਿ ਲਾਈ ਬੈਠੀ ਪੁਲਿਸ ਨੇ ਸਾਰੇ ਯਾਤਰੂਆਂ ਨੂੰ ਫੜ ਕੇ ਸਖ਼ਤ ਪਹਿਰੇ ਹੇਠ ਪੰਜਾਬ ਭੇਜ ਦਿੱਤਾ। ਪੁੱਛ-ਪੜਤਾਲ ਤੋਂ ਬਾਅਦ ਬਾਬਾ ਜੀ ਨੂੰ ਪਿੰਡ ਭੇਜ ਦਿੱਤਾ ਗਿਆ। ਉਨ੍ਹਾਂ ਦੀ ਨਿਗਰਾਨੀ ਦੇ ਆਦੇਸ਼ ਜਾਰੀ ਕੀਤੇ। ਪਰ ਬਾਬਾ ਜੀ ਨੇ ਆਪਣੇ ਸਾਥੀਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਇਕੱਠਿਆਂ ਕੀਤਾ ਅਤੇ ਸਰਕਾਰ ਵਿਰੁੱਧ ਸੰਘਰਸ਼ ਨੂੰ ਜਾਰੀ ਰੱਖਦਿਆਂ ਤਿਆਰੀ ਅਰੰਭ ਦਿੱਤੀ। ਉਨ੍ਹਾਂ ਨੇ ਦਿਨ-ਰਾਤ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਕਈ ਉੱਦਮ ਕੀਤੇ। ਅੰਗਰੇਜ਼ ਸਰਕਾਰ ਨੂੰ ਇਸ ਦੀ ਖ਼ਬਰ ਲੱਗ ਜਾਣ ਕਰਕੇ ਸੰਘਰਸ਼ ਅਸਫਲ ਰਿਹਾ। ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਹੋਈਆਂ। ਬਾਬਾ ਜੀ ਨੂੰ ਵੀ ਸਖ਼ਤ ਪਹਿਰੇ ਹੇਠ ਮੁਲਤਾਨ ਦੀ ਛੋਟੀ ਜੇਲ੍ਹ ਵਿਚ ਬੰਦ ਕੀਤਾ ਗਿਆ। ਜੇਲ੍ਹ ਦੀ ਵਰਦੀ ਪੁਆ ਦਿੱਤੀ ਗਈ। ਸਿਰੋਂ ਦਸਤਾਰਾਂ ਉਤਰਵਾ ਕੇ

ਟੋਪੀਆਂ ਪਾਉਣ ਵਾਸਤੇ ਦਿੱਤੀਆਂ ਗਈਆਂ। ਬਾਬਾ ਜੀ ਨੇ ਟੋਪੀ ਪਹਿਨਣ ਤੋਂ ਇਨਕਾਰ ਕਰ ਦਿੱਤਾ, ਕਈ ਹੋਰ ਵੀ ਇਸ ਹੱਕ ਵਿਚ ਖੜ੍ਹੇ ਹੋ ਗਏ। ਜਿਸ ਕਰਕੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਜੋ ਇਨ੍ਹਾਂ ਦੇ ਮਨੋਬਲ ਨੂੰ ਤੋੜ ਨਾ ਸਕੀਆਂ। ਇਹ ਗੱਲ ਹੋਰ ਜੇਲ੍ਹਾਂ ਅਤੇ ਬੈਰਕਾਂ ਵਿਚ ਵੀ ਫੈਲ ਗਈ ਅਤੇ ਅੰਦੋਲਨ ਦਾ ਰੂਪ ਧਾਰ ਗਈ। ਆਖਿਰ ਅੰਗਰੇਜ਼ਾਂ ਨੂੰ ਝੁਕਣਾ ਪਿਆ ਤੇ ਪੰਜ-ਪੰਜ ਗਜ਼ ਦੀਆਂ ਪੱਗਾਂ ਬੰਨ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਤਰ੍ਹਾਂ ਇਨ੍ਹਾਂ ਰਾਜਸੀ ਕੈਦੀਆਂ ਦੀ ਇਹ ਪਹਿਲੀ ਸ਼ਾਨਦਾਰ ਜਿੱਤ ਹੋਈ।

੭ ਦਸੰਬਰ ੧੯੧੫ ਨੂੰ ਸਤਾਰਾਂ ਹੋਰ ਸਾਥੀਆਂ ਸਮੇਤ ਬਾਬਾ ਵਿਸਾਖਾ ਸਿੰਘ ਨੂੰ ਕਲਕੱਤੇ ਤੋਂ ਸਮੁੰਦਰੀ ਜਹਾਜ ਰਾਹੀਂ ਪੋਰਟ ਬਲੇਅਰ ਪਹੁੰਚਾਇਆ ਗਿਆ। ਇੱਥੋਂ ਹੱਥਕੜੀਆਂ ਤੇ ਬੇੜੀਆਂ ਵਿਚ ਜਕੜ ਕੇ ਸੈਲੂਲਰ ਜੇਲ੍ਹ (ਕਾਲੇ ਪਾਣੀ) ਵਿਚ ਪਹੁੰਚਾ ਦਿੱਤਾ ਗਿਆ। ਜਿੱਥੇ ਬਾਬਾ ਜੀ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਭਿਆਨਕ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹਾਲਾਤਾਂ ਵਿਚ ਆਏ ਪਰਿਵਰਤਨਾਂ ਕਰਕੇ ਇਨ੍ਹਾਂ ਕੈਦੀਆਂ ਨੂੰ ਰਿਹਾਅ ਕੀਤਾ ਜਾਣ ਲੱਗਾ। ਬਾਬਾ ਜੀ ਦੀ ਸਿਹਤ ਖਰਾਬ ਹੋ ਜਾਣ ਕਰਕੇ ਸ਼ਾਹੀ ਐਲਾਨ ਰਾਹੀਂ ਬਾਬਾ ਜੀ ਅਤੇ ਕੁਝ ਹੋਰ ਦੇਸ਼-ਭਗਤਾਂ ਨੂੰ ੧੪ ਅਪ੍ਰੈਲ ੧੯੨੦ ਨੂੰ ਅੰਡੇਮਾਨ ਤੋਂ ਰਿਹਾਅ ਕੀਤਾ ਗਿਆ। ਸਰਕਾਰੀ ਨਿਗਰਾਨੀ ਹੇਠ ਪਿੰਡ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ। ਬਾਬਾ ਜੀ ਪਹਿਲਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਫਿਰ ਤਰਨਤਾਰਨ ਸਾਹਿਬ ਦੇ ਦਰਸ਼ਨ ਇਸ਼ਨਾਨ ਤੋਂ ਬਾਅਦ ਪਿੰਡ ਪਹੁੰਚੇ। ਸਰੀਰਿਕ ਹਾਲਤ ਨਾਜ਼ੁਕ ਹੋਣ ਦੇ ਬਾਵਜੂਦ ਆਪ ਨੇ ਦੇਸ਼ ਭਗਤਾਂ ਦੇ ਪਰਵਾਰਾਂ ਦੀ ਸਹਾਇਤਾ ਲਈ ਸੈਂਟਰਲ ਸਿੱਖ ਲੀਗ ਦੇ ਦੂਜੇ ਸਲਾਨਾ ਸਮਾਗਮ ਵਿਚ ਪਹੁੰਚੇ। ਇਨ੍ਹਾਂ ਨੇ ਆਇਆਂ ਸਰੋਤਿਆਂ ਨੂੰ ਮੁਖ਼ਾਤਬ ਹੁੰਦਿਆਂ ਦੇਸ਼ ਭਗਤ ਪਰਵਾਰਿਕ ਸਹਾਇਕ ਕਮੇਟੀ ਦੀ ਤੁਰੰਤ ਸਥਾਪਨਾ ਦਾ ਸੁਝਾਅ ਦਿੱਤਾ। ਆਪਣੀ ਇਸ ਤਕਰੀਰ ਵਿਚ ਆਪ ਨੇ ਬੜੇ ਸਹਿਜ ਨਾਲ ਇਹ ਗੱਲ ਆਖੀ ਕਿ ਮੇਰੀਆਂ ਨਜ਼ਰਾਂ ਵਿਚ ਸੱਚਾ ਧਰਮੀ ਤੇ ਸੱਚਾ ਭਗਤ ਉਹ ਹੈ ਜੋ ਦੇਸ਼ ਦੀ ਗ਼ੁਲਾਮੀ ਲਈ ਘੋਲ ਕਰਦਾ ਹੈ ਤੇ ਗਰੀਬਾਂ ਦੇ ਦੁੱਖ ਹਰਨ ਦਾ ਉਪਰਾਲਾ ਕਰਦਾ ਹੈ।

ਲੋੜਵੰਦਾਂ ਦੀਆਂ ਜ਼ਰੂਰਤਾਂ ਅਤੇ ਦੇਸ਼ ਭਗਤਾਂ ਦੇ ਪਰਵਾਰਾਂ ਦੀਆਂ ਤੰਗੀਆਂ ਦੂਰ ਕਰਨ ਲਈ ਬਾਬਾ ਜੀ ਨੇ ਦਿਨ ਰਾਤ ਮਿਹਨਤ ਕੀਤੀ। 'ਦੇਸ਼ ਭਗਤ ਪਰਵਾਰਿਕ ਸਹਾਇਕ ਕਮੇਟੀ' ਨੂੰ ਸ਼ੁਰੂ-ਸ਼ੁਰੂ ਵਿਚ ਕੋਈ ਖਾਸ ਸਫਲਤਾ ਨਾ ਮਿਲੀ। ਆਪ ਨੇ 'ਰਾਜਸੀ ਕੈਦੀ ਪਰਵਾਰ ਸਹਾਇਕ ਫੰਡ' ਨਾਂ 'ਤੇ ਨਿੱਜੀ ਤੌਰ 'ਤੇ ਸਹਾਇਕ ਸਮੱਗਰੀ ਇਕੱਤਰ ਕਰਨ ਅਤੇ ਵੰਡਣ ਦਾ ਕਾਰਜ ਅਰੰਭ ਦਿੱਤਾ। ਰਾਜਸੀ ਲੀਡਰਾਂ ਨੂੰ ਵੀ ਇਸ ਸਬੰਧੀ ਜਾਗਰੂਕ ਕੀਤਾ ਜਾਂਦਾ ਰਿਹਾ। ਪਹਿਲੀ ਸੰਸਾਰ ਜੰਗ ਕਰਕੇ ਹਾਲਤਾਂ ਵਿਚ ਆਏ ਪਰਿਵਰਤਨਾਂ ਕਰਕੇ ਵਿਦੇਸ਼ਾਂ 'ਚੋਂ ਭਾਰਤੀਆਂ ਦਾ ਇੱਥੇ ਆਉਣਾ ਅਰੰਭ ਹੋ ਗਿਆ। ਬਾਬਾ ਜੀ ਦੇ ਯਤਨਾਂ ਨਾਲ ਸਰਦਾਰ ਹਰਚੰਦ ਸਿੰਘ ਲਾਇਲਪੁਰੀ, ਸਰਦਾਰ

ਗੁਰਮੁਖ ਸਿੰਘ, ਸਰਦਾਰ ਸੰਤੋਖ ਸਿੰਘ, ਸਰਦਾਰ ਈਸ਼ਰ ਸਿੰਘ ਮਰਹਾਣਾ, ਸਰਦਾਰ ਤੇਜਾ ਸਿੰਘ ਸਮੁੰਦਰੀ, ਸਰਦਾਰ ਇੰਦਰ ਸਿੰਘ ਸੁਰ ਸਿੰਘ ਆਦਿ ਵੀ ਇਸ ਮੁਹਿੰਮ ਵਿਚ ਸ਼ਾਮਲ ਹੋ ਗਏ। ਛੇਤੀ ਹੀ 'ਸਿੱਖ ਦੇਸ਼ ਭਗਤ ਕਮੇਟੀ' ਨਾਂ ਦੀ ਸੁਤੰਤਰ ਸੰਸਥਾ ਕਾਇਮ ਕਰ ਦਿੱਤੀ ਗਈ। ਜਿਸ ਦੇ ਪ੍ਰਧਾਨ ਬਾਬਾ ਵਿਸਾਖਾ ਸਿੰਘ ਜੀ ਨੂੰ ਬਣਾਇਆ ਗਿਆ। ਗੁਰੂ ਰਾਮਦਾਸ ਸਰਾਂ ਨੇੜੇ ਬਜ਼ਾਰ ਵਿਚ ਇਕ ਚੁਬਾਰਾ ਕਿਰਾਏ ਉੱਤੇ ਲੈ ਕੇ ਕਮੇਟੀ ਦਾ ਦਫ਼ਤਰ ਕਾਇਮ ਕੀਤਾ ਗਿਆ। ਇਸ ਤਰ੍ਹਾਂ ਇਹ ਉਪਰਾਲਾ ਕੈਦੀਆਂ, ਪਰਵਾਰਾਂ ਅਤੇ ਗਰੀਬਾਂ ਲਈ ਸਹਾਰਾ ਬਣ ਗਿਆ। ਉਨ੍ਹਾਂ ਨੇ ਕੈਦੀ ਪਰਵਾਰ ਸਹਾਇਕ ਕਮੇਟੀ ਦੀ ਅਟੁੱਟ ਸੇਵਾ ਆਖਰੀ ਦਮ ਤਕ ਕੀਤੀ ਅਤੇ ਉਸ ਦੇ ਪ੍ਰਧਾਨ ਰਹੇ। ਦੂਸਰੇ ਸਾਥੀਆਂ ਨੇ ਵੀ ਕਈ ਦੇਸ਼ ਭਗਤਾਂ 'ਤੇ ਫਾਂਸੀ ਉੱਤੇ ਲਟਕ ਚੁੱਕੇ ਸਾਥੀਆਂ ਦੇ ਪਰਵਾਰਾਂ ਦੀ ਸਹਾਇਤਾ ਸੱਚੇ ਦਿਲ ਨਾਲ ਕੀਤੀ। ਸੱਚ ਤਾਂ ਇਹ ਹੈ ਕਿ ਗਦਰ ਪਾਰਟੀ ਜਿੰਦਾ ਹੀ ਇਸ ਸੇਵਾ ਦੇ ਸਿਰ 'ਤੇ ਰਹੀ।

ਆਪਣੇ ਸੰਘਰਸ਼ਮਈ ਜੀਵਨ ਵਿਚ ਬਾਬਾ ਜੀ ਨੇ ਜੇਲ੍ਹਾਂ ਅਤੇ ਤਕਲੀਫਾਂ ਨਾਲ ਕਦੀ ਘਬਰਾਹਟ ਜਾਂ ਉਦਾਸੀ ਮਹਿਸੂਸ ਨਹੀਂ ਕੀਤੀ। ਉਹ ਸਦਾ ਧਾਰਮਿਕ ਅਤੇ ਸਮਾਜਿਕ ਸੇਵਾ ਵਿਚ ਤੱਤਪਰ ਰਹੇ। ਉਨ੍ਹਾਂ ਦੀ ਸਰਪ੍ਰਸਤੀ ਹੇਠ ਅਰੰਭ ਕੀਤੇ ਗਏ ਧਾਰਮਿਕ ਅਤੇ ਸਮਾਜਿਕ ਅਦਾਰੇ ਅੱਜ ਵੀ ਆਪਣੇ ਕਰਤਵਾਂ ਦਾ ਪਾਲਣ ਕਰਨ ਲਈ ਦ੍ਰਿੜ੍ਹ ਹਨ। ੧੯੩੨ ਈ: ਵਿਚ ਆਪ ਦੀ ਸਰਪ੍ਰਸਤੀ ਹੇਠ ਬਾਬਾ ਭਗਵਾਨ ਸਿੰਘ ਜੀ ਦੁਆਰਾ ਕਾਇਮ ਕੀਤੀ 'ਅੰਮ੍ਰਿਤ ਪ੍ਰਚਾਰ ਸੰਗਤ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਗਾਹੀ ਇਲਮ ਨੂੰ ਗੁਰਬਾਣੀ, ਕੀਰਤਨ, ਗੁਰੂ ਇਤਿਹਾਸ ਅਤੇ ਗੁਰ ਸ਼ਬਦ ਵਖਿਆਣ ਰਾਹੀਂ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਲੱਗੀ ਹੋਈ ਹੈ। ਬਾਬਾ ਜੀ ਦੇ ਪਰਉਪਕਾਰੀ ਜੀਵਨ ਦੀ ਯਾਦ ਵਿਚ ਲੋੜਵੰਦਾਂ ਦੀ ਸਹਾਇਤਾ ਲਈ 'ਅੰਮ੍ਰਿਤ ਪ੍ਰਚਾਰ ਸੰਗਤ' ਦੁਆਰਾ ੧੯੬੬-੬੭ ਤੋਂ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਬਾਬਾ ਵਿਸਾਖਾ ਸਿੰਘ ਹੋਮਿਓ ਫ੍ਰੀ ਹਸਪਤਾਲ ਚਲ ਰਹੇ ਹਨ। ਸ੍ਰੀ ਅਨੰਦਪੁਰ ਸਹਿਬ ਵਿਖੇ ਅਨਾਥ ਅਤੇ ਬਿਰਧ ਆਸ਼ਰਮ ਵੀ ਚਲਾਇਆ ਜਾ ਰਿਹਾ ਹੈ।

੫ ਦਸੰਬਰ ੧੯੫੭ ਨੂੰ ਗੁਰਪੁਰੀ ਗਮਨ ਤੋਂ ਪਹਿਲਾਂ ਆਪ ਨੇ ਸੰਗਤ ਨੂੰ ਆਖਰੀ ਵਾਰੀ ਇਹ ਬਚਨ ਕਹੇ, 'ਭਾਈ! ਨਾਮ ਸਿਮਰਨ ਦਾ ਬੜਾ ਪ੍ਰਤਾਪ ਹੈ, ਨਾਮ ਜਪਣ ਵਿਚ ਮਹਾਂ ਸੁਖ ਮਿਲਦਾ ਹੈ। ਨਾਮ ਜਪਿਆ ਕਰੋ। ਸਤਿਗੁਰੂ ਸੱਚੇ ਪਾਤਸ਼ਾਹ ਭਲਾ ਕਰਨਗੇ। ਆਪਣੇ ਸੱਚੇ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਦ੍ਰਿੜ੍ਹ ਨਿਸ਼ਚਾ ਰੱਖਣ ਵਾਲਾ ਇਹ ਗਦਰੀ ਬਾਬਾ ਆਪਣੇ ਘਾਲਣਾਮਈ ਜੀਵਨ ਵਿਚ ਕਦੀ ਵੀ ਗੁਰੂ-ਗੁਰੂ ਕਰਨੋਂ ਨਾ ਖੁੰਝਿਆ। ਅਸਲ ਵਿਚ ਇਹੋ ਉਹ ਜੁਗਤੀ ਸੀ ਜਿਸ ਨੇ ਨਿਰੰਤਰ ਆਪ ਨੂੰ ਤਾਕਤ ਅਤੇ ਮਾਰਗ-ਦਰਸ਼ਨ ਦੀ ਰਹੱਸਮਈ ਖੁਰਾਕ ਦੇ ਕੇ ਮਹਾਨ ਆਤਮਾ ਬਣਾ ਦਿੱਤਾ।

■

*ਨਵੰਬਰ ੨੦੧੧ ਦਾ ਬਾਕੀ ਹਿੱਸਾ:*

# ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ

*-ਡਾ. ਪਰਮਵੀਰ ਸਿੰਘ**

## ਲਕਸ਼ਮਣ ਚੇਲਾ ਰਾਮ

ਇਨ੍ਹਾਂ ਦਾ ਜਨਮ ਸਹਿਜਧਾਰੀ ਸਿੰਧੀ ਸਿੱਖ ਪਰਵਾਰ ਵਿਚ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਮ ਦਾਦਾ ਭਾਈ ਚੇਲਾ ਰਾਮ ਸੀ। ਸਿੱਖੀ ਪ੍ਰਚਾਰ ਕਰਨ ਕਰ ਕੇ ਇਨ੍ਹਾਂ ਦੀ ਪ੍ਰਸਿੱਧੀ ਸਮੁੱਚੇ ਸਿੱਖ-ਜਗਤ ਵਿਚ ਸੀ। ਦਾਦਾ ਭਾਈ ਚੇਲਾ ਰਾਮ ਨੇ ਪਹਿਲਾਂ ਕਰਾਚੀ ਵਿਚ ਇਕ ਆਸ਼ਰਮ ਸਥਾਪਿਤ ਕੀਤਾ ਅਤੇ ਦੇਸ਼-ਵੰਡ ਉਪਰੰਤ ਦਿੱਲੀ ਆ ਕੇ ੧੯੫੮ ਈਸਵੀ ਵਿਚ 'ਨਿਜ ਥਾਉ' ਨਾਮਕ ਧਾਰਮਿਕ ਕੇਂਦਰ ਸਥਾਪਿਤ ਕੀਤਾ। ੧੯੬੪ ਈਸਵੀ ਵਿਚ ਇਨ੍ਹਾਂ ਦੇ ਚਲਾਣੇ ਉਪਰੰਤ ਇਨ੍ਹਾਂ ਦੇ ਸਪੁੱਤਰ ਲਕਸ਼ਮਣ ਚੇਲਾ ਰਾਮ ਨੇ ਧਾਰਮਿਕ ਗਤੀਵਿਧੀਆਂ ਜਾਰੀ ਰੱਖੀਆਂ। ਇਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੰਦੀ ਵਿਚ ਅਨੁਵਾਦ ਹੈ।

ਲਕਸ਼ਮਣ ਚੇਲਾ ਰਾਮ ਦੀ ਧਰਮ ਪਤਨੀ ਦਾ ਨਾਮ ਸ੍ਰੀਮਤੀ ਰਾਮੀ ਜੀ ਸੀ। ਇਨ੍ਹਾਂ ਦੀ ਧਰਮ ਪਤਨੀ ਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੂਰਨ ਸ਼ਰਧਾ ਅਤੇ ਵਿਸ਼ਵਾਸ ਸੀ, ਇਸ ਨੇ ਹੀ ਆਪਣੇ ਪਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਰ ਕੇ ਇਸ ਦੀ ਅਧਿਆਤਮਿਕ ਭਾਵਨਾ ਨੂੰ ਲੋਕਾਂ ਤਕ ਪਹੁੰਚਾਉਣ ਲਈ ਕਿਹਾ। ਪਤਨੀ ਦੁਆਰਾ ਦਿੱਤੇ ਵਿਚਾਰ ਨੇ ਲਕਸ਼ਮਣ ਜੀ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਵਿਚਾਰ 'ਤੇ ਅਮਲ ਕਰਦੇ ਹੋਏ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਾਰਜ ਅਰੰਭ ਦਿੱਤਾ। ਲਕਸ਼ਮਣ ਜੀ ਦਾ ਕਹਿਣਾ ਹੈ ਕਿ "ਮੈਂ ਉਨ੍ਹਾਂ (ਸੁਪਤਨੀ ਰਾਮੀ ਜੀ) ਦੇ ਜੀਵਨ ਕਾਲ ਵਿਚ ਇਕ ਸੌ ਪੱਚੀ ਸ਼ਬਦਾਂ ਦਾ ਹੀ ਅਨੁਵਾਦ ਕਰ ਸਕਿਆ। ਉਨ੍ਹਾਂ ਦੀ ਸ਼ੁਭ ਇੱਛਾ ਨੂੰ ਸੰਪੂਰਨ ਕਰਨ ਲਈ ੧੯ ਨਵੰਬਰ ੧੯੮੫ ਵਿਚ ਉਨ੍ਹਾਂ ਦੀ ਦੂਜੀ ਬਰਸੀ ਤਕ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੱਗਭਗ ਚਾਰ ਸੌ ਚੁਣੇ ਹੋਏ ਸ਼ਬਦਾਂ ਦਾ ਸਰਲ ਹਿੰਦੀ ਅਨੁਵਾਦ ਕਰ ਕੇ 'ਗੁਰਬਾਣੀ' ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਹਿੰਦੀ ਅਨੁਵਾਦ ਕਰਨ ਵਿਚ ਇਹ ਮੇਰਾ ਪਹਿਲਾ ਯਤਨ ਸੀ ਜਿਸ ਦੀ ਪਾਠਕਾਂ ਨੇ ਭਰਪੂਰ ਸ਼ਲਾਘਾ ਕੀਤੀ। ਪਾਠਕਾਂ ਦੇ ਉਤਸ਼ਾਹ ਨੇ ਮੈਨੂੰ ਪ੍ਰਿਯ ਰਾਮੀ ਜੀ ਦੀ ਸ਼ੁਭ ਇੱਛਾ ਨੂੰ ਸਾਕਾਰ ਰੂਪ ਦੇਣ ਦੀ ਆਧਾਰਭੂਮੀ ਪ੍ਰਦਾਨ ਕੀਤੀ ਅਤੇ ਇਸ ਦੇ ਪਰਿਣਾਮ ਸਰੂਪ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਰਨ ਦੀ

** ਰੀਡਰ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: ੯੮੭੨੦-੭੪੩੨੨*

ਰੂਪ-ਰੇਖਾ ਤਿਆਰ ਕੀਤੀ।"

ਲਕਸ਼ਮਣ ਜੀ ਨੇ ਪੰਜ ਜਿਲਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕੀਤਾ। ਇਸ ਦੇ ਪਹਿਲੇ ਭਾਗ ਵਿਚ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਮੁਢਲੀ ਤੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ ਜਿਸ ਨੂੰ ਵੱਖ-ਵੱਖ ਸਿਰਲੇਖਾਂ ਅਧੀਨ ਪੇਸ਼ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਪਰਮਾਤਮਾ ਦੇ ਵਿਭਿੰਨ ਨਾਮ, ਇਸ ਦੀ ਸੰਪਾਦਨਾ, ਅੰਤਰਿਕ ਰੂਪ, ਇਸ ਵਿਚ ਸ਼ਾਮਲ ਬਾਣੀਕਾਰਾਂ ਦਾ ਸੰਖੇਪ ਜੀਵਨ-ਪਰਿਚਯ, ਇਸ ਦੀ ਅੰਤਰੀਵੀ ਬਣਤਰ, ਬਾਣੀ ਬਿਉਰਾ, ਦਸ ਗੁਰੂ ਸਾਹਿਬਾਨ ਦੀ ਬੰਸਾਵਲੀ ਆਦਿ ਦਾ ਵਰਣਨ, ਗੁਰਮਤਿ ਸਿਧਾਂਤ, ਇਤਿਹਾਸ ਅਤੇ ਪਰੰਪਰਾ ਸਬੰਧੀ ਭਾਵਪੂਰਤ ਜਾਣਕਾਰੀ ਪ੍ਰਦਾਨ ਕਰਦਾ ਹੈ।

ਅਨੁਵਾਦਕ ਨੇ ਨਿਤਨੇਮ ਦੀਆਂ ਬਾਣੀਆਂ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਮਹੱਤਵਪੂਰਨ ਬਾਣੀਆਂ ਜਿਵੇਂ ਬਾਰਹਮਾਹਾ, ਪਟੀ, ਸੁਖਮਨੀ ਆਦਿ, ਬਾਰੇ ਸੰਬੰਧਿਤ ਬਾਣੀ ਦੇ ਅਨੁਵਾਦ ਤੋਂ ਪਹਿਲਾਂ ਸੰਖੇਪ ਰੂਪ ਵਿਚ ਉਸ ਦੀ ਜਾਣਕਾਰੀ ਦਿੱਤੀ ਹੈ ਤਾਂ ਕਿ ਇਨ੍ਹਾਂ ਨੂੰ ਪੜ੍ਹਨ ਤੋਂ ਪਹਿਲਾਂ ਪਾਠਕ ਇਨ੍ਹਾਂ ਦੇ ਮੂਲ ਭਾਵ ਤੋਂ ਜਾਣੂ ਹੋ ਸਕੇ।

**ਡਾ. ਜੋਧ ਸਿੰਘ (੧੯੪੨-)**

ਡਾ. ਜੋਧ ਸਿੰਘ ਦਾ ਜਨਮ ੧੫ ਮਈ ੧੯੪੨ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਸੰਗਤਪੁਰ ਪਿੰਡ ਵਿਖੇ ਹੋਇਆ। ਆਪ ਨੂੰ ਰੇਲਵੇ ਦੀ ਨੌਕਰੀ ਕਰਨ ਦੇ ਆਹਰ ਵਜੋਂ ਪੰਜਾਬ ਤੋਂ ਬਾਹਰ ਬਨਾਰਸ ਜਾਣਾ ਪਿਆ। ਉੱਥੇ ਇਨ੍ਹਾਂ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਐਮ. ਏ. (ਫ਼ਿਲਾਸਫ਼ੀ, ਅੰਗਰੇਜ਼ੀ, ਹਿੰਦੀ) ਪਾਸ ਕਰਨ ਉਪਰੰਤ ਪੀ-ਐਚ. ਡੀ. ਦੀ ਡਿਗਰੀ ਹਾਸਲ ਕੀਤੀ। ਪੀ-ਐਚ. ਡੀ. ਦਾ ਥੀਸਿਸ The Religious Philosophy of Guru Nanak ਪੁਸਤਕ ਸਿਰਲੇਖ ਹੇਠ ਪਾਠਕਾਂ ਦੇ ਸਨਮੁਖ ਪੇਸ਼ ਕੀਤਾ। ੧੯੭੭ ਈਸਵੀ ਨੂੰ ਯੂਨੀਵਰਸਿਟੀ ਦੇ ਉਸੇ ਵਿਭਾਗ ਵਿਚ ਖੋਜ ਦੇ ਨਾਲ ਅਧਿਆਪਨ ਕਾਰਜ ਅਰੰਭਿਆ। ਖੋਜ-ਕਾਰਜ ਮੁਕੰਮਲ ਹੋਣ 'ਤੇ ਲੈਕਚਰਾਰ ਵਜੋਂ ਅਧਿਆਪਨ ਕਾਰਜ ਜਾਰੀ ਰਿਹਾ। ੨੪ ਮਾਰਚ ੧੯੯੩ ਈਸਵੀ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਧਰਮ ਅਧਿਐਨ ਵਿਭਾਗ ਵਿਖੇ ਚੱਲ ਰਹੇ ਸਿੱਖ ਵਿਸ਼ਵਕੋਸ਼ ਦੇ ਪ੍ਰੋਜੈਕਟ 'ਤੇ ਰੀਡਰ ਵਜੋਂ ਨਿਯੁਕਤ ਹੋਏ। ਸਿੱਖ ਧਰਮ ਅਤੇ ਦਰਸ਼ਨ ਨਾਲ ਸੰਬੰਧਿਤ ਮਹੱਤਵਪੂਰਨ ਵਿਸ਼ਿਆਂ 'ਤੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿਚ ਪੁਸਤਕਾਂ ਦੀ ਰਚਨਾ ਕੀਤੀ। ਸਿੱਖ ਧਰਮ ਦੇ ਮੁਢਲੇ ਸਰੋਤਾਂ ਦਾ ਅਨੁਵਾਦ ਕਰ ਕੇ ਸਿੱਖ ਅਧਿਐਨ ਦੀ ਖੋਜ ਦਾ ਘੇਰਾ ਵਿਸ਼ਾਲ ਕਰਨ ਦੀ ਰੁਚੀ ਕਾਰਨ ਸੰਪੂਰਨ ਦਸਮ ਗ੍ਰੰਥ ਦਾ ਚਾਰ ਭਾਗਾਂ ਵਿਚ ਹਿੰਦੀ ਅਨੁਵਾਦ, ਵਾਰਾਂ ਭਾਈ ਗੁਰਦਾਸ ਦਾ ਦੋ-

ਦੋ ਭਾਗਾਂ ਵਿਚ ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਮੁਕੰਮਲ ਕਰ ਕੇ ਪਾਠਕਾਂ ਦੇ ਸਨਮੁਖ ਪੇਸ਼ ਕੀਤਾ। ਸਿੱਖ ਵਿਸ਼ਵਕੋਸ਼ ਵਿਚ ਕਾਰਜ ਕਰ ਰਹੇ ਆਪਣੇ ਸਾਥੀ ਡਾ. ਧਰਮ ਸਿੰਘ ਨਾਲ ਮਿਲ ਕੇ ਦਸਮ ਗ੍ਰੰਥ ਦੀਆਂ ਕੁਝ ਮਹੱਤਵਪੂਰਨ ਰਚਨਾਵਾਂ ਦਾ ਅੰਗਰੇਜ਼ੀ ਅਨੁਵਾਦ ਵੀ ਸਾਹਮਣੇ ਲਿਆਂਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਅਨੁਵਾਦ ੨੦੦੧ ਈਸਵੀ ਵਿਚ ਅਰੰਭ ਕੀਤਾ ਅਤੇ ਲੱਗਭਗ ਤਿੰਨ ਸਾਲ ਦੀ ਸਖਤ ਮਿਹਨਤ ਉਪਰੰਤ ੨੦੦੪ ਵਿਚ ਮੁਕੰਮਲ ਕਰ ਲਿਆ। ਇਸ ਅਨੁਵਾਦ ਦੇ ੯੨ ਪੰਨਿਆਂ ਦੀ ਵਿਸਤ੍ਰਿਤ ਭੂਮਿਕਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਆਧਾਰ, ਸਿੱਖ ਧਰਮ ਦੀ ਵਿਸ਼ੇਸ਼ਤਾ, ਗੁਰਮਤਿ ਦੀ ਤੱਤ-ਮੀਮਾਂਸਾ, ਹੁਕਮ ਅਤੇ ਸ਼ਬਦ-ਗੁਰੂ ਆਦਿ ਵਿਸ਼ਿਆਂ ਦਾ ਵਰਣਨ ਕਰ ਕੇ ਪਾਠਕਾਂ ਨੂੰ ਇਸ ਧਰਮ-ਗ੍ਰੰਥ ਦੀ ਮੂਲ ਭਾਵਨਾ ਤੋਂ ਜਾਣੂ ਕਰਾਉਣ ਦਾ ਯਤਨ ਕੀਤਾ ਗਿਆ ਹੈ। ਭੂਮਿਕਾ ਤੋਂ ਬਾਅਦ ਅਨੁਵਾਦ ਕਾਰਜ ਅਰੰਭ ਹੁੰਦਾ ਹੈ ਜਿਸ ਲਈ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪੰਨਿਆਂ ਦੀ ਤਰਤੀਬ ਨੂੰ ਸਾਹਮਣੇ ਰੱਖ ਕੇ ਖੱਬੇ ਪੰਨੇ 'ਤੇ ਮੂਲ ਪਾਠ ਦਾ ਲਿਪੀਅੰਤਰਣ ਕਰ ਕੇ ਉਸੇ ਦੇ ਸਾਹਮਣੇ ਸੱਜੇ ਪੰਨੇ 'ਤੇ ਅਨੁਵਾਦ ਪੇਸ਼ ਕੀਤਾ ਗਿਆ ਹੈ। ਹਰ ਭਾਗ ਵਿਚ ਆਈਆਂ ਮਹੱਤਵਪੂਰਨ ਬਾਣੀਆਂ ਦੀ ਸੰਖੇਪ ਜਾਣ-ਪਛਾਣ ਉਸੇ ਭਾਗ ਦੇ ਅੰਤ ਵਿਚ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਵਾਲਿਆਂ ਦੀ ਸੁਖੈਨਤਾ ਨੂੰ ਸਾਹਮਣੇ ਰੱਖ ਕੇ ਇਸ ਦੇ ਅਰੰਭ ਵਿਚ ਸਿੱਖ ਧਰਮ ਨਾਲ ਸੰਬੰਧਿਤ ਤਕਨੀਕੀ ਸ਼ਬਦਾਵਲੀ ਦਾ ਸੰਖੇਪ ਵਰਣਨ ਕੀਤਾ ਗਿਆ ਹੈ। ਇਹ ਅਨੁਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਵਾਲੇ ਹਿੰਦੀ ਪਾਠਕਾਂ ਲਈ ਲਾਹੇਵੰਦ ਹੈ।

### ਡਾ. ਜਰਨੈਲ ਸਿੰਘ

ਡਾ. ਜਰਨੈਲ ਸਿੰਘ ੧੯੫੯ ਈਸਵੀ ਵਿਚ ਕੈਨੇਡਾ ਗਏ ਅਤੇ ਉੱਥੇ ਹੀ ੧੯੬੩ ਈਸਵੀ ਵਿਚ ਮੈਥੇਮੈਟਿਕਸ ਵਿਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕਰ ਕੇ ਉੱਥੋਂ ਦੀ ਸਰਕਾਰ ਕੋਲ ਨੌਕਰੀ ਕਰ ਲਈ। ਨੌਕਰੀ ਦੌਰਾਨ ਉੱਥੋਂ ਦੇ ਲੋਕਾਂ ਦਾ ਫਰੈਂਚ ਭਾਸ਼ਾ ਪ੍ਰਤੀ ਰੁਝਾਨ ਵਧੇਰੇ ਮਹਿਸੂਸ ਕੀਤਾ ਤਾਂ ਇਸੇ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਰਨ ਦਾ ਕਾਰਜ ਅਰੰਭ ਕਰ ਦਿੱਤਾ। ਫਰੈਂਚ ਤੋਂ ਇਲਾਵਾ ਇਨ੍ਹਾਂ ਨੇ ਜਰਮਨ ਭਾਸ਼ਾ ਵਿਚ ਵੀ ਇਸ ਧਰਮ-ਗ੍ਰੰਥ ਦਾ ਅਨੁਵਾਦ ਤਿਆਰ ਕੀਤਾ ਅਤੇ ਅੱਜਕਲ੍ਹ ਸਪੇਨਿਸ਼ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਵਾਦ ਲਈ ਯਤਨ ਕਰ ਰਹੇ ਹਨ। ਅੰਗਰੇਜ਼ੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਵਿਚ ਇਨ੍ਹਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ।

### ਫਰੈਂਚ ਭਾਸ਼ਾ ਵਿਚ ਅਨੁਵਾਦ

ਡਾ. ਜਰਨੈਲ ਸਿੰਘ ਸੇਂਟ ਮਾਈਕਲ ਕਾਲਜ ਟੋਰਾਂਟੋ ਵਿਖੇ ਕਾਰਜ ਕਰ ਰਹੇ

ਹਨ। ਇਕ ਸ਼ਰਧਾਲੂ ਅਤੇ ਵਿਦਵਾਨ ਸਿੱਖ ਹੋਣ ਦੇ ਨਾਤੇ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੈਂਚ ਭਾਸ਼ਾ ਵਿਚ ਅਨੁਵਾਦ ਕੀਤਾ ਹੈ। ਇਨ੍ਹਾਂ ਦੇ ਯਤਨ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦਾ ਲਾਹਾ ਫਰੈਂਚ ਭਾਸ਼ਾ ਜਾਣਨ ਵਾਲੇ ਲੈ ਸਕਦੇ ਹਨ। ਇਨ੍ਹਾਂ ਨੇ ਇਹ ਅਨੁਵਾਦ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪੰਨਿਆਂ ਅਨੁਸਾਰ ਚਾਰ ਭਾਗਾਂ ਵਿਚ ਕੀਤਾ ਹੈ ਅਤੇ ਇਸ ਦੇ ਅਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦਾ ਸੰਖੇਪ ਜੀਵਨ-ਬਿਉਰਾ ਦਿੱਤਾ ਹੈ ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਹਾਸਲ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦੇ ਸਰਵੋਤਮ ਅਧਿਆਤਮਿਕ ਜੀਵਨ ਤੋਂ ਜਾਣੂ ਹੋ ਸਕਣ। ਅਨੁਵਾਦ ਸਮੇਂ ਇਨ੍ਹਾਂ ਨੇ ਹਰ ਪੰਨੇ 'ਤੇ ਆਉਣ ਵਾਲੇ ਔਖੇ ਸ਼ਬਦ ਦੀ ਸਮਝ ਲਈ ਫੁਟ ਨੋਟ ਦਿੱਤੇ ਹਨ ਜਿਨ੍ਹਾਂ ਵਿਚ ਅਰਥ ਨੂੰ ਖੋਲ੍ਹ ਕੇ ਸਮਝਾਇਆ ਗਿਆ ਹੈ। ੧੬੬੦ ਪੰਨਿਆਂ ਵਿਚ ਅਨੁਵਾਦਿਤ ਇਹ ਗ੍ਰੰਥ ੧੯੯੬ ਈਸਵੀ ਵਿਚ ਸੰਪੂਰਨ ਕਰ ਕੇ ਪਾਠਕਾਂ ਦੇ ਰੂਬਰੂ ਕਰ ਦਿੱਤਾ ਗਿਆ ਸੀ। Intellectual Services International ਦੁਆਰਾ ਇਸ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ।

### ਜਰਮਨ ਭਾਸ਼ਾ ਵਿਚ ਅਨੁਵਾਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੈਂਚ ਭਾਸ਼ਾ ਵਿਚ ਅਨੁਵਾਦ ਕਰਨ ਉਪਰੰਤ ਡਾ. ਜਰਨੈਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਰਮਨ ਲੋਕਾਂ ਵਿਚ ਬੋਲੀ ਜਾਂਦੀ ਡੱਚ ਭਾਸ਼ਾ ਵਿਚ ਅਨੁਵਾਦ ਕੀਤਾ। ੨੦੦੫ ਈਸਵੀ ਵਿਚ ਇਹ ਅਨੁਵਾਦ ਚਾਰ ਭਾਗਾਂ ਵਿਚ 'ਸਿੰਘ ਬ੍ਰਦਰਜ਼' ਸ੍ਰੀ ਅੰਮ੍ਰਿਤਸਰ ਨੇ ਛਾਪਿਆ।

ਸਿੱਖ ਧਰਮ ਦੇ ਪੈਰੋਕਾਰ ਦੁਨੀਆਂ ਦੇ ਕੋਨੇ-ਕੋਨੇ ਵਿਚ ਫੈਲੇ ਹੋਏ ਹਨ ਅਤੇ ਇਨ੍ਹਾਂ ਵਿੱਚੋਂ ਕੁਝ ਗਿਣਤੀ ਜਰਮਨ ਦੇਸ਼ ਵਿਚ ਵੀ ਜਾ ਵੱਸੀ ਹੈ। ਉੱਥੋਂ ਦੇ ਸਿੱਖ ਪਰਵਾਰਾਂ ਵਿਚ ਜਨਮੇ ਬੱਚੇ ਗੁਰਮੁਖੀ ਪੜ੍ਹਨ ਤੋਂ ਅਸਮਰੱਥ ਹਨ ਪਰੰਤੂ ਫਿਰ ਵੀ ਉਹ ਆਪਣੇ ਬਜ਼ੁਰਗਾਂ ਦੇ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਦੇ ਇੱਛੁਕ ਹਨ। ਡਾ. ਜਰਨੈਲ ਸਿੰਘ ਨੇ ਇਸ ਅਨੁਵਾਦ ਰਾਹੀਂ ਉਨ੍ਹਾਂ ਬੱਚਿਆਂ ਦੀ ਇਸ ਅਧਿਆਤਮਿਕ ਭੁੱਖ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਜਰਮਨ ਅਥਵਾ ਡੱਚ ਭਾਸ਼ਾ ਵਿਚ ਜਾਣਕਾਰੀ ਹਾਸਲ ਕਰਨ ਵਾਲੇ ਖੋਜਾਰਥੀ ਵੀ ਇਸ ਅਨੁਵਾਦ ਰਾਹੀਂ ਸਿੱਖ ਧਰਮ ਦੇ ਮੂਲ ਅਧਿਆਤਮਿਕ ਸਰੋਤ ਬਾਰੇ ਗਿਆਨ ਹਾਸਲ ਕਰ ਸਕਦੇ ਹਨ। ਚਾਰ ਭਾਗਾਂ ਵਿਚ ਕੀਤਾ ਇਹ ਅਨੁਵਾਦ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪੰਨਿਆਂ ਦੀ ਵਿਉਂਤ ਅਨੁਸਾਰ ਮੁਕੰਮਲ ਕੀਤਾ ਗਿਆ ਹੈ। ਲੱਗਭਗ ੧੯੫੦ ਪੰਨਿਆਂ ਵਿਚ ਕੀਤੇ ਇਸ ਅਨੁਵਾਦ ਕਾਰਜ ਦੇ ਚੌਥੇ ਭਾਗ ਦੇ ਅੰਤ ਵਿਚ ਗਲਾਸਰੀ ਦਿੱਤੀ ਗਈ ਹੈ ਜੋ ਕਿ ਇਸ ਗ੍ਰੰਥ ਵਿਚਲੀ ਤਕਨੀਕੀ ਸਿੱਖ ਸ਼ਬਦਾਵਲੀ ਨੂੰ ਸਮਝਣ ਵਿਚ ਵਿਚ ਸਹਾਈ ਸਿੱਧ ਹੁੰਦੀ ਹੈ। *(ਬਾਕੀ ਸਫ਼ਾ ੭੮ 'ਤੇ)*

*ਇਤਿਹਾਸਿਕ ਗੁਰ-ਅਸਥਾਨ:੧੩*

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ

*-ਮਨਮੋਹਨ ਕੌਰ**

## ਜ਼ਿਲ੍ਹਾ ਸ੍ਰੀ ਅੰਮ੍ਰਿਤਸਰ

**੨੦. ਗੁਰਦੁਆਰਾ ਅਠਸਠ ਤੀਰਥ ਸਾਹਿਬ:** ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਦੁੱਖ ਭੰਜਨੀ ਬੇਰੀ ਦੇ ਨਜ਼ਦੀਕ ਇਤਿਹਾਸਿਕ ਅਸਥਾਨ ਅਠਸਠ ਤੀਰਥ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ ਬੈਠ ਕੇ ਬੁੰਗਿਆਂ ਅਤੇ ਪੌੜੀਆਂ ਦੀ ਕਾਰ-ਸੇਵਾ ਕਰਵਾਈ ਸੀ।

**੨੧. ਗੁਰਦੁਆਰਾ ਸੰਗਰਾਣਾ ਸਾਹਿਬ :** ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਅੰਮ੍ਰਿਤਸਰ-ਤਰਨਤਾਰਨ ਮਾਰਗ ਉੱਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇੱਥੇ ਗੁਰੂ ਜੀ ਨੇ ਮਾਈ ਸੁਲੱਖਣੀ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ।

**੨੨. ਗੁਰਦੁਆਰਾ ਸਾਹਿਬ ਮਾਦੋਕੇ ਬਰਾੜ :** ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਨਗਰ ਮਾਦੋਕੇ ਬਰਾੜ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਸਦੀਵੀ ਯਾਦਗਰ ਵਜੋਂ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਰਾਮਪੁਰੇ ਤੋਂ ਚੱਲ ਕੇ ਇੱਥੇ ਪਹੁੰਚੇ ਸਨ।

**੨੩. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਬਾਬਾ ਬਕਾਲਾ:** ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਨਗਰ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਆਪਣੇ ਮਹਿਲ ਮਾਤਾ ਨਾਨਕੀ ਜੀ ਦੇ ਮਾਤਾ, ਮਾਤਾ ਗੰਗਾ ਜੀ ਦੇ ਅੰਤਮ ਸਮੇਂ ਸੰਸਾਰਿਕ ਰਸਮਾਂ ਨੂੰ ਨਿਭਾਉਣ ਲਈ ਪਧਾਰੇ ਸਨ।

## ਜ਼ਿਲ੍ਹਾ ਕਪੂਰਥਲਾ

**੧. ਗੁਰਦੁਆਰਾ ਥੰਮ੍ਹ ਸਾਹਿਬ, ਡੁਮੇਲੀ (ਫਗਵਾੜਾ):** ਗੁਰਦੁਆਰਾ ਥੰਮ੍ਹ ਸਾਹਿਬ ਡੁਮੇਲੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਫਗਵਾੜੇ ਦੇ ਇਕ ਪਿੰਡ ਡੁਮੇਲੀ ਵਿਖੇ ਸੁਸ਼ੋਭਿਤ ਹੈ। ਇੱਥੇ ਇਕ 'ਥੰਮ੍ਹ' ਹੈ,

** # ੮੩੬੩, ਗਲੀ ਨੰ: ੨, ਗੁਰੂ ਰਾਮਦਾਸ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ।*

ਜੋ ਗੁਰੂ ਸਾਹਿਬ ਦੀ ਪਵਿੱਤਰ ਨਿਸ਼ਾਨੀ ਵਜੋਂ ਅੱਜ ਵੀ ਮੌਜੂਦ ਹੈ।

**੨. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਪਲਾਹੀ (ਫਗਵਾੜਾ):** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਫਗਵਾੜੇ ਦੇ ਪਲਾਹੀ ਨਗਰ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਣ ਸਮੇਂ ਇੱਥੇ ਆਏ ਸਨ। ਭੱਟ ਵਹੀਆਂ ਅਨੁਸਾਰ ਇੱਥੇ ਗੁਰੂ ਸਾਹਿਬ ਦੀ ਮੁਗ਼ਲਾਂ ਨਾਲ ਜੰਗ ਹੋਈ ਸੀ, ਜਿਸ ਨੂੰ ਫਗਵਾੜੇ ਦੀ ਜੰਗ ਆਖਿਆ ਜਾਂਦਾ ਹੈ।

**੩. ਗੁਰਦੁਆਰਾ ਸੁਖਚੈਨਆਣਾ ਸਾਹਿਬ, ਫਗਵਾੜਾ:** ਗੁਰਦੁਆਰਾ ਸੁਖਚੈਨਆਣਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਫਗਵਾੜਾ ਵਿਖੇ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਕਰਤਾਰਪੁਰ ਤੋਂ ਕੀਰਤਪੁਰ ਜਾਣ ਸਮੇਂ ਆਏ ਸਨ। ਇਸੇ ਸਥਾਨ ’ਤੇ ਹੀ ਮੁਗ਼ਲਾਂ ਨਾਲ ਹੋਈ ਇਕ ਝੜਪ ਵਿਚ ਭਾਈ ਦੇਸਾ, ਭਾਈ ਸੁਹੇਲਾ (ਭਾਈ ਮਨੀ ਸਿੰਘ ਦੇ ਚਾਚੇ) ਅਤੇ ਭਾਈ ਜੱਗੂ ਸਪੁੱਤਰ ਭਾਈ ਧਰਮਾ (ਲਡੋਵਾਲ) ਸ਼ਹੀਦ ਹੋ ਗਏ ਸਨ। ਇਸ ਅਸਥਾਨ ’ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਵੀ ਆਪਣੇ ਪਵਿੱਤਰ ਚਰਨ ਪਾਏ ਸਨ।

**੪. ਗੁਰਦੁਆਰਾ ਸਿਹਰਾ ਸਾਹਿਬ, ਸੁਲਤਾਨਪੁਰ ਲੋਧੀ:** ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਦੀ ਇਕ ਤਹਿਸੀਲ ਹੈ। ਇਹ ਪ੍ਰਸਿੱਧ ਸ਼ਹਿਰ ਫਿਰੋਜ਼ਪੁਰ, ਜਲੰਧਰ ਰੇਲਵੇ ਸਟੇਸ਼ਨ ਤੋਂ ੪੬ ਕਿਲੋਮੀਟਰ, ਕਪੂਰਥਲਾ ਤੋਂ ੨੫ ਕਿਲੋਮੀਟਰ, ਮਖੂ ਤੋਂ ੩੦ ਕਿਲੋਮੀਟਰ ਅਤੇ ਲੋਹੀਆਂ ਖਾਸ ਤੋਂ ੬ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇੱਥੇ ਇਤਿਹਾਸਿਕ ਗੁਰਦੁਆਰਾ ਸਿਹਰਾ ਸਾਹਿਬ, ਗੁਰਦੁਆਰਾ ਕੋਠੜੀ ਸਾਹਿਬ ਦੇ ਨਜ਼ਦੀਕ ਹੀ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤ ਦੱਸਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਉਨ੍ਹਾਂ ਦੀ ਜੰਞ ਡੱਲੇ ਜਾਂਦੇ ਸਮੇਂ ਰਸਤੇ ਵਿਚ ਇਕ ਰਾਤ ਇੱਥੇ ਠਹਿਰੀ ਸੀ।

**੫. ਗੁਰਦੁਆਰਾ ਮਾਤਾ ਦਮੋਦਰੀ ਜੀ (ਡੱਲਾ) ਕਪੂਰਥਲਾ:** ਜ਼ਿਲ੍ਹਾ ਕਪੂਰਥਲਾ ਦਾ ਪਿੰਡ ਡੱਲਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ ਮਾਤਾ ਦਮੋਦਰੀ ਜੀ ਦਾ ਪੇਕਾ ਪਿੰਡ ਹੈ। ਇਤਿਹਾਸਿਕ ਗੁਰਦੁਆਰਾ ਮਾਤਾ ਦਮੋਦਰੀ ਜੀ ਪਿੰਡ ਡੱਲਾ ਵਿਖੇ ਮਾਤਾ ਦਮੋਦਰੀ ਜੀ ਦੀ ਰਿਹਾਇਸ਼ ਅਸਥਾਨ ’ਤੇ ਸੁਸ਼ੋਭਿਤ ਹੈ।

**੬. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਨਡਾਲਾ:** ਕਪੂਰਥਲਾ-ਭੁਲੱਥ ਮਾਰਗ ’ਤੇ ਇਕ ਪਿੰਡ ਨਡਾਲਾ ਸਥਿਤ ਹੈ। ਇਸ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਇੱਥੇ ਗੁਰੂ ਸਾਹਿਬ ਦੀ ਯਾਦਗਾਰ ਟਾਹਲੀ ਦੇ ਦਰੱਖਤ ਅੱਜ ਵੀ

ਮੌਜੂਦ ਹਨ।

## ਜ਼ਿਲ੍ਹਾ ਜਲੰਧਰ

**੧. ਗੁਰਦੁਆਰਾ ਮੰਜੀ ਸਾਹਿਬ,ਪਾਤਸ਼ਾਹੀ ਛੇਵੀਂ, ਕਰਤਾਰਪੁਰ:** ਗੁਰਦੁਆਰਾ ਮੰਜੀ ਸਾਹਿਬ ਕਰਤਾਰਪੁਰ ਵਿਖੇ ਗੁਰਦੁਆਰਾ ਗੰਗਸਰ ਸਾਹਿਬ ਪਾਤਸ਼ਾਹੀ ਪੰਜਵੀਂ ਦੇ ਪ੍ਰਕਾਸ਼ ਅਸਥਾਨ ਦੇ ਨਜ਼ਦੀਕ ਅੱਜ ਵੀ ਮੌਜੂਦ ਹੈ, ਜਿਸ ਬਾਰੇ ਇਤਿਹਾਸਿਕ ਸਰੋਤ ਦੱਸਦੇ ਹਨ ਕਿ ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੈਠ ਕੇ ਸੰਗਤਾਂ ਨੂੰ ਇਕ ਅਕਾਲ ਪੁਰਖ ਦੀ ਭਗਤੀ ਦਾ ਉਪਦੇਸ਼ ਦਿੰਦੇ ਸਨ।

**੨. ਗੁਰਦੁਆਰਾ ਚੁਬੱਚਾ ਸਾਹਿਬ ਪਾਤਸ਼ਾਹੀ ਛੇਵੀਂ (ਕਰਤਾਰਪੁਰ) ਜਲੰਧਰ:** ਗੁਰਦੁਆਰਾ ਚੁਬੱਚਾ ਸਾਹਿਬ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਥੰਮ੍ਹ ਸਾਹਿਬ ਤੋਂ ਦਰਵਾਜ਼ੇ ਦਿਆਲਪੁਰ ਦੇ ਰਸਤੇ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤ ਦੱਸਦੇ ਹਨ ਕਿ ਇੱਥੇ ਪਾਣੀ ਦੇ ਇਕ ਚੁਬੱਚੇ ਦੇ ਕਿਨਾਰੇ ਬੈਠ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਜਨ-ਬੰਦਗੀ ਕਰਿਆ ਕਰਦੇ ਸਨ। ਉਪਰੋਕਤ ਗੁਰਦੁਆਰਾ ਸਾਹਿਬ ਗੁਰਦੁਆਰਾ ਥੰਮ੍ਹ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**੩. ਯਾਦਗਰ ਅਸਥਾਨ ਮਾਤਾ ਕੌਲਾਂ ਜੀ (ਕਰਤਾਰਪੁਰ):** ਗੁਰਦੁਆਰਾ ਚੁਬੱਚਾ ਸਾਹਿਬ ਦੇ ਨਜ਼ਦੀਕ ਹੀ ਮਾਤਾ ਕੌਲਾਂ ਜੀ ਦਾ ਯਾਦਗਰੀ ਅਸਥਾਨ ਹੈ। ਕਿਹਾ ਜਾਂਦਾ ਹੈ ਕਿ ਮਾਤਾ ਕੌਲਾਂ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ ਵਰ੍ਹੇ ਇੱਥੇ ਹੀ ਗੁਜ਼ਾਰੇ ਸਨ ਅਤੇ ਉਨ੍ਹਾਂ ਦੀ ਸ਼ਰਧਾ-ਭਾਵਨਾ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਦੇ ਅੰਤਮ ਸਮੇਂ ਇੱਥੇ ਪਹੁੰਚ ਕੇ ਉਨ੍ਹਾਂ ਨੂੰ ਆਪਣੇ ਦਰਸ਼ਨ ਦਿੱਤੇ ਅਤੇ ਅੰਤਮ-ਸਸਕਾਰ ਕੀਤਾ ਸੀ।

**੪. ਗੁਰਦੁਆਰਾ ਚੌਪੜ ਸਾਹਿਬ (ਕਰਤਾਰਪੁਰ):** ਮਾਤਾ ਕੌਲਾਂ ਜੀ ਦੇ ਯਾਦਗਰੀ ਅਸਥਾਨ ਦੇ ਨਜ਼ਦੀਕ ਹੀ ਇਕ ਇਕ ਦਰੱਖਤ ਦੇ ਹੇਠਾਂ ਚੌਪੜ ਬਣਿਆ ਹੋਇਆ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਗੁਰੂ ਹਰਿਗੋਬਿੰਦ ਸਾਹਿਬ ਪੈਂਦੇ ਖਾਂ ਜਰਨੈਲ ਨਾਲ ਚੌਪੜ ਖੇਡਿਆ ਕਰਦੇ ਸਨ।

**੫. ਗੁਰਦੁਆਰਾ ਦਮਦਮਾ ਸਾਹਿਬ (ਕਰਤਾਰਪੁਰ) ਜਲੰਧਰ:** ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਕਰਤਾਰਪੁਰ ਵਿਖੇ ਗੁਰਦੁਆਰਾ ਗੰਗਸਰ ਸਾਹਿਬ ਦੇ ਨਜ਼ਦੀਕ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇੱਥੇ ਜਰਨੈਲ ਪੈਂਦੇ ਖਾਂ ਦੀ ਮੌਤ ਹੋਈ ਸੀ। ਇੱਥੇ ਹੀ ਗੁਰੂ ਸਾਹਿਬ ਨੇ ਆਪਣਾ ਕਮਰ-ਕੱਸਾ ਖੋਲ੍ਹ ਕੇ ਦਮ ਲਿਆ ਸੀ। ਗੁਰੂ ਸਾਹਿਬ ਦੀ ਯਾਦਗਰ ਇਕ ਖੰਡਾ ਗੁਰਦੁਆਰਾ ਥੰਮ੍ਹ ਸਾਹਿਬ ਦੇ ਨਜ਼ਦੀਕ ਹੀ ਸਥਿਤ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿਖੇ ਸੁਸ਼ੋਭਿਤ ਹੈ।

**੬. ਗੁਰਦੁਆਰਾ ਤੀਰ ਸਾਹਿਬ, ਫਤਿਹਪੁਰ (ਜਲੰਧਰ):** ਗੁਰਦੁਆਰਾ ਤੀਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਜਲੰਧਰ ਦੇ ਪਿੰਡ ਫਤਿਹਪੁਰ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਆਉਣ ਉਪਰੰਤ ਇੱਥੇ ਠਹਿਰੇ ਸਨ ਅਤੇ ਇੱਥੇ ਹੀ ਉਨ੍ਹਾਂ ਨੇ ਸੰਗਤਾਂ ਦੀ ਮੰਗ 'ਤੇ ਇਕ ਪਾਣੀ ਦਾ ਸੋਮਾ ਪ੍ਰਗਟ ਕਰ ਕੇ ਇਸ ਇਲਾਕੇ ਦੀ ਪਾਣੀ ਦੀ ਘਾਟ ਨੂੰ ਦੂਰ ਕੀਤਾ ਸੀ।

**੭. ਗੁਰਦੁਆਰਾ ਚਰਨ ਕੰਵਲ ਸਾਹਿਬ ਪਾਤਸ਼ਾਹੀ ਛੇਵੀਂ, ਬਸਤੀ ਸ਼ੇਖ (ਜਲੰਧਰ):** ਗੁਰਦੁਆਰਾ ਚਰਨ ਕੰਵਲ ਸਾਹਿਬ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਜਲੰਧਰ ਦੀ ਬਸਤੀ ਸ਼ੇਖ ਦੇ ਮੁੱਖ ਬਜ਼ਾਰ ਵਿਚ ਸੁਸ਼ੋਭਿਤ ਹੈ। ਪ੍ਰਸਿੱਧ ਮੁਸਲਮਾਨ ਪੀਰ ਸ਼ੇਖ ਦਰਵੇਸ਼ ਜੋ ਕਿ ਮਹਾਨ ਸੂਫੀ ਫਕੀਰ ਸਾਂਈ ਮੀਆਂ ਮੀਰ ਜੀ ਦਾ ਗੁਰਭਾਈ ਅਤੇ ਇਹ ਗੁਰੂ-ਘਰ ਦਾ ਬਹੁਤ ਹੀ ਸ਼ਰਧਾਲੂ ਸੀ, ਇੱਥੇ ਰਹਿੰਦਾ ਸੀ। ਉਹ ਹਰ ਸਮੇਂ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਕਾਮਨਾ ਕਰਦਾ ਰਹਿੰਦਾ ਸੀ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਨੇ ਆਪਣੀ ਆਖਰੀ ਲੜਾਈ ਕਰਤਾਰਪੁਰ ਸਾਹਿਬ ਤੋਂ ਲੜਨ ਉਪਰੰਤ ਇੱਥੇ ਆਪਣੇ ਇਸੇ ਸ਼ਰਧਾਲੂ ਸ਼ੇਖ ਦਰਵੇਸ਼ ਦੀ ਪ੍ਰੇਮ ਭਰੀ ਬੇਨਤੀ 'ਤੇ ਦਰਸ਼ਨ ਦੇ ਕੇ ਉਸ ਨਾਲ ਬਚਨ-ਬਿਲਾਸ ਸਾਂਝੇ ਕੀਤੇ ਸਨ। ਗੁਰਦੁਆਰਾ ਸਾਹਿਬ ਦੀ ਖੂਬਸੂਰਤ ਛੇ ਮੰਜ਼ਲੀ ਇਮਾਰਤ ਵਿਚ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਭਗਤੀ ਅਤੇ ਸ਼ਕਤੀ ਦਾ ਸਿਧਾਂਤ ਦ੍ਰਿੜ੍ਹ ਕਰਵਾਉਂਦੇ ਹਨ।

## ਜ਼ਿਲ੍ਹਾ ਨਵਾਂਸ਼ਹਿਰ

**੧. ਗੁਰਦੁਆਰਾ ਚਰਨ ਕੰਵਲ ਸਾਹਿਬ ਪਾਤਸ਼ਾਹੀ ਛੇਵੀਂ, ਜੀਂਦੋਵਾਲ:** ਗੁਰਦੁਆਰਾ ਚਰਨ ਕੰਵਲ ਸਾਹਿਬ ਪਾਤਸ਼ਾਹੀ ਛੇਵੀਂ ਜ਼ਿਲ੍ਹਾ ਨਵਾਂਸ਼ਹਿਰ ਦੇ ਨਗਰ ਬੰਗਾ ਤੋਂ ਕੋਈ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਜੀਂਦੋਵਾਲ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਇਆ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਸੁਖਚੈਨਆਣਾ ਸਾਹਿਬ, ਫਗਵਾੜੇ ਤੋਂ ਕੀਰਤਪੁਰ ਸਾਹਿਬ ਜਾਣ ਸਮੇਂ ਆਪਣੇ ਘੋੜੇ 'ਸੁਹੇਲਾ' ਦੇ ਬੀਮਾਰ ਹੋ ਜਾਣ ਕਾਰਨ ਇੱਥੇ ਠਹਿਰੇ ਸਨ।

**੨. ਗੁਰਦੁਆਰਾ ਸਾਹਿਬ ਗੁਰਪਲਾਹ ਪਾਤਸ਼ਾਹੀ ਛੇਵੀਂ (ਨਵਾਂਸ਼ਹਿਰ):** ਗੁਰਦੁਆਰਾ ਸਾਹਿਬ ਗੁਰਪਲਾਹ ਪਾਤਸ਼ਾਹੀ ਛੇਵੀਂ ਪੰਜਾਬ ਦੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਸੌਤਰਾਂ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਇੱਥੇ ਇਕ ਪਲਾਹ ਦੇ

ਦਰੱਖਤ ਹੇਠਾਂ ਬਿਰਾਜੇ ਸਨ।

**੩. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਦੁਰਗਾਪੁਰ (ਨਵਾਂਸ਼ਹਿਰ):** ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਨਵਾਂਸ਼ਹਿਰ ਦੇ ਪਿੰਡ ਦੁਰਗਾਪੁਰ ਵਿਖੇ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਜੀਂਦੋਵਾਲ ਤੋਂ ਕਰਤਾਰਪੁਰ ਸਾਹਿਬ ਜਾਂਦੇ ਹੋਏ ਰਸਤੇ ਵਿਚ ਦੁਰਗਾਪੁਰ ਠਹਿਰੇ ਸਨ।

**੪. ਗੁਰਦੁਆਰਾ ਸਾਹਿਬ ਪੰਜ ਤੀਰਥ (ਜੰਡੂ ਸਿੰਘਾ) ਜਲੰਧਰ:** ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿਚ ਜਲੰਧਰ ਤੋਂ ਹੁਸ਼ਿਆਰਪੁਰ ਜਾਣ ਵਾਲੀ ਸੜਕ 'ਤੇ ੯ ਕਿਲੋਮੀਟਰ ਦੀ ਦੂਰੀ ਤੇ ਜੰਡੂ ਸਿੰਘਾ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪੰਜ ਤੀਰਥ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਜੀ ਨੇ ਇੱਥੇ ਬੈਠ ਕੇ ਅਲੱਗ-ਅਲੱਗ ਦਿਸ਼ਾਵਾਂ ਵੱਲ ਪੰਜ ਤੀਰ ਛੱਡੇ ਸਨ। ਜਿਸ ਕਾਰਨ ਇਸ ਅਸਥਾਨ ਦਾ ਨਾਂ ਗੁਰਦੁਆਰਾ ਸਾਹਿਬ ਪੰਜ ਤੀਰ ਪ੍ਰਚਲਿਤ ਹੋ ਗਿਆ ਜੋ ਬਾਅਦ ਵਿਚ 'ਗੁਰਦੁਆਰਾ ਸਾਹਿਬ ਪੰਜ ਤੀਰਥ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਸੇ ਹੀ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਇਕ ਹੋਰ ਗੁਰਦੁਆਰਾ ਸਾਹਿਬ 'ਗੁਰਦੁਆਰਾ ਸ਼ਹੀਦਾਂ ਪਾਤਸ਼ਾਹੀ ਛੇਵੀਂ' ਵੀ ਸੁਸ਼ੋਭਿਤ ਹੈ।

**੫. ਗੁਰਦੁਆਰਾ ਪੰਜ ਤੀਰਥ ਸਾਹਿਬ, ਪਰਾਗਪੁਰ, ਨਵਾਂਸ਼ਹਿਰ:** ਪੰਜ ਤੀਰਥ ਸਾਹਿਬ ਗੁਰਦੁਆਰਾ ਪੰਜਾਬ ਦੇ ਜ਼ਿਲ੍ਹਾ ਨਵਾਂਸ਼ਹਿਰ ਵਿਚ 'ਪਰਾਗਪੁਰ' ਪਿੰਡ ਵਿਚ ਸਥਿਤ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਰਤਾਰਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਜਾਣ ਸਮੇਂ ੨੯ ਅਪ੍ਰੈਲ ੧੬੩੫ ਵਿਚ ਇੱਥੇ ਆਪਣੇ ਚਰਨ ਪਾਏ ਸਨ। ਗੁਰੂ ਸਾਹਿਬ ਨੇ ਇੱਥੋਂ ਦੇ ਨਿਵਾਸੀਆਂ ਨੂੰ 'ਇਕ ਅਕਾਲ ਪੁਰਖ' ਦੀ ਪੂਜਾ ਕਰਨ ਲਈ ਆਖਿਆ। ਇਨ੍ਹਾਂ ਪਿੰਡ ਨਿਵਾਸੀਆਂ ਲਈ ਗੁਰੂ ਸਾਹਿਬ ਨੇ ਆਪ 'ਪੰਜ ਇੱਟਾਂ' ਰੱਖ ਕੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। ਲੋਕ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਖਿਆ, ਜੋ ਵੀ ਇੱਥੇ ਆਵੇਗਾ ਉਹ 'ਪੰਜ ਤੀਰਥਾਂ' 'ਤੇ ਜਾਣ ਦੇ ਬਰਾਬਰ ਹੋਵੇਗਾ। ਇਸੇ ਲਈ ਗੁਰਦੁਆਰੇ ਦਾ ਨਾਂ 'ਪੰਜ ਤੀਰਥ' ਪ੍ਰਸਿੱਧ ਹੋ ਗਿਆ।

## ਜ਼ਿਲ੍ਹਾ ਲੁਧਿਆਣਾ

**੧. ਗੁ: ਸਾਹਿਬ ਪਾਤਸ਼ਾਹੀ ਛੇਵੀਂ (ਅਲੂਣਾ) ਲੁਧਿਆਣਾ:** ਜ਼ਿਲ੍ਹਾ ਲੁਧਿਆਣਾ ਦੇ ਪਿੰਡ ਅਲੂਣਾ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਤਿਹਾਸਿਕ ਗੁਰਦੁਆਰਾ ਸਾਹਿਬ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ।

**੨. ਗੁਰਦੁਆਰਾ ਥੜ੍ਹਾ ਸਾਹਿਬ, ਇਆਲੀ ਕਲਾਂ (ਲੁਧਿਆਣਾ):** ਲੁਧਿਆਣਾ ਦੇ ਇਕ ਪਿੰਡ ਇਆਲੀ ਕਲਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਤਿਹਾਸਿਕ ਗੁਰਦੁਆਰਾ ਸਾਹਿਬ ਗੁ: ਥੜ੍ਹਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਇੱਥੇ ਮਹਿਰਾਜ ਦੀ ਲੜਾਈ ਤੋਂ ਬਾਅਦ ਕਰਤਾਰਪੁਰ ਸਾਹਿਬ ਜਾਣ ਸਮੇਂ ਠਹਿਰੇ ਸਨ।

**੩. ਗੁਰਦੁਆਰਾ ਪਾਤਸ਼ਾਹੀ ਛੇਵੀਂ, ਈਸੜੂ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਸ਼ਹਿਰ ਖੰਨਾ ਤੋਂ ੧੩ ਕਿਲੋਮੀਟਰ ਦੂਰ ਪਿੰਡ ਈਸੜੂ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਤਿਹਾਸਿਕ ਗੁਰਦੁਆਰਾ "ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ" ਸੁਸ਼ੋਭਿਤ ਹੈ।

**੪. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰੂਸਰ ਸੁਧਾਰ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ ਦੇ ਲਾਗੇ ਸਥਿਤ ਪਿੰਡ ਸੁਧਾਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਿਕ "ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਗੁਰੂਸਰ" ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਕੰਗਣ ਪਿੰਡ ਦਾ ਰਾਇ ਜੋਧ ਜੋ ਕਿ ਸਖੀ ਸਰਵਰ ਦਾ ਪੈਰੋਕਾਰ ਸੀ, ਇੱਥੇ ਗੁਰੂ ਸਾਹਿਬ ਨੂੰ ਮਿਲਣ ਉਪਰੰਤ ਉਨ੍ਹਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦਾ ਸਿੱਖ ਬਣਿਆ ਸੀ। ਇੱਥੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸੇਵਕ ਭਾਈ ਪ੍ਰੇਮਾ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਆਪਣੇ ਪੈਰਾਂ ਦੇ ਜੋੜੇ ਦੀ ਬਖਸ਼ਿਸ਼ ਕੀਤੀ ਸੀ। ਗੁਰੂ ਸਾਹਿਬ ਦੀ ਇਸ ਪਵਿੱਤਰ ਨਿਸ਼ਾਨੀ ਨੂੰ ਭਾਈ ਝੰਡੇ ਦੇ ਵੰਸ਼ਜਾਂ ਨੇ ਅੱਜ ਵੀ ਸੰਭਾਲ ਕੇ ਰੱਖਿਆ ਹੋਇਆ ਹੈ।

**੫. ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ, ਸਿਆਹੜ (ਲੁਧਿਆਣਾ):** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਿਆਹੜ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਤਿਹਾਸਿਕ ਗੁਰਦੁਆਰਾ 'ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਵੱਲੋਂ ਪਿੰਡ ਰਾੜਾ ਤੋਂ ਜਾਗੀਰਾਂ ਜਾਣ ਸਮੇਂ ਰਸਤੇ ਵਿਚ ਉਨ੍ਹਾਂ ਦੇ ਘੋੜੇ ਦੇ ਬੀਮਾਰ ਹੋ ਜਾਣ ਕਾਰਨ ਗੁਰੂ ਸਾਹਿਬ ਇੱਥੇ ਠਹਿਰੇ ਸਨ। ਇੱਥੇ ਹੀ ਆਪ ਜੀ ਨੇ ਆਪਣੇ ਘੋੜੇ ਦੀ ਮੌਤ ਉਪਰੰਤ ਉਸ ਨੂੰ ਦਫਨਾਇਆ ਸੀ।

**੬. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਹੇਹਰ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਪਿੰਡ ਹੇਹਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਆਪਣੇ ਸਿੱਖ ਭਾਈ ਹਮੀਰਾ

ਦੀ ਪਿਆਰ ਭਰੀ ਬੇਨਤੀ ਉਪਰੰਤ ਆਏ ਸਨ।

**੭. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਹਾਥਰ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਜਗਰਾਉਂ ਨੇੜੇ ਪਿੰਡ ਹਾਥਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਤਿਹਾਸਿਕ ਗੁਰਦੁਆਰਾ 'ਗੁਰਦੁਆਰਾ ਛੇਵੀਂ ਪਾਤਸ਼ਾਹੀ' ਸੁਸ਼ੋਭਿਤ ਹੈ।

**੮. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਦੇਗਸਰ ਸਾਹਿਬ ਕਟਾਣਾ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕਟਾਣਾ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਤਿਹਾਸਿਕ ਗੁਰਦੁਆਰਾ ਸਾਹਿਬ 'ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਦਸਵੀਂ' ਸੁਸ਼ੋਭਿਤ ਹੈ। ਇਹ ਗੁਰਦੁਆਰਾ ਸਾਹਿਬ 'ਦੇਗਸਰ ਸਾਹਿਬ, ਕਟਾਣਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ।

**੯. ਗੁਰਦੁਆਰਾ ਸਾਹਿਬ ਗੁਰੂਸਰ/ਭੋਰਾ ਸਾਹਿਬ (ਕਾਉਂਕੇ) ਲੁਧਿਆਣਾ:** ਲੁਧਿਆਣਾ ਦੇ ਪਿੰਡ 'ਕਾਉਂਕੇ' ਜੋ ਜਗਰਾਉਂ ਤੋਂ ੭ ਕਿਲੋਮੀਟਰ ਦੀ ਦੂਰੀ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਤਿਹਾਸਿਕ 'ਗੁਰਦੁਆਰਾ ਸਾਹਿਬ ਗੁਰੂਸਰ' ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਨੂੰ 'ਗੁਰਦੁਆਰਾ ਭੋਰਾ ਸਾਹਿਬ' ਵੀ ਆਖਿਆ ਜਾਂਦਾ ਹੈ।

**੧੦. ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ, ਕਿਲ੍ਹਾ ਰਾਏਪੁਰ (ਲੁਧਿਆਣਾ):** ਜ਼ਿਲ੍ਹਾ ਲੁਧਿਆਣੇ ਦੇ ਕਿਲ੍ਹਾ ਰਾਏਪੁਰ ਕਸਬੇ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਇਤਿਹਾਸਿਕ ਗੁਰਦੁਆਰਾ 'ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਢਿੱਲੋਂ ਤੋਂ ਗੁੱਜਰਵਾਲ ਜਾਣ ਸਮੇਂ ਇੱਥੇ ਠਹਿਰੇ ਸਨ।

**੧੧. ਗੁਰਦੁਆਰਾ ਮੰਜੀ ਸਾਹਿਬ, ਕੈਲੇ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕੈਲੇ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਮਦ ਦੀ ਯਾਦ ਵਿਚ 'ਗੁਰਦੁਆਰਾ ਮੰਜੀ ਸਾਹਿਬ' ਸੁਸ਼ੋਭਿਤ ਹੈ।

**੧੨. ਗੁਰਦੁਆਰਾ ਮੰਜੀ ਸਾਹਿਬ, ਖੰਡੂਰ (ਲੁਧਿਆਣਾ):** ਲੁਧਿਆਣੇ ਦੇ ਪਿੰਡ ਖੰਡੂਰ ਜੋ ਮੁੱਲਾਂਪੁਰ-ਦਾਖਾ ਤੋਂ ਦਸ ਕਿਲੋਮੀਟਰ ਦੂਰ ਹੈ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ।

**੧੩. ਗੁਰਦੁਆਰਾ ਗੁਰੂਸਰ ਮੰਜੀ ਸਾਹਿਬ, ਪਾਤਸ਼ਾਹੀ ਛੇਵੀਂ, ਗੁੱਜਰਵਾਲ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦਾ ਪਿੰਡ ਗੁੱਜਰਵਾਲ ਜੋ ਕਿਲ੍ਹਾ ਰਾਏਪੁਰ ਰੇਲਵੇ ਸਟੇਸ਼ਨ ਤੋਂ ਛੇ ਕਿਲੋਮੀਟਰ ਦੂਰ ਹੈ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

ਪਵਿੱਤਰ ਆਮਦ ਦੀ ਯਾਦ ਇਤਿਹਾਸਿਕ ਗੁਰਦੁਆਰਾ 'ਗੁਰਦੁਆਰਾ ਗੁਰੂਸਰ ਮੰਜੀ ਸਾਹਿਬ, ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇੱਥੇ ਹੀ ਗੁਰੂ ਸਾਹਿਬ ਨੇ ਚੌਧਰੀ ਫਤੋਈ ਦੇ ਹੰਕਾਰ ਦਾ ਨਾਸ਼ ਕੀਤਾ ਸੀ।

**੧੪. ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਘੁਲਾਲ (ਲੁਧਿਆਣਾ):** ਲੁਧਿਆਣਾ ਜ਼ਿਲ੍ਹੇ ਦਾ ਪਿੰਡ ਘੁਲਾਲ ਸਮਰਾਲੇ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇੱਥੇ ਗੁਰੂ ਸਾਹਿਬ ਗੁਰੂਸਰ ਮਹਿਰਾਜ (ਬਠਿੰਡਾ) ਦੀ ਲੜਾਈ ਤੋਂ ਬਾਅਦ ਕੀਰਤਪੁਰ ਸਾਹਿਬ ਜਾਂਦੇ ਸਮੇਂ ਠਹਿਰੇ ਸਨ। ਇੱਥੇ ਗੁਰੂ ਜੀ ਨੇ ਪਿੰਡ ਵਾਸੀਆਂ ਦੀ ਬੇਨਤੀ 'ਤੇ ਸ਼ੇਰ ਦਾ ਸ਼ਿਕਾਰ ਕੀਤਾ ਸੀ। ਇਹ ਉਹੀ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋਣ ਉਪਰੰਤ ਸ੍ਰੀ ਅੰਮ੍ਰਿਤਸਰ ਨੂੰ ਜਾਂਦੇ ਸਮੇਂ ਠਹਿਰੇ ਸਨ।

**੧੫. ਗੁਰਦੁਆਰਾ ਚੋਲਾ ਸਾਹਿਬ ਪਾਤਸ਼ਾਹੀ ਛੇਵੀਂ, ਘੁੜਾਣੀ ਕਲਾਂ (ਲੁਧਿਆਣਾ):** ਜ਼ਿਲ੍ਹਾ ਲੁਧਿਆਣੇ ਦੇ ਪਿੰਡ ਘੁੜਾਣੀ ਕਲਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਦੋ ਇਤਿਹਾਸਿਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ। ਪਹਿਲਾ ਸਥਾਨ ਗੁਰਦੁਆਰਾ ਚੋਲਾ ਸਾਹਿਬ ਪਾਤਸ਼ਾਹੀ ਛੇਵੀਂ ਹੈ। ਇਸ ਅਸਥਾਨ 'ਤੇ ਗੁਰੂ ਸਾਹਿਬ ਦੇ ਮਸੰਦ ਭਾਈ ਸੂਰਤੀਏ ਦਾ ਘਰ ਹੁੰਦਾ ਸੀ। ਇੱਥੇ ਹੀ ਗੁਰੂ ਸਾਹਿਬ ਨੇ ਆਪਣੀ ਪ੍ਰਚਾਰ ਫੇਰੀ ਦੌਰਾਨ ਠਹਿਰਾਵ ਕੀਤਾ ਸੀ। ਇਸ ਅਸਥਾਨ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਉਹ ਪਵਿੱਤਰ ਚੋਲਾ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਪਹਿਨ ਕੇ ਗੁਰੂ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ 'ਚੋਂ ੫੨ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ, ਮੌਜੂਦ ਹੈ। ਇਸੇ ਕਰਕੇ ਗੁਰਦੁਆਰਾ ਸਾਹਿਬ ਦਾ ਨਾਂ ਚੋਲਾ ਸਾਹਿਬ ਪਾਤਸ਼ਾਹੀ ਛੇਵੀਂ ਪੈ ਗਿਆ। ਇੱਥੇ ਗੁਰੂ ਸਾਹਿਬ ਜੀ ਦੀਆਂ ਕੁਝ ਹੋਰ ਪਵਿੱਤਰ ਵਸਤਾਂ ਵੀ ਸਾਂਭੀਆਂ ਗਈਆਂ ਹਨ।

**੧੬. ਗੁਰਦੁਆਰਾ ਸਾਹਿਬ ਨਿੰਮਸਰ ਪਾਤਸ਼ਾਹੀ ਛੇਵੀਂ, ਘੁੜਾਣੀ ਕਲਾਂ (ਲੁਧਿਆਣਾ):** ਗੁਰਦੁਆਰਾ ਨਿੰਮਸਰ ਸਾਹਿਬ ਪਿੰਡ ਦੇ ਬਾਹਰਵਾਰ ਸਥਿਤ ਹੈ। ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ਼ਨਾਨ ਕਰਨ ਉਪਰੰਤ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਹੁੰਦੇ ਸਨ। ਇੱਥੇ ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਇਕ ਨਿੰਮ ਦਾ ਦਰੱਖਤ ਅੱਜ ਵੀ ਮੌਜੂਦ ਹੈ।

**੧੭. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਚਕਰ:** ਜ਼ਿਲ੍ਹਾ ਲੁਧਿਆਣਾ ਵਿਚ ਜਗਰਾਉਂ ਤੋਂ ੧੭ ਕਿਲੋਮੀਟਰ ਦੂਰ ਪਿੰਡ ਚਕਰ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਆਮਦ ਦੀ ਯਾਦ

ਵਿਚ ਗੁਰਦੁਆਰਾ ਸਾਹਿਬ 'ਗੁਰੂਸਰ ਪਾਤਸ਼ਾਹੀ ਛੇਵੀਂ ਅਤੇ ਦਸਵੀਂ' ਸੁਸ਼ੋਭਿਤ ਹੈ।

**੧੮. ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਜਗੇੜਾ (ਲੁਧਿਆਣਾ):** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜਗੇੜਾ ਜੋ ਅਹਿਮਦਗੜ੍ਹ ਤੋਂ ਚਾਰ ਕਿਲੋਮੀਟਰ ਦੂਰ ਹੈ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ।

**੧੯. ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਜਰਗ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਨਗਰ ਖੰਨੇ ਤੋਂ ੧੯ ਕਿਲੋਮੀਟਰ ਦੂਰ ਪਿੰਡ ਜਰਗ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਮਦ ਦੀ ਯਾਦਗਰ ਵਜੋਂ 'ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ' ਸੁਸ਼ੋਭਿਤ ਹੈ।

**੨੦. ਗੁਰਦੁਆਰਾ ਹਰਿਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ, ਜੰਡਾਲੀ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜੰਡਾਲੀ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ।

**੨੧. ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ, ਡੇਹਲੋਂ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਵਿਚ ਕਿਲ੍ਹਾ ਰਾਇਪੁਰ ਤੋਂ ਤਿੰਨ ਕਿਲੋਮੀਟਰ ਦੂਰ ਪਿੰਡ ਡੇਹਲੋਂ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ 'ਜਗੇੜੇ' ਤੋਂ 'ਗੁੱਜਰਵਾਲ' ਜਾਂਦੇ ਸਮੇਂ ਇੱਥੇ ਠਹਿਰੇ ਸਨ।

**੨੨. ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ, ਡੋਗਰੀ (ਲੁਧਿਆਣਾ):** ਲੁਧਿਆਣਾ ਦੇ ਪਿੰਡ ਡੋਗਰੀ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ 'ਗੁਰਦੁਆਰਾ ਦਮਦਮਾ ਸਾਹਿਬ' ਸੁਸ਼ੋਭਿਤ ਹੈ।

**੨੩. ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ, ਦੋਰਾਹਾ (ਲੁਧਿਆਣਾ):** ਜ਼ਿਲ੍ਹਾ ਲੁਧਿਆਣਾ ਦੇ ਨਗਰ 'ਦੋਰਾਹਾ' ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਗਵਾਲੀਅਰ ਕਿਲ੍ਹੇ ਦੀ ਰਿਹਾਈ ਉਪਰੰਤ, ਇਕ ਰਾਤ ਇਸ ਪਿੰਡ ਠਹਿਰੇ ਸਨ।

**੨੪. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਧਮੋਟ (ਲੁਧਿਆਣਾ):** ਲੁਧਿਆਣਾ ਦੇ ਨਗਰ ਪਾਇਲ ਤੋਂ ੫ ਕਿਲੋਮੀਟਰ ਦੂਰ ਪਿੰਡ ਧਮੋਟ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇੱਥੇ ਗੁਰੂ ਜੀ ਨੇ

ਮੇਹਰੂ ਨਾਂ ਦੇ ਕੋਹੜੀ ਨੂੰ ਤੰਦਰੁਸਤ ਕੀਤਾ ਸੀ।

**੨੫. ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਬਿਰਕ (ਲੁਧਿਆਣਾ):** ਜਗਰਾਉਂ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਬਿਰਕ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇੱਥੇ ਗੁਰੂ ਜੀ ਸਿਧਵਾਂ ਕਲਾਂ ਤੋਂ ਆਉਂਦੇ ਹੋਏ ਵਿਸ਼ਰਾਮ ਲਈ ਰੁਕੇ ਸਨ।

**੨੬. ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ, ਰਕ੍ਬਾ:** ਜਗਰਾਉਂ ਤੋਂ ੧੮ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਰਕ੍ਬਾ ਹੈ। ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਇਆਲੀ ਕਲਾਂ ਤੋਂ ਦਾਖਾ ਹੁੰਦੇ ਹੋਏ ਇੱਥੇ ਪਹੁੰਚੇ ਸਨ।

**੨੭. ਗੁਰਦੁਆਰਾ ਥੜ੍ਹਾ ਸਾਹਿਬ, ਰਾੜਾ (ਦੋਰਾਹਾ) ਲੁਧਿਆਣਾ:** ਦੋਰਾਹੇ ਤੋਂ ੧੬ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਰਾੜਾ ਸਥਿਤ ਹੈ। ਇਸ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਘੁੜਾਣੀ ਤੋਂ ਵਾਪਸੀ ਉਪਰੰਤ ਵਿਸ਼ਰਾਮ ਲਈ ਇਕ ਬੋਹੜ ਦੇ ਦਰੱਖਤ ਥੱਲੇ ਠਹਿਰੇ ਸਨ।

**੨੮. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਰੌਣੀ (ਲੁਧਿਆਣਾ):** ਖੰਨੇ ਤੋਂ ੨੨ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਰੌਣੀ ਹੈ। ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ।

**੨੯. ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਲਿੱਤਰ (ਲੁਧਿਆਣਾ):** ਰਾਏਕੋਟ ਤੋਂ ੮ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਲਿੱਤਰ ਹੈ। ਇਸ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਇਹ ਗੁਰਦੁਆਰਾ 'ਕਰੀਰ ਸਾਹਿਬ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

**੩੦. ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੰਦੀਛੋੜ, ਲੰਮੇ ਜੱਟਪੁਰਾ:** ਰਾਏਕੋਟ ਤੋਂ ੧੪ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਲੰਮੇ ਜੱਟਪੁਰਾ ਹੈ। ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਬੰਦੀਛੋੜ' ਸੁਸ਼ੋਭਿਤ ਹੈ।

ਚਲਦਾ...

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ*

# ਧਰਮ ਗ੍ਰਿਹਸਤ ਕੋ ਦਾਨ ਗਹੀਰ

*-ਸ. ਬਲਵਿੰਦਰ ਸਿੰਘ ਜੌੜਾਸਿੰਘਾ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਧਰਮ ਦੀ ਨੀਂਹ ਰੱਖੀ ਸੀ। ਇਸ ਵਰਸੋਏ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਅਪਰੰਪਰ ਰੂਪ ਧਾਰਨ ਕਰ ਕੇ ਸੰਸਾਰ ਵਿਚ ਵਿਚਰੇ। ਭੱਟ ਕਲ੍ਯ ਜੀ ਇਸ ਤਰ੍ਹਾਂ ਵਡਿਆਈ ਕਰਦੇ ਹਨ:

*ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ॥*
*ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ॥੩॥* *(ਪੰਨਾ ੧੪੦੭)*

ਨਿਰੰਕਾਰ ਰੂਪ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸੰਗਤਾਂ ਪਾਤਸ਼ਾਹ ਜੀ ਤੋਂ ਮੂੰਹੋਂ ਮੰਗੀਆਂ ਮੁਰਾਦਾਂ ਪਾ ਰਹੀਆਂ ਸਨ ਅਤੇ ਸ਼ਰਧਾ ਪ੍ਰੇਮ ਨਾਲ ਸਤਿਗੁਰੂ ਜੀ ਦੀ ਮਹਿਮਾ ਦਾ ਗਾਇਨ ਕਰ ਰਹੀਆਂ ਸਨ। ਭਾਈ ਪੈੜਾ ਜੀ ਤੇ ਭਾਈ ਦੁਰਗਾ ਜੀ ਸਤਿਗੁਰੂ ਜੀ ਦੇ ਹਜ਼ੂਰ ਆਏ। ਉਨ੍ਹਾਂ ਪਾਤਸ਼ਾਹ ਅੱਗੇ ਸੀਸ ਨਿਵਾਇਆ ਤੇ ਮੁਕਤੀ ਦੇ ਦਾਤੇ ਦੇ ਸਨਮੁਖ ਅਰਜ਼ ਕੀਤੀ 'ਹੇ ਸਤਿਗੁਰੂ ਜੀ! ਸਾਡੀ ਮੁਕਤੀ ਕਰੋ, ਅਸੀਂ ਸੁਣਿਆ ਹੈ ਕਿ ਹਜ਼ਾਰਾਂ ਲੋਕਾਂ ਨੇ ਸੇਵਾ ਕਮਾ ਕੇ ਮੁਕਤੀ ਪ੍ਰਾਪਤ ਕੀਤੀ ਹੈ। ਸਾਨੂੰ ਵੀ ਆਪਣੇ ਬਚਨਾਂ ਰਾਹੀਂ ਐਸਾ ਉਪਦੇਸ਼ ਕਰੋ ਜਿਸ ਨਾਲ ਸਾਡੇ ਦੁੱਖ ਮਿਟ ਜਾਣ:

*ਬੈਠੇ ਸਨਮੁਖ ਅਰਜ਼ ਗੁਜ਼ਾਰੀ। ਕਰਹੁ ਪ੍ਰਭੂ ਕੱਲਯਾਨ ਹਮਾਰੀ।*
*ਸਿੱਖ ਹਜ਼ਾਰੋ ਸੇਵ ਕਮਾਈ। ਹਮਨੇ ਸੁਨੀ ਪਰਮਗਤਿ ਪਾਈ॥੨੨॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਤੀਜੀ, ਅੰਸੂ ੫੨)*

ਮਿਹਰਾਂ ਦੇ ਸਾਈਂ ਪਾਤਸ਼ਾਹ ਜੀ ਨੇ ਭਾਈ ਪੈੜਾ ਜੀ ਤੇ ਭਾਈ ਦੁਰਗਾ ਜੀ ਦੀ ਸ਼ਰਧਾ 'ਤੇ ਦ੍ਰਿੜ੍ਹ ਹਿਰਦਾ ਜਾਣ ਕੇ ਉਪਦੇਸ਼ ਕਰਦਿਆਂ ਬਚਨ ਕੀਤਾ 'ਹੇ ਭਾਈ! ਜਿਨ੍ਹਾਂ ਨੇ ਪਿੱਛੇ ਦਾਨ ਕੀਤਾ ਹੈ ਉਸ ਦਾ ਫਲ ਹੁਣ ਪਾਇਆ ਹੈ। ਜੋ ਹੁਣ ਦਾਨ ਕਰੋਗੇ ਉਸ ਦਾ ਫਲ ਅੱਗੋਂ ਪ੍ਰਾਪਤ ਕਰੋਗੇ। ਜੋ ਤੁਹਾਡੇ ਕੋਲ ਵਰਤਣ ਲਈ ਹੈ, ਆਪਣੇ ਖਾਣ ਤੋਂ ਇਲਾਵਾ ਜੋ ਵੀ ਵਧੇ ਉਸ ਦਾ ਦਾਨ-ਪੁੰਨ ਕਰਨਾ ਹੈ, ਧਰਮ ਦੀ ਕਿਰਤ ਕਰਨੀ ਹੈ। ਘਰ ਆਏ ਲੋੜਵੰਦ ਨੂੰ ਪਿਆਰ ਨਾਲ ਭੋਜਨ ਛਕਾਉਣਾ ਹੈ। ਭੋਜਨ ਛਕਾਉਂਦਿਆਂ ਮਨ ਵਿਚ ਹੰਕਾਰ ਨਹੀਂ ਲਿਆਉਣਾ ਤੇ ਨਿਮਰਤਾ ਨਾਲ ਇਹੀ ਕਹਿਣਾ ਹੇ ਪ੍ਰਭੂ ਜੀ ਇਹ ਭੋਜਨ ਵੀ ਤੁਹਾਡਾ ਹੀ ਦਿੱਤਾ ਹੋਇਆ ਹੈ। ਇਹ ਸਮਝਣਾ ਅਤੇ ਇਹ ਸ਼ਰਧਾ

** ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੯-੯੮੨੧੨*

ਮਨ ਵਿਚ ਲਿਆਉਣੀ ਕਿ ਇਹ ਪ੍ਰਸ਼ਾਦਾ ਸਤਿਗੁਰੂ ਜੀ ਨੇ ਆਪ ਛਕਿਆ ਹੈ:

*ਤਬਿ ਸਤਿਗੁਰ ਕੋ ਧਾਰਹਿ ਧਯਾਨ। ਬਿਨੈ ਬਖਾਨਹਿ ਬਨਿ ਬਿਨ ਮਾਨ।*
*ਕਰ ਜੋਰੈ ਉਰ ਮਹਿਂ ਇਮ ਕਹੈ। ਇਹ ਪ੍ਰਸਾਦਿ ਪ੍ਰਭੁ ਤੇਰੋ ਅਹੈ॥੩੨॥*
*ਸਭਿ ਸਿੱਖਨਕੋ ਬੰਦਨ ਕਰੈ। ਅਚਯੋ ਗੁਰਨਿ-ਇਮ ਸ਼ਰਧਾ ਧਰੈ...।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਤੀਜੀ, ਅੰਸੂ ੫੨)*

ਲੋੜਵੰਦਾਂ ਨੂੰ ਕੱਪੜੇ ਬਣਾ ਕੇ ਦੇਣੇ ਹਨ। ਠੰਢ ਦਾ ਮੌਸਮ ਹੋਵੇ ਤਾਂ ਰਜਾਈ ਕੰਬਲ ਦੇਣਾ ਹੈ। ਗ੍ਰਿਹਸਤੀ ਲੋਕਾਂ ਵਿਚ ਇਹ ਦਾਨ ਸਭ ਤੋਂ ਉੱਤਮ ਹੈ। ਫਿਰ ਪਾਤਸ਼ਾਹ ਨੇ ਹੋਰ ਕਿਹਾ 'ਜੋ ਆਪਣਾ ਸਰੀਰ ਪੁੰਨ-ਦਾਨ ਲਈ ਬਣਾ ਲੈਂਦਾ ਹੈ ਅਤੇ ਖਲਕਤ ਦੀ ਸੇਵਾ ਕਰਦਾ ਹੈ, ਉਹ ਗੰਗਾ ਜਲ ਦੀ ਤਰ੍ਹਾਂ ਪਵਿੱਤਰ ਹੋ ਜਾਂਦਾ ਹੈ। ਗ੍ਰਿਹਸਤ ਵਿਚ ਰਹਿ ਕੇ ਦਾਨ ਕਰਨਾ ਹੀ ਵੱਡਾ ਧਰਮ ਹੈ।

*ਕਰਨਿ ਦਾਨ ਇਸ ਬਿਧਿ ਕੇ ਦੋਇ। ਸਰਬ ਕਰੈ ਇਹ ਅਤਿ ਹਿਤ ਹੋਇ।*
*ਜਥਾ ਸ਼ਕਤਿ ਇਹ ਸਭਿ ਕੇ ਜੋਗ। ਗ੍ਰਿਹਸਤ ਧਰਮ ਧਾਰਯੋ ਜਿਸ ਲੋਗ॥੩੬॥*
*ਬਚਨ ਕਹਯੋ ਸ੍ਰੀ ਨਾਨਕ ਧੀਰ। ਪੁੰਨ ਦਾਨ ਕਾ ਕਰੈ ਸਰੀਰ।*
*ਸੋ ਗਿਰਹੀ ਗੰਗਾ ਕਾ ਨੀਰ। ਧਰਮ ਗ੍ਰਿਹਸਤ ਕੋ ਦਾਨ ਗਹੀਰ॥੩੭॥*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਤੀਜੀ ਅੰਸੂ ੫੨)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ ਹੱਥੀਂ ਧਰਮ ਦੀ ਕਿਰਤ ਕਰਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਉਪਦੇਸ਼ ਹੋਇਆ ਹੈ। ਜਿਵੇਂ ਕਿ ਗੁਰਬਾਣੀ ਅੰਦਰ ਫੁਰਮਾਨ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥*

*(ਪੰਨਾ ੧੨੪੫)*

ਸਤਿਗੁਰਾਂ ਦਾ ਉਪਦੇਸ਼ ਪਾ ਕੇ ਭਾਈ ਪੈੜਾ ਜੀ ਤੇ ਭਾਈ ਦੁਰਗਾ ਜੀ ਆਪਣੇ ਨਗਰ ਆ ਗਏ ਤੇ ਸਤਿਗੁਰੂ ਜੀ ਦੇ ਹੁਕਮ ਨੂੰ ਕਮਾਉਣ ਲੱਗੇ। ਘਰ ਆਏ ਸਿੱਖ ਦੀ ਬੜੇ ਪਿਆਰ ਤੇ ਸ਼ਰਧਾ ਨਾਲ ਸੇਵਾ ਕਰਦੇ ਸਨ। ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਘਰ ਦੀ ਆਮਦਨ ਘਟਦੀ ਗਈ ਤੇ ਖਰਚ ਵਧਦਾ ਗਿਆ। ਪਰ ਗੁਰੂ ਹੁਕਮ ਨੂੰ ਕਮਾਉਂਦਿਆਂ ਉਹ ਕਰਜ਼ਾ ਲੈ ਕੇ ਵੀ ਸੰਗਤ ਦੀ ਸੇਵਾ ਕਰਦੇ ਰਹੇ। ਕਰਨੀ ਰੱਬ ਦੀ ਇਕ ਸਮੇਂ ਬਹੁਤ ਸਾਰੀ ਸੰਗਤ ਆ ਗਈ ਤੇ ਉਨ੍ਹਾਂ ਨੇ ਆਪਣੀਆਂ ਔਰਤਾਂ ਦੇ ਗਹਿਣੇ-ਗੱਟੇ ਵੇਚ ਕੇ ਭੋਜਨ ਛਕਾਇਆ ਪਰ ਧੀਰਜ ਨਾ ਛੱਡੀ। ਅਗਲੇ ਦਿਨ ਜਦੋਂ ਉਹ ਬਾਹਰ ਖੇਤਾਂ ਵਿਚ ਗਏ ਤਾਂ ਉਨ੍ਹਾਂ ਨੂੰ ਕੋਈ ਚੀਜ਼ ਦਿਸੀ। ਕੌਤਕ ਰੱਬ ਦਾ ਜਦੋਂ ਹੱਥਾਂ ਨਾਲ ਜ਼ਮੀਨ ਨੂੰ ਖੋਦਿਆ ਤਾਂ ਉਨ੍ਹਾਂ ਨੂੰ ਸੋਨੇ ਦੀਆਂ ਮੋਹਰਾਂ ਨਾਲ ਭਰਿਆਂ ਇਕ ਦੇਗਚਾ ਮਿਲਿਆ। ਉਨ੍ਹਾਂ ਨੇ ਉਹ ਘਰ ਲੈ ਆਂਦਾ ਤੇ ਫਿਰ ਸਾਰਾ ਕਰਜ਼ ਉਤਾਰ ਲਿਆ। ਔਰਤਾਂ ਦੇ ਗਹਿਣੇ ਵੀ ਬਣਾ ਲਏ ਤੇ ਲੋੜਵੰਦ ਸਿੱਖਾਂ ਦੀ ਮਦਦ ਕਰਕੇ

ਪ੍ਰਸੰਨਤਾ ਵੀ ਪ੍ਰਾਪਤ ਕੀਤੀ। ਉਹ ਗੁਰਬਾਣੀ ਪੜ੍ਹਦੇ ਤੇ ਵਾਹਿਗੁਰੂ ਦੀ ਭਗਤੀ ਵਿਚ ਮਗਨ ਰਹਿੰਦੇ। ਉਨ੍ਹਾਂ ਨੇ ਪਾਤਸ਼ਾਹ ਦੇ ਹਜ਼ੂਰ ਜਾ ਕੇ ਸਾਰਾ ਹਾਲ ਸੁਣਾਇਆ ਤਾਂ ਸਤਿਗੁਰ ਜੀ ਨੇ ਬਚਨ ਕੀਤਾ, 'ਹੇ ਗੁਰਸਿੱਖੋ! ਜੋ ਵਾਹਿਗੁਰੂ ਦੇ ਨਾਂ ਉੱਤੇ ਦਾਨ ਦਿੰਦਾ ਹੈ, ਨਿਰੰਕਾਰ ਉਸ ਨੂੰ ਥੁੜ ਨਹੀਂ ਆਉਣ ਦਿੰਦਾ।' ਇਸ ਤਰ੍ਹਾਂ ਸਤਿਨਾਮੁ ਦਾ ਸਿਮਰਨ ਕਰਦਿਆਂ ਭਾਈ ਪੈੜਾ ਜੀ ਤੇ ਭਾਈ ਦੁਰਗਾ ਜੀ ਨੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਤੇ ਅੰਤ ਸਮੇਂ ਗੁਰੂ ਜੀ ਸਹਾਈ ਹੋਏ:

*ਗੁਰਬਾਣੀ ਪਠਿ ਭਗਤਿ ਕਰੰਤੇ। ਸ਼੍ਰੀ ਅਰਜਨ ਕੋ ਆਇ ਦਿਖੰਤੇ।*
*ਸੁਨਿ ਸਤਿਗੁਰ ਨੇ ਧਨ ਬਿਰਤਾਂਤ। ਬਚਨ ਕਰਯੋ ਜੋ ਬੰਡਤਿ ਖਾਤ॥੪੬॥*
*ਵਾਹਿਗੁਰੂ ਤਿਸ ਥੁੜਨਿ ਨ ਦੇਤਿ। ਸਰਬ ਪਦਾਰਥ ਹੋਤਿ ਨਿਕੇਤ।*
*ਸੱਤਿਨਾਮ ਸਿਮਰਤਿ ਗਤਿ ਪਾਈ। ਅੰਤ ਸਮੈ ਗੁਰ ਭਏ ਸਹਾਈ॥੪੭॥*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਤੀਜੀ, ਅੰਸੂ ੫੨)*

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਰਾਹੀਂ ਭਾਈ ਪੈੜਾ ਜੀ ਅਤੇ ਭਾਈ ਦੁਰਗਾ ਜੀ ਨੂੰ ਵੱਡਾ ਦਾਨੀ ਆਖਦਿਆਂ ਇਸ ਤਰ੍ਹਾਂ ਵਰਣਨ ਕੀਤਾ ਹੈ:

*ਪੁਰੀਆ ਚੂਹੜੁ ਚਉਧਰੀ ਪੈੜਾ ਦਰਗਹ ਦਾਤਾ ਭਾਰਾ।* *(ਵਾਰ ੧੧-੧੮)*

■

---

## ਸ੍ਰੀ ਗੁਰੂ ਗ੍ਰੰਥ ਸਾਹਿਬ : ਟੀਕੇ ਅਤੇ ਅਨੁਵਾਦ *(ਸਫ਼ਾ ੬੫ ਦਾ ਬਾਕੀ ਹਿੱਸਾ)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰਨਾਂ ਭਾਸ਼ਾਵਾਂ ਵਿਚ ਵੀ ਅਨੁਵਾਦ ਮਿਲਦੇ ਹਨ ਜੋ ਕਿ ਅਨੁਵਾਦਕਾਂ ਨੇ ਬਹੁਤ ਮਿਹਨਤ ਉਪਰੰਤ ਪਾਠਕਾਂ ਦੀ ਸੁਵਿਧਾ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੇ ਹਨ। ਸ. ਗੁਰਦੇਵ ਸਿੰਘ ਖਾਲਸਾ ਨੇ ਸਪੇਨਿਸ਼ (Spanish) ਭਾਸ਼ਾ ਵਿਚ, ਬੀਬੀ ਜਸਪਾਲ ਕੌਰ ਨੇ ਥਾਈ (Thai) ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕੀਤਾ ਹੈ। ਦਾਦਾ ਚੇਲਾ ਰਾਮ ਦੇ ਪਰਵਾਰ ਵੱਲੋਂ ਸਿੰਧੀ ਭਾਸ਼ਾ ਵਿਚ ਕੀਤਾ ਅਨੁਵਾਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਛਾਪਿਆ ਗਿਆ ਹੈ । ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੂਜੀਆਂ ਭਾਸ਼ਾਵਾਂ ਵਿਚ ਸਮਝਣ ਲਈ ਸ਼ਬਦਾਰਥ ਵੀ ਮਿਲ ਜਾਂਦੇ ਹਨ। ਹਿੰਦੀ ਭਾਸ਼ਾ ਵਿਚ ਬੀਬੀ ਗੁਰਦੇਵ ਕੌਰ ਅਤੇ ਸ. ਗੁਰਚਰਨ ਸਿੰਘ (ਅਨੰਦ) ਦੁਆਰਾ ਤਿਆਰ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲਿਪੀਅੰਤਰਣ ਸਹਿਤ ਇਕ ਸ਼ਬਦਾਰਥ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਛਾਪਿਆ ਗਿਆ ਹੈ। ਸ. ਕ੍ਰਿਪਾਲ ਸਿੰਘ (ਪੰਨੂ) ਨੇ ਉਰਦੂ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲਿਪੀਅੰਤਰਣ ਤਿਆਰ ਕੀਤਾ ਹੈ ਜੋ ਕਿ ਇੰਟਰਨੈਟ 'ਤੇ ਵੇਖਿਆ ਜਾ ਸਕਦਾ ਹੈ।

**ਸਮਾਪਤ** ■

*ਗਾਗਰ 'ਚ ਸਾਗਰ-੧੦*

# ਗਿਆਨ ਪ੍ਰਾਪਤੀ ਦਾ ਭੇਦ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਸੁਖੀ, ਬਿਖਾਧੀ ਆਲਸੀ, ਕੁਮਤਿ, ਰਸਿਕ, ਬਹੁ ਸੋਇ।*
*ਤਿਹ ਅਧਿਕਾਰ ਨ ਸ਼ਾਸਤ੍ਰ ਕੋ, ਖਟ ਦੋਖੀ ਜਨ ਜੋਇ।*

*(ਸਾਰੁਕਤਾਵਲੀ)*

ਜੀਵਨ ਵਿਚ ਕੋਈ ਵੀ ਕਾਰਜ ਕਰਨ ਵਾਸਤੇ ਕੁਝ ਨਿਯਮ ਜਾਂ ਅਸੂਲ ਹਨ। ਜਿਹੜਾ ਮਨੁੱਖ ਉਨ੍ਹਾਂ ਦੀ ਪਾਲਣਾ ਕਰਦਾ ਹੈ ਜਾਂ ਨਿਯਮਾਂ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ, ਉਹ ਆਪਣੇ ਲਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ। ਬਹੁਗਿਣਤੀ ਲੋਕਾਂ ਦੀ ਸਫਲਤਾ ਦਾ ਕਾਰਨ ਸਹਿਜ ਰੂਪ ਵਿਚ ਇਹੀ ਹੁੰਦਾ ਹੈ। ਦੂਜੇ ਪਾਸੇ ਅਸਫਲ ਆਦਮੀਆਂ ਦੇ ਬਚਾਉ ਲਈ ਕੁਝ ਓਟ-ਆਸਰਾ ਹੈ ਕਿ ਉਹ ਆਪਣੇ ਸਿਰ ਉਲਾਂਭਾ ਲੈਣ ਨਾਲੋਂ ਕਿਸਮਤ ਜਾਂ ਮੱਥੇ ਦੇ ਕਰਮ ਕਹਿ ਕੇ ਨਾ-ਮੁਸ਼ੱਕਤੀ ਹੋਣ ਦਾ ਬੋਝ ਲਾਹ ਲੈਂਦੇ ਹਨ। ਸਧਾਰਨ ਮਨੁੱਖ ਪਾਸ ਇਸ ਤੋਂ ਵੱਡਾ ਹੋਰ ਦਿਲਾਸਾ ਵੀ ਕੋਈ ਨਹੀਂ ਕਿ ਉਹ ਆਪਣੀਆਂ ਕਮੀਆਂ ਤੇ ਕਮਜ਼ੋਰੀਆਂ ਉੱਪਰ ਕਿਹੜਾ ਪਰਦਾ ਪਾਵੇ?

ਉਪਰੋਕਤ ਪੰਕਤੀਆਂ ਹਰਦਿਆਲ ਜੀ ਦੀਆਂ 'ਸਾਰੁਕਤਾਵਲੀ' ਗ੍ਰੰਥ ਵਿਚ ਹਨ। ਇਹ ਗਿਆਨ ਪ੍ਰਾਪਤੀ ਵਿਚ ਮੁਹਾਰਤ ਹਾਸਲ ਕਰਨ ਦੀ ਚਾਹਤ ਰੱਖਣ ਵਾਲੇ ਖੋਜਾਰਥੀਆਂ ਲਈ ਹਨ। ਇਸ ਨੂੰ ਗਿਆਨ ਪ੍ਰਾਪਤੀ ਦਾ ਭੇਦ ਕਿਹਾ ਜਾ ਸਕਦਾ ਹੈ ਕਿ ਜੇਕਰ ਕਿਸੇ ਮਨੁੱਖ ਵਿਚ ਇਹ ਖਟ ਦੋਖ (ਛੇ ਦੋਸ਼) ਹਨ ਤਾਂ ਉਹ ਕੋਈ ਉੱਚ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਪਹਿਲਾ ਦੋਸ਼ 'ਸੁਖੀ' (ਸੁਖ ਰਹਿਣਾ) ਕਦੇ ਸਖ਼ਤ ਮਿਹਨਤ ਨਹੀਂ ਕਰ ਸਕਦਾ। ਦੂਜਾ 'ਬਿਖਾਧੀ' (ਝਗੜਾਲੂ) ਵੀ ਇਸ ਗਿਆਨ ਪ੍ਰਾਪਤੀ ਤੋਂ ਵਿਰਵਾ ਰਹਿ ਜਾਂਦਾ ਹੈ। ਤੀਜਾ ਦੋਸ਼ 'ਆਲਸ' ਹੈ ਕਿਉਂਕਿ ਆਲਸੀ ਤੇ ਸੁਸਤ ਕਿਸੇ ਮੰਜ਼ਲ 'ਤੇ ਨਹੀਂ ਪਹੁੰਚਦਾ। ਚੌਥਾ ਦੋਸ਼ 'ਕੁਮਤਿ' (ਨਿੰਦਤ ਬੁੱਧ) ਹੈ, ਭਾਵ ਮੋਟੀ ਬੁੱਧੀ ਵਾਲਾ ਕੋਈ ਛੋਟਾ-ਮੋਟਾ ਕੰਮ ਤਾਂ ਕਰ ਸਕਦਾ ਹੈ, ਪਰ ਵਿੱਦਿਆ ਉਹਦੇ ਵੱਸੋਂ ਬਾਹਰੀ ਗੱਲ ਹੈ। ਪੰਜਵਾਂ ਦੋਸ਼ 'ਰਸਿਕ' (ਜੀਭ ਦਾ ਰਸੀਆ) ਹੈ ਜੋ ਹਰ ਵੇਲੇ ਜੀਭ ਰਸ ਲਈ ਭੱਜਦਾ, ਉਹ ਇਕਾਗਰ ਚਿੱਤ ਹੋ ਕੇ ਮਿਹਨਤ ਨਹੀਂ ਕਰ ਸਕਦਾ। ਛੇਵਾਂ ਦੋਸ਼ 'ਬਹੁ ਸੋਇ' (ਬਹੁਤਾ ਸੌਣ ਵਾਲਾ) ਭਾਵ ਬਹੁਤਾ ਸੌਣਾ ਵੀ ਇਕ ਦੋਸ਼ ਹੈ ਤੇ ਸੋਤੜ ਬੰਦਾ ਜੋ ਸਮੇਂ ਸਿਰ ਜਾਗ ਨਹੀਂ ਸਕਦਾ,ਉਹ ਵੀ ਗਿਆਨ ਤੋਂ ਵਾਂਝਾ ਰਹਿ ਜਾਂਦਾ ਹੈ। ਤੱਤਸਾਰ ਵਜੋਂ ਗਿਆਨ ਦੇ ਖੇਤਰ ਵਿਚ ਕੁੱਦਣ ਵਾਲੇ ਹਰ ਸਿੱਖਿਆਰਥੀ ਲਈ ਇਨ੍ਹਾਂ ਛੇ ਦੋਸ਼ਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ■

** ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: ੯੮੧੫੯-੮੫੫੫੯*

*ਪੁਸਤਕ ਰੀਵਿਊ :*

# ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ

ਪੁਸਤਕ : ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ ਸਫ਼ੇ: ੪੦੮
ਸੰਪਾਦਕ : ਡਾ. ਕਿਰਪਾਲ ਸਿੰਘ ਕੀਮਤ : ੯੦ ਰੁਪਏ
ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਡਾ. ਕਿਰਪਾਲ ਸਿੰਘ ਦੁਆਰਾ ਸੰਪਾਦਿਤ 'ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ' ਮਹਾਂਕਵੀ ਭਾਈ ਸੰਤੋਖ ਸਿੰਘ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਅੰਕਿਤ ਕਾਵਿ-ਬਿਰਤਾਂਤ ਦੀ ਵਿਆਖਿਆ ਹੈ। ਭਾਈ ਸਾਹਿਬ ਜੀ ਦੁਆਰਾ ਰਚਿਤ 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸਿੱਖ ਇਤਿਹਾਸ ਦੇ ਮਹੱਤਵਪੂਰਨ ਇਤਿਹਾਸਿਕ ਸਰੋਤ ਹਨ। ਇਹ ਸਾਡਾ ਮਹਾਨ ਸਰਮਾਇਆ ਹਨ। ਇਨ੍ਹਾਂ ਗ੍ਰੰਥਾਂ ਦੀ ਕਥਾ-ਵਿਆਖਿਆ ਗੁਰਦੁਆਰਿਆਂ ਵਿਚ ਕਰਨ ਦੀ ਪੁਰਾਣੀ ਪਰੰਪਰਾ ਹੈ ਜੋ ਅੱਜ ਵੀ ਜਾਰੀ ਹੈ। ਇਨ੍ਹਾਂ ਗ੍ਰੰਥਾਂ ਦੀ ਭਾਸ਼ਾ ਸਧਾਰਨ ਪੰਜਾਬੀ ਨਹੀਂ, ਇਨ੍ਹਾਂ ਵਿਚ ਪੇਸ਼ ਇਤਿਹਾਸ, ਵਿਸ਼ਵਾਸ, ਰਹਿਣੀ, ਰੀਤੀ-ਰਵਾਇਤਾਂ ਆਦਿ ਵਿਚ ਵੀ ਕਿਤੇ-ਕਿਤੇ ਕਈ ਮਿਥਿਹਾਸਕ ਪ੍ਰਭਾਵ ਹਨ। ਥਾਵਾਂ 'ਤੇ ਤੱਥਾਂ/ਤਿਥਾਂ ਅਤੇ ਵੇਰਵਿਆਂ ਬਾਰੇ ਵੀ ਨਵੀਂ ਇਤਿਹਾਸਿਕ ਖੋਜ ਅਨੁਸਾਰ ਭੁਲੇਖੇ ਹਨ। ਕਿਤੇ-ਕਿਤੇ ਕਵੀ ਦੇ ਨਿੱਜ ਜਾਂ ਕਾਵਿਕ ਕਲਪਨਾ ਕਾਰਨ ਵੀ ਭਰਮ-ਭੁਲੇਖੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਹਨ। ਇਸ ਲਈ ਇਨ੍ਹਾਂ ਸਰੋਤ ਗ੍ਰੰਥਾਂ ਦਾ ਬਾਰੀਕੀ ਨਾਲ ਅਧਿਐਨ ਕਰਨ ਉਪਰੰਤ ਇਨ੍ਹਾਂ ਦੇ ਸੰਪਾਦਨ ਤੇ ਵਿਆਖਿਆ ਦੀ ਜ਼ਰੂਰਤ ਸੀ ਤਾਂ ਜੋ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਤਾਂ ਉਠਾਇਆ ਜਾ ਸਕੇ ਪਰੰਤੂ ਇਨ੍ਹਾਂ ਦੇ ਆਧਾਰ ਉੱਤੇ ਸਿੱਖ ਸਿਧਾਂਤ ਅਤੇ ਵਿਹਾਰ ਦੀ ਸ਼ੁੱਧਤਾ ਵਿਚ ਕਿਸੇ ਖੋਟ ਜਾਂ ਮਿਲਾਵਟ ਤੋਂ ਕੌਮ ਨੂੰ ਨਿਰੰਤਰ ਸਾਵਧਾਨ ਰੱਖਿਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਹਿੱਤਾਂ ਦੀ ਰਾਖੀ ਕਰਦੇ ਹੋਏ ਸਿੱਖੀ ਪ੍ਰਚਾਰ ਹਿਤ ਇਸ ਕਾਰਜ ਦੇ ਮਹੱਤਵ ਨੂੰ ਪਛਾਣਦੇ ਹੋਏ 'ਸਿੱਖ ਸਰੋਤ ਇਤਿਹਾਸਿਕ ਗ੍ਰੰਥ ਸੰਪਾਦਨਾ ਪ੍ਰੋਜੈਕਟ' ਵਿਉਂਤਿਆ ਅਤੇ ਇਸ ਦੀ ਜ਼ਿੰਮੇਵਾਰੀ ਅਜੋਕੇ ਸਮੇਂ ਦੇ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਸੌਂਪੀ। ਇਹ ਪੁਸਤਕ ਇਸੇ ਪ੍ਰੋਜੈਕਟ ਦੀ ਹੀ ਦੇਣ ਹੈ।

ਉਕਤ ਪ੍ਰੋਜੈਕਟ ਅਧੀਨ 'ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ' ਦੀ ਵਿਆਖਿਆ ਅਤੇ ਸੰਪਾਦਨ ਦਾ ਕਾਰਜ ਚਾਰ ਵੱਡੀਆਂ ਜਿਲਦਾਂ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਇਹੀ ਨਹੀਂ ਉਸ ਉਪਰੰਤ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਿਰਤਾਂਤ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਚੌਥੇ ਪਾਤਸ਼ਾਹ ਦਾ ਇਹ ਬਿਰਤਾਂਤ ਇਸੇ ਲੜੀ ਨੂੰ ਅੱਗੇ ਤੋਰਦਾ ਹੈ। ਡਾ. ਕਿਰਪਾਲ ਸਿੰਘ ਨੇ ਇਸ ਸਮੁੱਚੇ ਕਾਰਜ ਨੂੰ ਕਰਦੇ ਸਮੇਂ ਹਰ ਇਤਿਹਾਸਿਕ ਤੱਥ/ਤਿਥ ਨੂੰ ਪ੍ਰਾਪਤ ਤਤਕਾਲੀਨ ਅਤੇ ਨਵੀਨਤਮ ਇਤਿਹਾਸਿਕ ਖੋਜ/ਆਧਾਰ ਸਮੱਗਰੀ ਦੇ ਆਧਾਰ 'ਤੇ ਵਿਸ਼ਲੇਸ਼ਿਤ ਕਰ ਕੇ ਉਸ ਨੂੰ ਪਰਖਿਆ ਹੈ। ਜਿੱਥੇ ਵੀ ਕਿਸੇ ਵੇਰਵੇ ਬਾਰੇ ਰਾਏ ਦੀ ਭਿੰਨਤਾ ਹੈ, ਉਸ ਨੇ ਤਰਕ ਤੇ ਹਵਾਲੇ ਦੇ ਕੇ ਤੱਥਾਂ ਨੂੰ ਦਰੁਸਤ ਕੀਤਾ ਹੈ। ਜਿੱਥੇ

ਬ੍ਰਾਹਮਣੀ ਪ੍ਰਭਾਵ ਕਾਰਨ ਸਿੱਖ ਸਿਧਾਂਤ ਤੋਂ ਕੋਈ ਵੇਰਵਾ ਪਾਸੇ ਜਾਂਦਾ ਹੈ, ਉੱਥੇ ਸੰਪਾਦਕ ਨੇ ਉਸ ਵੱਲ ਧਿਆਨ ਦਿਵਾਇਆ ਹੈ।

ਸ੍ਰੀ ਅੰਮ੍ਰਿਤਸਰ ਵਸਾਉਣ ਵੇਲੇ ਤੁੰਗ, ਸੁਲਤਾਨਵਿੰਡ, ਗਿਲਵਾਲੀ ਆਦਿ ਪਿੰਡਾਂ ਦੇ ਨਾਲ ਲੱਗਦੀ ਜ਼ਮੀਨ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਨਾ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਉੱਪਰ ਬੈਠਣ ਉਪਰੰਤ ਖ਼੍ਰੀਦਣ ਦੇ ਪ੍ਰਮਾਣ ਵੀ ਡਾਕਟਰ ਸਾਹਿਬ ਨੇ ਦਿੱਤੇ ਹਨ। ਹਿੰਦਾਲੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਨੂੰ ਵਿਗਾੜਣ ਅਤੇ ਖਾਲਸੇ ਵਿਰੁੱਧ ਅਬਦਾਲੀ ਕੋਲ ਮੁਖਬਰੀ ਕਰਨ ਦੇ ਵੱਲ ਧਿਆਨ ਦਵਾ ਕੇ ਉਨ੍ਹਾਂ ਹਿੰਦਾਲੀਆਂ ਬਾਰੇ ਸਿੱਖ ਸੰਗਤਾਂ ਨੂੰ ਸੁਚੇਤ ਕੀਤਾ ਹੈ।

ਇੰਵ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ' ਦੇ ਪਦਿਆਂ ਬਾਰੇ ਵਿਸਤ੍ਰਿਤ ਵਿਚਾਰ ਅਤੇ ਨਿਸ਼ਕਰਸ਼ ਹਨ। ਬਾਉਲੀ ਦਾ ਕੜ ਟੁੱਟਣ ਅਤੇ ਚਿਤੌੜ ਦਾ ਕਿਲ੍ਹਾ ਅਕਬਰ ਬਾਦਸ਼ਾਹ ਵੱਲੋਂ ਫਤਿਹ ਹੋਣ ਬਾਰੇ ਭਾਈ ਸੰਤੋਖ ਸਿੰਘ ਜੀ ਦੇ ਵਿਵਰਣ ਵਿਚਲੇ ਤਿਥਾਂ ਦੇ ਫਰਕ ਵੱਲ ਵੀ ਡਾ. ਕਿਰਪਾਲ ਸਿੰਘ ਨੇ ਸੰਕੇਤ ਕੀਤਾ ਹੈ। ਅਕਬਰ ਬਾਦਸ਼ਾਹ ਦੇ ਗੁਰੂ ਦਰਬਾਰ ਵਿਚ ਆਉਣ ਬਾਰੇ ਸੰਪਾਦਕ ਨੇ ਵਿਸਤਾਰ ਨਾਲ ਚਰਚਾ ਕੀਤੀ ਹੈ। ਤੀਰਥ ਪ੍ਰਗਟਾਉਣ ਵਾਲੇ ਦੂਜੀ ਰਾਸ ਦੇ ਗਿਆਰਵੇਂ ਅਧਿਆਇ ਨੂੰ ਡਾਕਟਰ ਸਾਹਿਬ ਨੇ ਮੂਲ ਪਾਠ ਦਾ ਅੰਗ ਬਣਾ ਕੇ ਪੇਸ਼ ਕਰਨ ਦੀ ਥਾਂ ਅੰਤਿਕਾ ਦਾ ਹਿੱਸਾ ਬਣਾਇਆ ਹੈ। ਅਜਿਹਾ ਸਿਧਾਂਤਕ ਦ੍ਰਿਸ਼ਟੀ ਨਾਲ ਕੀਤਾ ਗਿਆ ਹੈ। ਸਿਧਾਂਤਕ ਸ਼ੁੱਧਤਾ ਤੇ ਸੰਪਾਦਕੀ ਇਮਾਨਦਾਰੀ ਦੇ ਸੁਨਿਸ਼ਚਿਤ ਮਾਪ-ਦੰਡਾਂ ਦੇ ਆਧਾਰ 'ਤੇ ਹੀ ਚਿਤੌੜ ਅਤੇ ਬਾਉਲੀ ਸਾਹਿਬ ਵਾਲੀ ਕਥਾ ਅੰਤਿਕਾ ਦੀ ਥਾਂ ਮੂਲ ਪਾਠ ਵਿਚ ਹੀ ਰੱਖੀ ਗਈ ਹੈ।

ਇੰਵ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਦੂਜੀ ਰਾਸ ਦੇ ਚੌਵੀ ਅਧਿਆਇਆਂ ਦੀ ਸਰਲ ਪੰਜਾਬੀ ਵਾਰਤਕ ਵਿਚ ਡਾ. ਕਿਰਪਾਲ ਸਿੰਘ ਦੁਆਰਾ ਪੇਸ਼ ਇਹ ਵਿਆਖਿਆ ਸਿੱਖ ਇਤਿਹਾਸ ਦੇ ਪੁਨਰ-ਲੇਖਣ ਅਤੇ ਪੰਜਾਬੀ ਦੀਆਂ ਪੁਰਾਤਨ ਲਿਖਤਾਂ ਦੇ ਸੰਪਾਦਨ ਦੇ ਖੇਤਰ ਵਿਚ ਸਵਸਥ ਅਤੇ ਅਨੁਕਰਣ ਯੋਗ ਪ੍ਰਤਿਮਾਨ ਸਥਾਪਿਤ ਕਰਦੀ ਹੈ। ਭਾਈ ਸੰਤੋਖ ਸਿੰਘ ਜੀ ਦੇ ਗ੍ਰੰਥਾਂ ਦੀ ਕਥਾ ਵਿਆਖਿਆ ਕਰਨ ਸੁਣਨ ਵਾਲੇ ਵਿਦਵਾਨਾਂ ਤੇ ਸਿੱਖ ਸੰਗਤਾਂ ਨੂੰ ਇਸ ਉਪਰਾਲੇ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ।

ਰੀਵੀਊਕਾਰ :
**ਡਾ. ਕੁਲਦੀਪ ਸਿੰਘ**
ਮਕਾਨ ਨੰ: ੨, ਗਲੀ ਨੰ: ੯
ਗੁਰੂ ਨਾਨਕ ਨਗਰ (ਪਟਿਆਲਾ)
ਮੋ: ੯੯੮੨੨-੬੦੫੫੦

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ

*-ਸ. ਰਣਜੀਤ ਸਿੰਘ**

ਕੋਈ ਨਾ ਬਣਿਆ ਨੌਵੇਂ ਗੁਰਾਂ ਦਾ ਇਸ ਦੁਨੀਆਂ 'ਤੇ ਸਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਚੱਲ ਕੇ ਸੀ ਕਸ਼ਮੀਰੀ ਪੰਡਤ, ਕੋਲ ਗੁਰਾਂ ਦੇ ਆਏ।
ਸਾਡਾ ਬੜਾ ਜਿਉਣਾ ਔਖਾ, ਦੁੱਖੜੇ ਖੋਲ੍ਹ ਸੁਣਾਏ।
ਔਰੰਗਜ਼ੇਬ ਬੜਾ ਹੈ ਜ਼ਾਲਮ, ਕਰਦਾ ਉਹ ਮਨ-ਮਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਮੰਦਰ ਸਾਡੇ ਢਾਹੀ ਜਾਂਦਾ, ਕਰ ਨੀ ਸਕਦੇ ਪੂਜਾ।
ਨਿੱਤ ਜਨੇਊ ਲਾਹ ਲਾਹ ਸੁੱਟੇ, ਕੰਮ ਹੋਰ ਨਾ ਦੂਜਾ।
ਉਹਦਾ ਮੁੱਖ ਮਨੋਰਥ ਕਰਨਾ, ਏਸ ਧਰਮ ਦੀ ਹਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਜਦੋਂ ਗੋਬਿੰਦ ਨੇ ਸੁਣੀ, ਉਨ੍ਹਾਂ ਦੀ ਦੁੱਖਾਂ ਭਰੀ ਕਹਾਣੀ।
ਸੋਚਣ ਲੱਗੇ ਪਊ ਕਿਸੇ ਨੂੰ, ਜ਼ਿੰਦਗੀ ਲੇਖੇ ਲਾਣੀ।
ਨਿੱਕੀ ਉਮਰੇ ਚਿਹਰੇ ਉੱਤੇ ਵਰਤ ਗਈ ਹੈਰਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਕੋਲ ਖੇਡਦੇ ਗੋਬਿੰਦ ਰਾਏ, ਗੱਲ ਪਿਤਾ ਨੂੰ ਆਖੀ।
ਬਾਝ ਤੁਹਾਡੇ ਹੋਰ ਪਿਤਾ ਜੀ, ਕੌਣ ਕਰੇਗਾ ਰਾਖੀ।
ਜੱਗ ਉੱਤੇ ਕੋਈ ਨਜ਼ਰ ਨੀ ਆਉਂਦਾ, ਥੋਡੇ ਵਰਗਾ ਦਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਨੌਵੇਂ ਗੁਰਾਂ ਨੇ ਦਿੱਲੀ ਵੱਲ ਨੂੰ, ਝੱਟ ਚਾਲੇ ਸੀ ਪਾਏ।
ਸਿਰੜ ਨੂੰ ਸਦਾ ਜਿਉਂਦਾ ਰੱਖਣਾ, ਸਿਰ ਜਾਵੇ ਤਾਂ ਜਾਏ।
ਔਰੰਗੇ ਨੂੰ ਨਸ਼ਾ ਹਕੂਮਤ, ਉਹ ਮੂਰਖ ਅਭਿਮਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਹਿੰਦੂ ਧਰਮ ਦੀ ਰੱਖਿਆ ਕੀਤੀ, ਬਣਕੇ ਹਿੰਦ ਦੀ ਚਾਦਰ।
ਇਸ ਲਈ ਸਾਰੀ ਦੁਨੀਆਂ ਆਖੇ, ਧੰਨ ਗੁਰੂ ਤੇਗ ਬਹਾਦਰ।
ਦੂਜਿਆਂ ਖਾਤਰ ਜਾਨ ਵਾਰ ਕੇ, ਕਰ ਗਏ ਕੰਮ ਲਾਸਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ।
ਜਦੋਂ ਵਰਤਿਆ ਸਾਕਾ ਦਿੱਲੀ, ਥਾਂ-ਥਾਂ ਛਾਇਆ ਸੋਗ।
ਹੈ ਹੈ ਹੈ ਸਭ ਜੱਗ ਕਹੇ, ਜੈ ਜੈ ਜੈ ਸੁਰ ਲੋਗ।
ਜਦ ਤੱਕ ਸੂਰਜ ਚੰਦ ਰਹੇਗਾ, ਕਰ ਗਏ ਕਾਇਮ ਨਿਸ਼ਾਨੀ।
ਹਿੰਦੂ ਧਰਮ ਬਚਾਵਣ ਖਾਤਰ, ਜਾ ਦਿੱਤੀ ਕੁਰਬਾਨੀ। ■

** ਵਾਰਡ ਨੰ: ੨੩, ਨੇੜੇ ਖਾਲਸਾ ਸਕੂਲ, ਖੰਨਾ-੧੪੧੪੦੧ (ਲੁਧਿਆਣਾ) ਮੋ: ੯੮੧੪੫-੨੮੦੨੩*

# ਛੋਟੇ ਸਾਹਿਬਜ਼ਾਦੇ

*-ਸ. ਜਸਵਿੰਦਰ ਸਿੰਘ ਜਰਮਸਤਪੁਰ**

ਕਿਹਾ ਸੂਬੇ ਨੇ ਸ਼ੇਰ ਖਾਨ ਤਾਂਈਂ, ਬਦਲਾ ਸਿੱਖਾਂ ਦੇ ਗੁਰੂ ਤੋਂ ਲੈ ਖਾਨਾ!
ਦਾਦੀ ਪੋਤੇ ਨੇ ਸਾਡੇ ਆਏ ਕਾਬੂ, ਜਿਵੇਂ ਮਰਜ਼ੀ ਤੂੰ ਉਨ੍ਹਾਂ ਨੂੰ ਕਹਿ ਖਾਨਾ!
ਬਾਗ਼ੀ ਪਕੜ ਸਰਕਾਰ ਦੇ ਖ਼ਤਮ ਕਰ, ਤੇ ਕੋਈ ਸਿੱਖ ਜ਼ਿੰਦਾ ਨਾ ਰਹੇ ਖਾਨਾ।
ਗੰਗੂ ਰਸੋਈਏ ਨੇ ਫੜਾ ਦਿੱਤੇ, ਕੈਦ ਸਾਡੀ ਅੰਦਰ ਗਏ ਪੈ ਖਾਨਾ।

ਕਿਹਾ ਖਾਨ ਮਲੇਰੀਏ ਨੇ, ਜ਼ੁਲਮ ਬੱਚਿਆਂ 'ਤੇ ਨਾ ਕੰਮ ਇਸਲਾਮ ਦਾ ਏ।
ਉਲਟ ਸ਼ਰ੍ਹਾ ਦੇ ਜੋ ਨੇ ਕੰਮ ਕਰਦੇ, ਉਹ ਨਾ ਰੱਖਦੇ ਦਿਲ ਇਮਾਮ ਦਾ ਏ।
ਪਾਕ ਰੂਹ ਨਹੀਂ ਭੈੜਾ ਕੰਮ ਕਰਦੀ, ਰੱਖੇ ਲੋਭ ਨਹੀਂ ਕੋਈ ਇਨਾਮ ਦਾ ਏ।
ਗੁਰੂ ਮਿਲੇ ਤਾਂ ਲਵਾਂਗਾ ਮੈਂ ਬਦਲਾ, ਜ਼ੁਲਮ ਨੰਨਿਆਂ 'ਤੇ ਕੰਮ ਬਦਨਾਮ ਦਾ ਏ।

ਮਰਦ ਜੰਗ ਮੈਦਾਨ ਦੇ ਵਿਚ ਲੜਦੇ, ਕਰਦੇ ਪਿੱਠ 'ਤੇ ਕਦੇ ਵਾਰ ਨਾਹੀਂ।
ਡਾਹ ਛਾਤੀਆਂ ਸੂਰੇ ਲਲਕਾਰਦੇ ਨੇ, ਕਰਦੇ ਜ਼ਿੰਦਗੀ ਨਾਲ ਪਿਆਰ ਨਾਹੀਂ।
ਡੌਲੇ ਫ਼ਰਕਦੇ ਵੇਖ ਕੇ ਵੈਰੀਆਂ ਨੂੰ, ਯੋਧੇ ਰੱਖਦੇ ਡਰ ਤਲਵਾਰ ਨਾਹੀਂ।
ਅੱਲਾਹ ਦੇ ਕਹਿਰ ਤੋਂ ਡਰ ਸੂਬੇ! ਜਾਨਾਂ ਨਿੱਕੀਆਂ ਤਾਈਂ ਤੂੰ ਮਾਰ ਨਾਹੀਂ।

ਗੰਗੂ ਢਾਹਿਆ ਕਹਿਰ ਭਾਰੀ, ਦੌਲਤ ਬਦਲੇ ਮਾਰ ਕਿਰਦਾਰ ਦਿੱਤਾ।
ਸੁੱਚਾ ਨੰਦ ਗ਼ਦਾਰੀ ਦੀ ਹੱਦ ਕੀਤੀ, ਲਾਲਚ ਵਿਚ ਧਰਮ ਵਿਸਾਰ ਦਿੱਤਾ।
ਮੋਤੀ ਰਾਮ ਤੇ ਟੋਡਰ ਮੱਲ ਜੀ ਨੇ, ਦਾਦੀ ਪੋਤਿਆਂ ਨੂੰ ਸਤਿਕਾਰ ਦਿੱਤਾ।
ਸ਼ੇਰ ਖਾਂ ਨਿਕਲਿਆ ਇਮਾਮ ਸੱਚਾ, ਨਾਹਰਾ ਹਾਅ ਦਾ ਉਸ ਨੇ ਮਾਰ ਦਿੱਤਾ।

ਗੱਲ ਸੱਚ ਦੀ ਕਿਸੇ ਨਾ ਮੰਨੀ, ਵਾਜੇ ਕੂੜ ਦੇ ਸਾਰੇ ਵਜਾਉਣ ਲੱਗੇ।
ਧਰਮੀ ਦਿਲ ਦਿਲਗੀਰ ਹੋਏ, ਸ਼ੈਤਾਨ ਆਪਣੇ ਰੰਗ ਵਿਖਾਉਣ ਲੱਗੇ।
ਸਬਜ਼ਬਾਗ਼ ਬੜੇ ਵਖਾਏ ਨੰਨ੍ਹਿਆਂ ਨੂੰ, ਨਾਲੇ ਲਾਲਚਾਂ ਨਾਲ ਭਰਮਾਉਣ ਲੱਗੇ।
ਮੰਨੀ ਈਨ ਨਾ ਉਨ੍ਹਾਂ ਦੀ ਸੂਰਿਆਂ ਨੇ, ਫਿਰ ਕਾਜ਼ੀ ਫਤਵੇ ਸ਼ਰ੍ਹਾ ਦੇ ਲਾਉਣ ਲੱਗੇ।

ਜਦੋਂ ਵੇਖਿਆ ਇਹ ਧਰਮੋਂ ਹਾਰਦੇ ਨਹੀਂ, ਫਤਵਾ ਮੌਤ ਦਾ ਕਾਜ਼ੀ ਸੁਣਾ ਦਿੱਤਾ।

** ਮੋ: ੯੩੫੬੭-੦੪੮੯੩*

ਨੀਹਾਂ ਵਿਚ ਚਿਣਨ ਦਾ ਹੁਕਮ ਹੋਇਆ, ਕੰਧ ਕਰਨ ਲਈ ਮਿਸਤਰੀ ਲਾ ਦਿੱਤਾ।
ਇੱਟਾਂ, ਗਾਰੇ ਦੀ ਕੰਧ ਤਿਆਰ ਕੀਤੀ, ਨੰਨ੍ਹਿਆਂ ਤਾਈਂ ਸੀ ਉੱਥੇ ਖੜ੍ਹਾ ਦਿੱਤਾ।
ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ, ਦੁਸ਼ਟਾਂ ਪਾਪੀਆਂ ਕਹਿਰ ਸੀ ਢਾਹ ਦਿੱਤਾ।

ਧਰਮ ਤੋਂ ਜਾਨਾਂ ਵਾਰ ਗਏ, ਉਨ੍ਹਾਂ ਤਾਈਂ ਹੈ ਪਿਆ ਸਨਮਾਨ ਮਿਲਦਾ।
ਜਿਨ੍ਹਾਂ ਜ਼ਾਲਮਾਂ ਕਹਿਰ ਢਾਏ, ਉਨ੍ਹਾਂ ਪਾਪੀਆਂ ਨੂੰ ਅਪਮਾਨ ਮਿਲਦਾ।
ਫੁੱਲ ਸ਼ਰਧਾ ਦੇ ਭੇਟਾ ਸੰਗਤਾਂ, ਕਰਦੀਆਂ ਨੇ, ਨਾਮ ਲਿਆਂ ਸੰਤੋਖ ਹੈ ਮਿਲਦਾ।
ਝੰਡੇ ਝੂਲਦੇ ਜੱਗ 'ਤੇ ਧਰਮੀਆਂ ਦੇ, ਧਰਮ ਦਾ ਸੱਚਾ ਗਿਆਨ ਮਿਲਦਾ।

ਲਾਲ ਔਖੇ ਇਮਤਿਹਾਨ 'ਚੋਂ ਪਾਸ ਹੋਏ, ਪਈ ਲੱਖ-ਲੱਖ ਸ਼ੁਕਰ ਮਨਾਏ ਦਾਦੀ।
ਦਾਦੇ ਵਾਂਗ ਸੀ ਪਾਲਿਆ ਧਰਮ ਉਨ੍ਹਾਂ, ਉਸੇ ਰਾਹ ਗਏ ਜਿਵੇਂ ਸਮਝਾਏ ਦਾਦੀ।
ਸਿੱਖਿਆ ਅਣਖ ਤੇ ਧਰਮ ਦੀ ਸਦਾ ਦਿੱਤੀ, ਜਾਂਦੀ ਵਾਰ ਸਨ ਗਲ ਲਗਾਏ ਦਾਦੀ।
ਲਾੜੀ ਮੌਤ ਦੀ ਹੱਸ ਪਰਵਾਨ ਕੀਤੀ, ਸਿਹਰੇ ਬੰਨ੍ਹ ਸੀ ਬੁਰਜੋਂ ਘਲਾਏ ਦਾਦੀ।

ਸਿਦਕ ਰੱਖਿਆ, ਸਿਦਕੀ ਨਾ ਰਤਾ ਡੋਲੇ, ਵਾਰ ਗਏ ਉਹ ਧਰਮ ਤੋਂ ਜਾਨ ਦੋਨੋਂ।
ਜਾਨਾਂ ਨਿੱਕੀਆਂ ਸਾਕਾ ਬਹੁਤ ਵੱਡਾ, ਕਾਇਮ ਕਰ ਗਏ ਸਿੱਖੀ ਨਿਸ਼ਾਨ ਦੋਨੋਂ।
ਨੰਨ੍ਹੇ ਲਾਲਾਂ 'ਤੇ ਕਹਿਰ ਸਰਹੰਦ ਹੋਇਆ, ਡੋਲ ਗਏ ਜ਼ਮੀਨ ਅਸਮਾਨ ਦੋਨੋਂ।
ਪਾਈਆਂ ਲਾਹਨਤਾਂ ਜੱਗ ਨੇ ਪਾਪੀਆਂ ਨੂੰ, ਜੱਸ ਖੱਟ ਗਏ ਸੂਰੇ ਵਿਚ ਜਹਾਨ ਦੋਨੋਂ।

ਕਲਗੀਧਰ ਨੂੰ ਦੱਸਿਆ ਆਣ ਨੂਰੇ, ਸੂਬੇ ਲਾਲਾਂ 'ਤੇ ਕਹਿਰ ਗੁਜ਼ਾਰਿਆ ਸੀ।
ਠੰਡੇ ਬੁਰਜ ਅੰਦਰ ਦਾਦੀ ਪੋਤੇ ਕੈਦ ਕੀਤੇ, ਲਾਲਾਂ ਤਾਈਂ ਦਾਦੀ ਮਾਂ ਸ਼ਿੰਗਾਰਿਆ ਸੀ।
ਚੰਗਿਆਂ ਬੰਦਿਆਂ ਧਰਮ ਦਾ ਕੰਮ ਕੀਤਾ, ਨਾਹਰਾ ਹਾਅ ਦਾ ਮਲੇਰੀਏ ਮਾਰਿਆ ਸੀ।
ਦਾਦੀ ਪੋਤੇ ਨੂੰ ਦੁੱਧ ਪਿਲਾਏ ਮੋਤੀ, ਟੋਡਰ ਮੱਲ ਥਾਂ ਦਾ ਮੁੱਲ ਤਾਰਿਆ ਸੀ।

ਰੋ ਰੋ ਨੂਰੇ ਨੇ ਦੱਸਿਆ ਗੁਰਾਂ ਤਾਈਂ, ਕਿਵੇਂ ਸਰਹੰਦ ਸੀ ਲਾਲਾਂ ਨਾਲ ਬੀਤੀ!
ਕਿਵੇਂ ਲਾਲਚ ਦਿੱਤੇ ਗਏ ਨੰਨ੍ਹਿਆਂ ਨੂੰ,ਕਿਸ-ਕਿਸ ਨੇ ਗ਼ਦਾਰੀ ਦੀ ਹੱਦ ਕੀਤੀ!
ਐਪਰ ਤੇਰੇ ਲਾਲਾਂ ਨਾ ਦਾਤਾ ਈਨ ਮੰਨੀ, ਭਾਵੇਂ ਗਈ ਸੀ ਉਨ੍ਹਾਂ ਦੀ ਰੱਤ ਪੀਤੀ!
'ਜਰਮਸਤਪੁਰ' ਬੂਟਾ ਦਾਤੇ ਪੁੱਟਿਆ ਏ, ਜ਼ਾਲਮ ਰਾਜ ਦੀ ਜੜ੍ਹ ਹੀ ਪੁੱਟ ਲੀਤੀ।

■

# ਫਤਿਹ

-ਬੀਬੀ ਪਰਮਜੀਤ ਕੌਰ ਸਰਹਿੰਦ*

ਢਾਹ ਕੇ ਜ਼ੁਲਮ ਤੇ ਜਬਰ ਦੇ ਕਿਲ੍ਹੇ,
ਬਣਾ ਦਿੱਤੇ ਥੇਹ,
ਹੋਈ ਜਦੋਂ ਸੱਚ ਦੀ ਫਤਿਹ।
ਖੜਕਾ ਦਿੱਤੀ ਜਾਬਰਾਂ ਦੀ ਇੱਟ ਨਾਲ ਇੱਟ
ਬਹਾਦਰ ਬੰਦਿਆਂ,
ਗੂੰਜੀ ਜਦੋਂ ਹੱਕ ਦੀ ਫਤਿਹ।
ਬੈਠਣਾ ਪੈਂਦਾ ਹੈ ਤੱਤੀ ਤਵੀ 'ਤੇ ਇਸ ਲਈ ਕਦੇ,
ਕਦੇ ਦੇਗਾਂ 'ਚ ਉਬਾਲੇ ਫਤਿਹ।
ਚੜ੍ਹਨਾ ਪੈਂਦਾ ਹੈ ਕਦੇ ਚਰਖੜੀਆਂ 'ਤੇ,
ਕਦੇ ਨੇਜਿਆਂ 'ਤੇ, ਮਾਵਾਂ ਦੇ ਲਾਲ ਉਛਾਲੇ ਫਤਿਹ।
ਪੈਦਾ ਕਰਦੀ ਹੈ ਆਪੇ ਦਾਨੀ,
ਆਪੇ ਚਾਂਦਨੀ ਚੌਂਕ ਵਿਚ
ਸੀਸ ਦਾ ਬਲੀਦਾਨ ਲੈਂਦੀ ਹੈ ਫਤਿਹ।
ਪੁੱਜ ਜਾਂਦੇ ਨੇ ਭਾਈ ਜੈਤਾ ਜੀ ਵਰਗੇ ਉੱਥੇ ਹੀ,
ਜਿੱਥੇ ਇਮਤਿਹਾਨ ਲੈਂਦੀ ਹੈ ਫਤਿਹ।
ਕਦੇ ਚਿਰਾਉਣਾ ਪੈਂਦਾ ਹੈ ਤਨ ਨੂੰ,
ਆਰਿਆਂ ਦੇ ਨਾਲ,
ਤਾਂ ਕਰੀਬ ਹੁੰਦੀ ਹੈ ਫਤਿਹ।
ਮਰ ਕੇ ਵੀ ਉਹ ਨਹੀਂ ਮਰਦੇ
ਰਹਿੰਦੀ ਦੁਨੀਆਂ ਤੀਕ
ਕਿੱਡੀ ਅਜੀਬ ਹੁੰਦੀ ਹੈ ਫਤਿਹ।
ਛੁਡਾ ਕੇ ਮਖ਼ਮਲੀ ਸੇਜਾਂ
ਸੋਹਲ ਜਿੰਦਾਂ ਤੋਂ,
ਪੋਹ ਦੀਆਂ ਰਾਤਾਂ ਵਿਚ
ਸਰਸਾ ਦੇ ਕਿਨਾਰੇ
ਠੰਡਾਂ ਵਿਚ ਠਾਰੇ ਫਤਿਹ।

* # ੨੦੯, ਪ੍ਰੀਤ ਨਗਰ, ਬਸੀ ਰੋਡ, ਸਰਹਿੰਦ, ਫਤਿਹਗੜ੍ਹ ਸਾਹਿਬ। ਮੋ: ੯੮੭੨੮-੯੮੫੯੯

ਹੁੰਦੇ ਨੇ ਸਿਹਰੇ ਬੰਨ੍ਹਣ ਦੇ ਮੌਸਮ,
ਘੋੜੀ ਚੜ੍ਹਨ ਦੀਆਂ ਰੁੱਤਾਂ,
ਜੁਝਾਰਾਂ ਨੂੰ ਜਦੋਂ ਰਣ ਚ ਪੁਕਾਰੇ ਫਤਿਹ।
ਨੀਹਾਂ ਵਿਚ ਚਿਣੇ ਜਾਂਦੇ ਜਦੋਂ,
ਅੱਧ-ਖਿੜੀ ਕਲੀ ਵਰਗੇ ਮਾਸੂਮ,
ਦੇਖ ਕੇ ਸਿਰ ਝੁਕਾਉਂਦੀ ਹੈ ਫਤਿਹ!
ਭੁਲਾਏ ਨਹੀਂ ਜਾਂਦੇ
ਉਹ ਵੀ ਰਹਿੰਦੀ ਦੁਨੀਆਂ ਤਕ,
ਜ਼ਰੇ ਮਿੱਟੀ ਦੇ ਬਦਲੇ ਜਿਨ੍ਹਾਂ ਤੋਂ,
ਮੋਹਰਾਂ ਧਰਾਉਂਦੀ ਹੈ ਫਤਿਹ।
ਵਾਰੇ ਕੋਈ ਪਿਤਾ, ਪੁੱਤਰ, ਮਾਤਾ
ਸਾਰਾ ਸਰਬੰਸ ਆਪਣਾ।
ਸਿਜਦੇ ਉਸ ਨੂੰ ਕਰਦੀ ਹੈ ਫਤਿਹ।
ਤੁਰੇ ਫਿਰਦੇ ਨੇ ਜੰਗਲਾਂ ਵਿਚ,
ਤਾਜਾਂ ਤਖ਼ਤਾਂ ਵਾਲੇ ਜਦੋਂ,
ਬੜੀ ਔਖੀ ਹੋ ਕੇ ਜਰਦੀ ਹੈ ਫਤਿਹ!
ਲਾ ਕੇ ਟਿੰਡ ਦਾ ਸਰ੍ਹਾਣਾ,
ਸੌਣਾ ਪੈਂਦਾ ਹੈ ਕੰਡਿਆਂ ਉੱਤੇ
ਸੂਲਾਂ ਦੀ ਨੋਕ 'ਤੇ
ਤੁਰਾਉਂਦੀ ਹੈ ਫਤਿਹ।
ਪਿਆਰਾ ਲੱਗਦਾ ਹੈ
ਯਾਰੜੇ ਦਾ ਸੱਥ ਮੁਰੀਦਾਂ ਨੂੰ,
ਮੁਰੀਦਾਂ ਤੋਂ ਮਿੱਤਰ ਪਿਆਰੇ ਨੂੰ
ਹਾਲ ਕਹਾਉਂਦੀ ਹੈ ਫਤਿਹ।
ਕਦੇ ਪਿਓ ਦੇ ਮੂੰਹ ਵਿਚ ਤੁੰਨਿਆਂ ਜਾਂਦਾ ਹੈ,
ਕਲੇਜੇ ਦਾ ਟੁੱਕੜਾ,
ਕਾਲਜਾ ਫੜ ਕੇ ਸਹਾਰਦੀ ਹੈ ਫਤਿਹ।
ਤੋੜ ਕੇ ਤਾਕਤਾਂ ਦੇ ਮਾਣ
ਢਾਹ ਕੇ ਕੂੜ੍ਹ ਪਾਪ ਦੇ ਕਿਲ੍ਹੇ,
ਫਤਿਹ ਦੇ ਗੜ੍ਹ ਉਸਾਰਦੀ ਹੈ ਫਤਿਹ....!

■

ਖ਼ਬਰਨਾਮਾ

# ਸਿੱਖ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ- ਗਿਆਨੀ ਮਾਨ ਸਿੰਘ

ਅੰਮ੍ਰਿਤਸਰ: ੦੩ ਨਵੰਬਰ- ਨਵੰਬਰ ੧੯੮੪ 'ਚ ਦਿੱਲੀ ਅਤੇ ਭਾਰਤ ਦੇ ਹੋਰ ਕਈ ਸ਼ਹਿਰਾਂ ਵਿਚ ਘੱਟ-ਗਿਣਤੀ ਸਿੱਖਾਂ ਨੂੰ ਹਜ਼ਾਰਾਂ ਦੀ ਗਿਣਤੀ 'ਚ ਸ਼ਹੀਦ ਕਰ ਦਿੱਤਾ ਗਿਆ ਸੀ ਜਿਸ ਦੀ ਯਾਦ ਤਾਜ਼ਾ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ 'ਚ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ।

ਇਸ ਮੌਕੇ ਜੁੜੀਆਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਨੇ ਕਿਹਾ ਕਿ, ਜਨਤਾ ਆਪਣੇ ਨੁਮਾਇੰਦੇ ਚੁਣ ਕੇ ਜਾਨ-ਮਾਲ ਅਤੇ ਕਾਨੂੰਨ ਦੀ ਰਾਖੀ ਲਈ ਸਰਕਾਰ ਬਣਾਉਂਦੀ ਹੈ ਪਰ ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਪਏ ਤਾਂ ਫਿਰ ਅਜਿਹੇ ਦੇਸ਼ ਦਾ ਰੱਬ ਹੀ ਰਾਖਾ ਹੈ। ਤਕਰੀਬਨ ੨੭ ਸਾਲ ਪਹਿਲਾਂ ਅਜਿਹਾ ਹੀ ਇਸ ਦੇਸ਼ 'ਚ ਵਾਪਰਿਆ। ਦੇਸ਼ ਦੀ ਅਜ਼ਾਦੀ 'ਚ ੮੦ ਪ੍ਰਤੀਸ਼ਤ ਤੋਂ ਵੀ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਨੂੰ ਸਮੇਂ ਦੇ ਸਰਕਾਰੀ ਹਾਕਮਾਂ ਨੇ ਆਪਣੀ ਸਰਪ੍ਰਸਤੀ ਹੇਠ ਸਿੱਖਾਂ ਦੀ ਨਸਲਕੁਸ਼ੀ ਕੀਤੀ। ਸਿੱਖਾਂ ਦੇ ਜਿਉਂਦੇ ਜੀਅ ਗ਼ਲਾਂ 'ਚ ਟਾਇਰ ਪਾ ਕੇ ਹਜ਼ਾਰਾਂ ਨੌਜਵਾਨ, ਬਜ਼ੁਰਗ, ਬੱਚੇ ਅਤੇ ਬੀਬੀਆਂ ਨੂੰ ਸ਼ਹੀਦ ਕੀਤਾ ਗਿਆ ਤੇ ਕੇਂਦਰ ਸਰਕਾਰ ਵੱਲੋਂ ਅੱਜ ਤੀਕ ਕਿਸੇ ਵੀ ਦੋਸ਼ੀ ਜਾਂ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਸਮੇਂ ਦੇ ਰਾਜਸੀ ਆਗੂ ਨੂੰ ਸਜ਼ਾ ਤਾਂ ਕੀ ਦੇਣੀ ਸੀ ਸਗੋਂ ਵਜ਼ੀਰੀਆਂ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ ਤੇ ਇੱਥੋਂ ਸਿੱਧ ਹੁੰਦਾ ਹੈ ਕਿ ਦੁਨੀਆਂ 'ਚ ਸਭ ਤੋਂ ਵੱਡੇ ਲੋਕਤੰਤਰੀ ਦੇਸ਼ 'ਚ ਘੱਟ ਗਿਣਤੀ ਸਿੱਖ ਕੌਮ ਲਈ ਕਾਨੂੰਨ ਵੱਖਰਾ ਹੈ।

ਉਨ੍ਹਾਂ ਕਿਹਾ ਕਿ, ਸਿੱਖਾਂ ਲਈ ਇਹ ਕੋਈ ਨਵੀਂ ਗੱਲ ਨਹੀਂ। ਸਿੱਖ ਕੌਮ ਕੁਰਬਾਨੀਆਂ ਤੋਂ ਨਹੀਂ ਡਰਦੀ। ਸ਼ਹਾਦਤ ਦਾ ਜਾਮ ਪੀਣਾ ਸਿੱਖ ਕੌਮ ਨੂੰ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਵਿਰਸੇ 'ਚ ਮਿਲਿਆ ਹੈ। ਸਾਨੂੰ ਜਬਰ ਦਾ ਮੁਕਾਬਲਾ ਸਬਰ ਨਾਲ ਕਰਨਾ ਚਾਹੀਦਾ ਹੈ ਤੇ ਗੁਰੂ ਸਾਹਿਬ 'ਤੇ ਭਰੋਸਾ ਰੱਖਣਾ ਚਾਹੀਦਾ ਹੈ। ਇੱਕ ਦਿਨ ਆਵੇਗਾ ਜਦੋਂ ਇਹ ਕਾਤਲ ਤੇ ਉਨ੍ਹਾਂ ਦੇ ਸਰਪ੍ਰਸਤ ਨਿਆਂ ਦੇ ਕਟਹਿਰੇ 'ਚ ਖੜ੍ਹੇ ਹੋਣਗੇ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਵੇਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਸਕੱਤਰ

ਸ. ਤਰਲੋਚਨ ਸਿੰਘ, ਸ. ਸਤਬੀਰ ਸਿੰਘ, ਸ. ਮਨਜੀਤ ਸਿੰਘ ਤੇ ਸ. ਹਰਭਜਨ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਮਨਾਵਾਂ, ਸ. ਰਣਜੀਤ ਸਿੰਘ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਦਿਲਜੀਤ ਸਿੰਘ, ਸ. ਕੁਲਦੀਪ ਸਿੰਘ, ਸ. ਛਿੰਦਰ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਹਰਬੰਸ ਸਿੰਘ ਮੱਲ੍ਹੀ ਤੇ ਸ. ਪ੍ਰਤਾਪ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਸਮੁੱਚੇ ਸਟਾਫ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਸ. ਸੁਰਿੰਦਰ ਸਿੰਘ ਨਿਮਾਣਾ ਨੂੰ ਸੇਵਾ-ਮੁਕਤੀ ਸਮੇਂ ਨਿੱਘੀ ਵਿਦਾਇਗੀ

ਅੰਮ੍ਰਿਤਸਰ, ੩੧ ਅਕਤੂਬਰ- ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਮਹੀਨੇਵਾਰ ਮੈਗਜ਼ੀਨ 'ਗੁਰਮਤਿ ਪ੍ਰਕਾਸ਼' (ਪੰਜਾਬੀ) ਅਤੇ 'ਗੁਰਮਤਿ ਗਿਆਨ' (ਹਿੰਦੀ) ਦੇ ਸਹਾਇਕ ਸੰਪਾਦਕ ਸ. ਸੁਰਿੰਦਰ ਸਿੰਘ ਨਿਮਾਣਾ ਨੂੰ ਸੇਵਾ-ਮੁਕਤ ਹੋਣ 'ਤੇ ਸ਼ਾਨਦਾਰ ਵਿਦਾਇਗੀ ਦਿੱਤੀ ਗਈ। ਐਡੀਸ਼ਨਲ ਸਕੱਤਰ ਸ. ਸਤਬੀਰ ਸਿੰਘ ਨੇ ਉਨ੍ਹਾਂ ਦੀ ਨੇਕ-ਨੀਅਤੀ ਤੇ ਤਨਦੇਹੀ ਨਾਲ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸ੍ਰੀ ਸਾਹਿਬ, ਸਿਰੋਪਾਉ, ਚਾਂਦੀ ਦਾ ਪੈੱਨ, ਟਾਈਟਨ ਦੀ ਘੜੀ ਤੇ ਗਰਮ ਸੂਟ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਸਕੱਤਰ ਸ. ਹਰਜੀਤ ਸਿੰਘ, ਮੀਤ ਸਕੱਤਰ ਸ. ਬਲਵੀਰ ਸਿੰਘ, ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ, ਸ. ਕੁਲਦੀਪ ਸਿੰਘ, ਸ. ਸੁਖਦੇਵ ਸਿੰਘ ਭੂਰਾ ਤੇ ਸ. ਹਰਭਜਨ ਸਿੰਘ, ਸੁਪ੍ਰਿੰਟੈਂਡੈਂਟ ਸ. ਸੰਤੋਖ ਸਿੰਘ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ ਦੇ ਸੰਪਾਦਕ ਸ. ਸਿਮਰਜੀਤ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

## ਪੱਤਰ ਵਿਹਾਰ ਕੋਰਸ ਦੀ ਅੰਗੇਰਜ਼ੀ ਮਾਧਿਅਮ 'ਚ ਸ਼ੁਰੂਆਤ

ਅੰਮ੍ਰਿਤਸਰ: ੨ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਦੋ ਸਾਲਾ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਨੂੰ ਅੰਗਰੇਜ਼ੀ ਵਿਚ ਵੀ ਅਰੰਭ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਕੋਰਸ ਪੰਜਾਬੀ ਅਤੇ ਹਿੰਦੀ ਵਿਚ ਚਲਾਇਆ ਜਾ ਰਿਹਾ ਹੈ। ਅੰਗਰੇਜ਼ੀ ਵਿਚ ਅਰੰਭ ਕੀਤੇ ਗਏ ਇਸ ਕੋਰਸ ਦੀ ਪੁਸਤਕ Study of the Sikhism ਜੋ ਇਸ ਕੋਰਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਸਾਬਰ ਨੇ ਸੰਪਾਦਿਤ ਕੀਤੀ ਹੈ। ਇਸ ਪੁਸਤਕ ਨੂੰ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਨੇ ਰੀਲੀਜ਼ ਕੀਤਾ। ਪ੍ਰਧਾਨ ਸਾਹਿਬ ਨੇ ਇਸ ਕੋਰਸ ਬਾਰੇ

ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਲਈ ਇਸ ਕਾਰਜ ਨੂੰ ਆਧੁਨਿਕ, ਤਕਨੋਲੋਜੀ ਅਤੇ ਨਵੀਂ ਪੱਤਰ ਵਿਹਾਰ ਵਿੱਦਿਅਕ ਪ੍ਰਣਾਲੀ ਰਾਹੀਂ ਜਗਿਆਸੂਆਂ ਦੇ ਬਰੂਹਾਂ ਤੱਕ ਪਹੁੰਚਾਉਣ ਲਈ ਇਹ ਕੋਰਸ ਅਰੰਭ ਕੀਤਾ ਗਿਆ ਹੈ। ਇਹ ਕੋਰਸ ਜਗਿਆਸੂਆਂ ਨੂੰ ਬਿਨਾਂ ਕਿਸੇ ਲਾਗਤ ਦੇ ਮੁਫਤ ਕਰਵਾਇਆ ਜਾਂਦਾ ਹੈ। ਹਰ ਕਿਸਮ ਦੀ ਪਾਠ-ਸਮੱਗਰੀ ਅਤੇ ਇਮਤਿਹਾਨਾਂ ਦਾ ਕਾਰਜ ਮੁਫਤ ਕੀਤਾ ਜਾਂਦਾ ਹੈ। ਜਿਸ ਦਾ ਸਾਰਾ ਖਰਚ ਧਰਮ ਪ੍ਰਚਾਰ ਕਮੇਟੀ ਸਹਿਣ ਕਰਦੀ ਹੈ। ਇਸ ਸਮੇਂ ਕੋਰਸ ਦੇ ਡਾਇਰੈਕਟਰ ਡਾ. ਸਾਬਰ ਨੇ ਦੱਸਿਆ ਕਿ ਇਸ ਕੋਰਸ ਵਿਚ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਸ੍ਰੋਤ ਗ੍ਰੰਥ, ਸਿੱਖ ਰਹਿਤ ਮਰਯਾਦਾ, ਸੰਸਾਰ ਦੇ ਪ੍ਰਸਿੱਧ ਧਰਮ, ਸਿੱਖ ਸਭਿਆਚਾਰ, ਸਿੱਖ ਤਿਉਹਾਰ, ਸਿੱਖ ਲਹਿਰਾਂ ਤੇ ਸਿੱਖ ਸੰਪ੍ਰਦਾਵਾਂ ਆਦਿ ਬਾਰੇ ਮੁਢਲੀ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਅੱਠ ਹਜ਼ਾਰ ਜਗਿਆਸੂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਜਾਣਕਾਰੀ ਲੈ ਰਹੇ ਹਨ।

## ਵਿੱਦਿਅਕ ਅਦਾਰਿਆਂ ’ਚ ਗੁਰਦੁਆਰਾ ਸਾਹਿਬਾਨ ਸਥਾਪਿਤ ਕੀਤੇ ਜਾਣਗੇ

ਅੰਮ੍ਰਿਤਸਰ: ੨੦ ਅਕਤੂਬਰ- ਸਿੱਖ ਜਗਤ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਪ੍ਰਬੰਧ ਨੂੰ ਸਚਾਰੂ ਬਣਾਉਣ ਦੇ ਨਾਲ-ਨਾਲ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਵਿੱਦਿਆ ਦੇ ਖੇਤਰ ’ਚ ਅਹਿਮ ਪੈੜਾਂ ਸਥਾਪਿਤ ਕੀਤੀਆਂ ਹਨ। ਇਸ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਸੰਸਥਾਵਾਂ ’ਚ ਅਕਾਦਮਿਕ, ਇੰਜੀਨੀਅਰਿੰਗ ਅਤੇ ਮੈਡੀਕਲ ਸਿੱਖਿਆ ਦੇ ਧਾਰਮਿਕ ਸੰਸਕਾਰਾਂ ਨੂੰ ਉਜਾਗਰ ਕਰਨ ਲਈ ਪਹਿਲ ਦਿੱਤੀ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਅੱਜ ਸਥਾਨਕ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ ਦੇ ਪ੍ਰਬੰਧਕਾਂ, ਸਟਾਫ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਦਰਸਾਈ ਗੁਰਮਤਿ ਜੀਵਨ-ਜੁਗਤ ਮਨੁੱਖੀ ਜੀਵਨ ਦੇ ਹਰ ਪਹਿਲੂ ਪ੍ਰਤੀ ਸੁਚੇਤ ਕਰਦੀ ਹੈ ਅਤੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸਹਿਜ, ਸਿਮਰਨ, ਸਮਰਪਣ ਤੇ ਸਹਿਨਸ਼ੀਲਤਾ ਵਰਗੀ ਨਿਸ਼ਟਾ ਨਾਲ ਗੁਰੂ-ਘਰ ਦੀ ਕੀਤੀ ਸੇਵਾ ਦੀ ਮਹਾਨਤਾ ਦਾ ਵਰਨਣ ਕਰਦਿਆਂ ਵਿਦਿਆਰਥੀਆਂ ਤੇ ਡਾਕਟਰਾਂ ਨੂੰ ਆਪਣੇ ਕਿੱਤੇ ’ਚ ਉੱਚੀ-ਸੁੱਚੀ ਭਾਵਨਾਂ ਨਾਲ ਸੇਵਾ ਕਰਨ ਦੀ ਪ੍ਰੇਰਨਾਂ ਕੀਤੀ। ਉਨ੍ਹਾਂ ਕਿਹਾ ਕਿ ਗੁਰਮਤਿ ’ਚ ਸੇਵਾ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਨੂੰ ਗੁਰਮਤਿ ਨਾਲ ਜੋੜਨ ਦੀ ਭਾਵਨਾ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਪ੍ਰਬੰਧ

ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ 'ਚ ਗੁਰਦੁਆਰਾ ਸਾਹਿਬਾਨ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਹਸਪਤਾਲ ਦੇ ਬੱਚਾ ਵਿਭਾਗ 'ਚ ਕਿਸੇ ਵੀ ਰੋਗ ਤੋਂ ਪੀੜਤ ਨਵ ਜੰਮੇ ਬੱਚਿਆਂ ਦੇ ਇਲਾਜ ਲਈ ਅਧੁਨਿਕ ਸਹੂਲਤਾਂ ਵਾਲੀ NICU 'ਚ ਲਗਾਈਆਂ ਨਵੀਆਂ ਮਸ਼ੀਨਾਂ ਦਾ ਉਦਘਾਟਨ ਕੀਤਾ। ਇਸ ਮੌਕੇ ਟ੍ਰੱਸਟ ਦੇ ਸਕੱਤਰ ਸ. ਜੋਗਿੰਦਰ ਸਿੰਘ ਅਦਲੀਵਾਲ, ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ।

ਇਸ ਮੌਕੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਟ੍ਰੱਸਟ ਦੇ ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ ਤੇ ਡਾ. ਗੁਰਿੰਦਰ ਸਿੰਘ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਸਾਇੰਸਜ਼ ਐਂਡ ਰੀਸਰਚ ਵੱਲਾ ਦੀ ਡਾਇਰੈਕਟਰ ਪ੍ਰਿੰਸੀਪਲ ਡਾ. ਗੀਤਾ ਸ਼ਰਮਾ, ਸ੍ਰੀ ਗੁਰੂ ਰਾਮਦਾਸ ਡੈਂਟਲ ਸਾਇੰਸਜ਼ ਐਂਡ ਰੀਸਰਚ ਦੇ ਪ੍ਰਿੰਸੀਪਲ ਡਾ. ਚਰਨਜੀਤ ਸਿੰਘ, ਡੀ.ਐਮ.ਸੀ. ਹੀਰੋ ਹਾਰਟ ਲੁਧਿਆਣਾ ਦੇ ਮੁਖੀ ਡਾ. ਗੁਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰਾਨ ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਅਮਰੀਕ ਸਿੰਘ ਸ਼ਾਹਪੁਰ ਗੋਰਾਇਆ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਖੁਸ਼ਵਿੰਦਰ ਸਿੰਘ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸਾਬਕਾ ਮੈਂਬਰ ਸ. ਕਸ਼ਮੀਰ ਸਿੰਘ ਬਰਿਆਰ, ਐਡੀਸ਼ਨਲ ਸਕੱਤਰ ਡਾ. ਏ.ਪੀ. ਸਿੰਘ, ਟ੍ਰੱਸਟ ਦੇ ਇੰਚਾਰਜ ਸ. ਅਮਨਦੀਪ ਸਿੰਘ, ਓ.ਐਸ.ਡੀ. ਡਾ. ਬਲਜੀਤ ਸਿੰਘ ਆਦਿ ਹਾਜ਼ਰ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ

ਅੰਮ੍ਰਿਤਸਰ: ੧੪ ਨਵੰਬਰ- ਗੁਰਦੁਆਰਾ ਪ੍ਰਬੰਧ ਨੂੰ ਮਹੰਤਸ਼ਾਹੀ ਤੋਂ ਅਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ 'ਚ ਲਿਆਉਣ ਲਈ ਮਹਾਨ ਕੁਰਬਾਨੀਆਂ ਉਪਰੰਤ ਹੋਂਦ ਵਿਚ ਆਈ ਸਿੱਖ ਜਗਤ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਅਤੇ ਅਰਦਾਸ ਗਿਆਨੀ ਕੁਲਵਿੰਦਰ ਸਿੰਘ ਨੇ ਕੀਤੀ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ (ਲੁਧਿਆਣੇ ਵਾਲੇ) ਤੇ ਸਿੰਘ ਸਾਹਿਬ ਗਿਆਨੀ ਰਵੇਲ ਸਿੰਘ, ਸਿੱਖ ਇਤਿਹਾਸ ਰੀਸਰਚ ਬੋਰਡ ਦੇ ਡਾਇਰੈਕਟਰ ਸ. ਰੂਪ ਸਿੰਘ, ਸ਼੍ਰੋਮਣੀ ਕਮੇਟੀ ਦੇ ਐਡੀ.

ਸਕੱਤਰ ਸ. ਤਰਲੋਚਨ ਸਿੰਘ, ਸ. ਸਤਬੀਰ ਸਿੰਘ, ਸ. ਮਨਜੀਤ ਸਿੰਘ, ਸ. ਹਰਭਜਨ ਸਿੰਘ ਤੇ ਸ. ਦਿਲਬਾਗ ਸਿੰਘ, ਮੀਤ ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਅੰਗਰੇਜ਼ ਸਿੰਘ, ਸ. ਕੁਲਦੀਪ ਸਿੰਘ, ਸ. ਛਿੰਦਰ ਸਿੰਘ ਤੇ ਸ. ਰਣਜੀਤ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਹਰਬੰਸ ਸਿੰਘ ਮੱਲ੍ਹੀ, ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਮੂਚੇ ਸਟਾਫ ਤੋਂ ਇਲਾਵਾ ਵੱਡੀ ਗਿਣਤੀ 'ਚ ਸਿੱਖ ਸੰਗਤਾਂ ਮੌਜੂਦ ਸਨ। ■

## ਹਲਕਾ ਜਲਾਲਾਬਾਦ ਵਿਖੇ ਗੁਰਮਤਿ ਸਮਾਗਮ

ਭਾਈ ਜਸਵਿੰਦਰਪਾਲ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਧਰਮ ਪ੍ਰਚਾਰ ਲਹਿਰ ਦੇ ਗੁਰਮਤਿ ਤੇ ਅੰਮ੍ਰਿਤ-ਸੰਚਾਰ ਸਮਾਗਮ ਭਾਈ ਬਲਦੇਵ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਤੇ ਇੰਚਾਰਜ ਸਿੱਖ ਵਿਰਸਾ ਸੰਭਾਲ ਮੁਹਿੰਮ ਮਿਤੀ ੧੨ ਅਕਤੂਬਰ ਤੋਂ ੧੯ ਅਕਤੂਬਰ ੨੦੧੧ ਤਕ ਜਲਾਲਾਬਾਦ ਹਲਕੇ ਦੇ ਪਿੰਡ ਚੱਕ ਸੈਦੋਕੀ, ਰੋੜਾਂਵਾਲਾ, ਚੱਕ ਜਾਨੀਸਰ (ਛੀਂਬਿਆਂ ਵਾਲੀ), ਗੁਰਦੁਆਰਾ ਬਾਬਾ ਬਚਿੱਤਰ ਸਿੰਘ ਜੀ ਜਲਾਲਾਬਾਦ ਤੇ ਮੁੱਖ ਸਮਾਗਮ ਗੁਰਦੁਆਰਾ ਰਾਮਗੜ੍ਹੀਆ ਜਲਾਲਾਬਾਦ ਵਿਖੇ ਕੀਤੇ ਗਏ। ਇਨ੍ਹਾਂ ਸਮਾਗਮਾਂ ਵਿਚ ੨੪੦ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਤੇ ੫੧੦ ਦੇ ਲੱਗਭਗ ਨੌਜਵਾਨਾਂ ਨੇ ਕੇਸ ਰੱਖਣ ਦਾ ਪ੍ਰਣ ਕੀਤਾ। ਇਨ੍ਹਾਂ ਸਮਾਗਮਾਂ ਵਿਚ ਭਾਈ ਹਰਪ੍ਰੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ, ਜਥੇਦਾਰ ਦਰਸ਼ਨ ਸਿੰਘ ਮੋਠਾਂਵਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰਮਤਿ ਵੀਚਾਰਾਂ ਨਾਲ ਨਿਹਾਲ ਕੀਤਾ ਗਿਆ। ਸ. ਤਮਿੰਦਰ ਸਿੰਘ ਮੀਡੀਆ ਸਲਾਹਕਾਰ, ਭਾਈ ਜਸਵਿੰਦਰਪਾਲ ਸਿੰਘ ਪ੍ਰਚਾਰਕ, ਸ. ਕ੍ਰਿਪਾਲ ਸਿੰਘ ਬਾਦੀਆਂ, ਭਾਈ ਸਵਿੰਦਰ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਅਮਰਜੀਤ ਸਿੰਘ ਅਣਖੀ ਤੇ ਭਾਈ ਜਸਬੀਰ ਸਿੰਘ ਮਿੱਡੇਵਾਲ ਦੇ ਢਾਡੀ ਜਥੇ, ਭਾਈ ਸਰਬਜੀਤ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਮਨਜੀਤ ਸਿੰਘ ਪ੍ਰਚਾਰਕ, ਭਾਈ ਜਗਜੀਤ ਸਿੰਘ, ਭਾਈ ਮੁਖਤਿਆਰ ਸਿੰਘ ਨੇ ਸਾਰੇ ਸਮਾਗਮਾਂ ਵਿਚ ਹਾਜ਼ਰੀ ਭਰੀ। ਧਾਰਮਿਕ ਫਿਲਮਾਂ ਵੀ ਦਿਖਾਈਆਂ ਗਈਆਂ। ਮੁੱਖ ਸਮਾਗਮ ਵਿਚ ਗੁਰਦੁਆਰਾ ਰਾਮਗੜ੍ਹੀਆ ਜਲਾਲਾਬਾਦ ਵਿਖੇ ਫਿਰੋਜ਼ਪੁਰ ਦੇ ਮੈਂਬਰ ਪਾਰਲੀਮੈਂਟ ਸ. ਸ਼ੇਰ ਸਿੰਘ ਘੁਬਾਇਆ ਨੇ ਹਾਜ਼ਰੀ ਭਰੀ।

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਗੁਰਮੁਖ ਸਿੰਘ ਖਾਲਸਾ ਹੈੱਡ ਗ੍ਰੰਥੀ ਵੱਲੋਂ ਪ੍ਰੁਜੀ ਰਿਪੋਰਟ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖ-ਵੱਖ ਸਥਾਨਾਂ 'ਤੇ ਮਹੀਨਾ ਸਤੰਬਰ ਤੇ ਅਕਤੂਬਰ ੨੦੧੧ ਵਿਚ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਅੰਮ੍ਰਿਤ-ਪਾਨ ਕਰਨ ਵਾਲੇ ਪ੍ਰਾਣੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੧-੯-੧੧ | ਰਾਏ ਸਿੰਘ ਨਗਰ (ਰਾਜਸਥਾਨ) | ੧੮ |
| ੩-੯-੧੧ | ਗੁ: ਸਾਹਿਬ ਗੁਰੂ ਨਾਨਕ ਦਰਬਾਰ, ਗਾਂਧੀ ਨਗਰ (ਫਿਰੋਜ਼ਪੁਰ) | ੫੧ |
| ੪-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੨੨੮ |
| ੫-੯-੧੧ | ਪਿੰਡ ਜਾਤੀ ਕੇ ਸੰਜੋਗਲਾ (ਕਪੂਰਥਲਾ) | ੩੭ |
| ੬-੯-੧੧ | ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਬਾਰਠ ਸਾਹਿਬ (ਗੁਰਦਾਸਪੁਰ) | ੫੧ |
| ੭-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੧੮੭ |
| ੧੧-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੧੯੦ |
| ੧੩-੯-੧੧ | ਪਿੰਡ ਪੰਜਵੜ੍ਹ ਗੁਰਦੁਆਰਾ ਸੰਤਸਰ ਸਾਹਿਬ (ਤਰਨਤਾਰਨ) | ੧੯ |
| ੧੪-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੧੯੮ |
| ੧੫-੯-੧੧ | ਗੁ: ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) | ੭ |
| ੧੬-੯-੧੧ | ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ (ਸ੍ਰੀ ਅੰਮ੍ਰਿਤਸਰ) | ੫੦ |
| ੧੮-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੨੦੦ |
| ੨੧-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੧੮੬ |
| ੨੪-੯-੧੧ | ਗੁਰਦੁਆਰਾ ਸਾਹਿਬ ਦਾਤੀ ਮੋਰੀ, ਜੈ ਪੁਰ (ਰਾਜਸਥਾਨ) | ੪੫ |
| ੨੪-੯-੧੧ | ਪਿੰਡ ਸੈਦਪੁਰ (ਤਰਨਤਾਰਨ) | ੨੫ |
| ੨੫-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੧੧੩ |
| ੨੮-੯-੧੧ | ਸ੍ਰੀ ਅਕਾਲ ਤਖਤ ਸਾਹਿਬ | ੧੮੧ |
| ੨-੧੦-੧੧ | ਸ੍ਰੀ ਅਕਾਲ ਤਖਤ ਸਾਹਿਬ | ੧੮੬ |
| ੨-੧੦-੧੧ | ਪਿੰਡ ਕੰਡਿਆਣਾ, ਫਿਲੌਰ (ਜਲੰਧਰ) | ੨੮ |
| ੫-੧੦-੧੧ | ਸ੍ਰੀ ਅਕਾਲ ਤਖਤ ਸਾਹਿਬ | ੧੬੯ |
| ੮-੧੦-੧੧ | ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਠੱਠਾ (ਤਰਨਤਾਰਨ) | ੩੨ |
| ੯-੧੦-੧੧ | ਸ੍ਰੀ ਅਕਾਲ ਤਖਤ ਸਾਹਿਬ | ੧੫੯ |

| | | |
|---|---|---|
| ੯-੧੦-੧੧ | ਗੁਰਦੁਆਰਾ ਸਾਹਿਬ ਕਲਗੀਧਰ ਰਿਹਾੜੀ (ਜੰਮੂ) | ੯੭ |
| ੧੦-੧੦-੧੧ | ਪਿੰਡ ਕਾਮਲਪੁਰ (ਸ੍ਰੀ ਅੰਮ੍ਰਿਤਸਰ) | ੩੫ |
| ੧੧-੧੦-੧੧ | ਗੁਰਦੁਆਰਾ ਸਤਲਾਣੀ ਸਾਹਿਬ (ਸ੍ਰੀ ਅੰਮ੍ਰਿਤਸਰ) | ੪੩ |
| ੧੨-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੫ |
| ੧੨-੧੦-੧੧ | ਪਿੰਡ ਚੱਕ ਸੈਦੋਕੇ ਜਲਾਲਾਬਾਦ (ਫਾਜ਼ਿਲਕਾ) | ੩੫ |
| ੧੩-੧੦-੧੧ | ਪਿੰਡ ਰੋੜਾਂ ਵਾਲੀ ਜਲਾਲਾਬਾਦ (ਫਾਜ਼ਿਲਕਾ) | ੩੩ |
| ੧੪-੧੦-੧੧ | ਪਿੰਡ ਚੱਕ ਜਾਨੀਸਰ ਜਲਾਲਾਬਾਦ (ਫਾਜ਼ਿਲਕਾ) | ੩੩ |
| ੧੫-੧੦-੧੧ | ਗੁਰਦੁਅਰਾ ਬਾਬਾ ਬਚਿੱਤਰ ਸਿੰਘ ਜਲਾਲਾਬਾਦ (ਫਾਜ਼ਿਲਕਾ) | ੫੩ |
| ੧੬-੧੦-੧੧ | ਗੁਰਦੁਆਰਾ ਰਾਮਗੜ੍ਹੀਆ ਜਲਾਲਾਬਾਦ (ਫਾਜ਼ਿਲਕਾ) | ੭੦ |
| ੧੬-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੨ |
| ੧੬-੧੦-੧੧ | ਗੁਰਦੁਆਰਾ ਭਾਈ ਮੰਝ ਜੀ ਪਿੰਡ ਲੋਹਕਾ (ਤਰਨਤਾਰਨ) | ੨੧ |
| ੧੮-੧੦-੧੧ | ਪਿੰਡ ਤਲਵੰਡੀ ਦਸੌਂਧਾ ਸਿੰਘ (ਸ੍ਰੀ ਅੰਮ੍ਰਿਤਸਰ) | ੧੩ |
| ੧੯-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੧੭੩ |
| ੨੦-੧੦-੧੧ | ਪਿੰਡ ਜੋਧਪੁਰ (ਤਰਨਤਾਰਨ) | ੫੦ |
| ੨੧-੧੦-੧੧ | ਪਿੰਡ ਭੂਰਾਕੋਹਨਾ (ਤਰਨਤਾਰਨ) | ੩੫ |
| ੨੨-੧੦-੧੧ | ਬਾਬਾ ਆਇਆ ਸਿੰਘ ਕਾਲਜ ਤੁਗਲਵਾਲ (ਗੁਰਦਾਸਪੁਰ) | ੨੨੩ |
| ੨੩-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੧੫੦ |
| ੨੩-੧੦-੧੧ | ਗੁ: ਬਾਬਾ ਬੁੱਢਾ ਜੀ ਜਨਮ ਅਸਥਾਨ ਕੱਥੂਨੰਗਲ (ਸ੍ਰੀ ਅੰਮ੍ਰਿਤਸਰ) | ੩੬ |
| ੨੫-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੬ |
| ੨੬-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੧੨੭ |
| ੨੭-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੧੮ |
| ੨੯-੧੦-੧੧ | ਹਲਕਾ ਜਲਾਲਾਬਾਦ ਪਿੰਢ ਟਾਹਲੀਵਾਲ (ਫਾਜ਼ਿਲਕਾ) | ੫੦ |
| ੩੦-੧੦-੧੧ | ਸ੍ਰੀ ਅਕਾਲ ਤਖ਼ਤ ਸਾਹਿਬ | ੨੩੩ |
| ੩੦-੧੦-੧੧ | ਪਿੰਡ ਭੰਗਾਲੀਆ (ਸ੍ਰੀ ਅੰਮ੍ਰਿਤਸਰ) | ੨੮ |
| ੩੦-੧੦-੧੧ | ਜਲਾਲਾਬਾਦ ਪਿੰਡ ਪਰਭਾਤ ਵਾਲਾ (ਫਾਜ਼ਿਲਕਾ) | ੪੦ |
| ੩੧-੧੦-੧੧ | ਜਲਾਲਾਬਾਦ ਪਿੰਡ ਨਮੋਚੜ ਕਲਾਂ (ਫਾਜ਼ਿਲਕਾ) | ੯ |
| ੩੧-੧੦-੧੧ | ਪਿੰਡ ਨੱਥੂਖਹਿਰਾ (ਗੁਰਦਾਸਪੁਰ) | ੫੧ |

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਗੁਰਮਤਿ ਅਤੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਹਰਜਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ ਉਤਰਾਖੰਡ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ਮਿਤੀ ੨੬-੫-੧੧ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਚੂਨਾ ਖਾਨ (ਬੈਲਪੜਾਓ) ਜ਼ਿਲ੍ਹਾ ਨੈਨੀਤਾਲ ਵਿਖੇ ਬਾਬਾ ਭਗਵਾਨ ਸਿੰਘ ਜੀ ਖਾਲਸਾ ਵੱਲੋਂ ਵਿਸ਼ਾਲ ਗੁਰਮਤਿ ਸਮਾਗਮ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਕਰਵਾਇਆ ਗਿਆ। ਜਿਸ ਦੌਰਾਨ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ੧੬ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ।

ਸਿੱਖ ਮਿਸ਼ਨ ਉਤਰਾਖੰਡ ਕਾਸ਼ੀਪੁਰ ਵੱਲੋਂ ਗੁਰਦੁਆਰਾ ਗੋਲ ਮਾਰਕੀਟ ਰੁਦਰਪੁਰ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਮਿਤੀ ੨-੧੦-੨੦੧੧ ਨੂੰ ਕਰਵਾਇਆ ਗਿਆ। ਜਿਸ ਦੌਰਾਨ ਹੋਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ੩੫ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਲੜ ਲੱਗੇ।

ਮਿਸ਼ਨ ਵੱਲੋਂ ਹੀ ਗੁਰਮਤਿ ਪ੍ਰਚਾਰ ਸੁਸਾਇਟੀ ਕਾਨਪੁਰ ਦੇ ਸਹਿਯੋਗ ਨਾਲ ਮਿਤੀ ੬-੧੧-੨੦੧੧ ਨੂੰ ਪਿੰਡ ਭੋਗਪੁਰ ਡੈਮ ਡਾਕਘਰ ਬੜੀਓਂਵਾਲਾ ਤਹਿਸੀਲ ਜਸਪੁਰ ਜ਼ਿਲ੍ਹਾ ਊਧਮ ਸਿੰਘ ਨਗਰ (ਉਤਰਾਖੰਡ) ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ੧੭ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ।

ਉਪਰੋਕਤ ਮਿਸ਼ਨ ਵੱਲੋਂ ਮਿਤੀ ੧੧-੧੦-੨੦੧੧ ਗੁਰਦੁਆਰਾ ਛੀਨਾਂ ਫਾਰਮ ਢਕੀਆ ਗੁਲਾਬੋ ਕਾਸ਼ੀਪੁਰ ਉਤਰਾਖੰਡ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਸਿੱਖ ਮਿਸ਼ਨ ਕਾਸ਼ੀਪੁਰ ਦੇ ਢਾਡੀ ਜਥੇ ਭਾਈ ਗੁਰਮੀਤ ਸਿੰਘ ਨੇ ਸੰਗਤਾਂ ਨੂੰ ਬੀਰ ਰਸੀ ਵਾਰਾਂ ਰਾਹੀਂ ਗੁਰ ਇਤਿਹਾਸ ਦੀ ਜਾਣਕਾਰੀ ਦਿੱਤੀ। ਉਚੇਚੇ ਤੌਰ 'ਤੇ ਪੁੱਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਬਾਬਾ ਗੁਰਉਪਦੇਸ਼ ਸਿੰਘ ਜੀ ਵੱਲੋਂ ਅਰੰਭ ਕੀਤਾ ਗੁਰ ਕਿਰਪਾ ਚੈਰੀਟੇਬਲ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ ਕਰਦਿਆਂ ਕਿਹਾ ਕਿ ਅੱਜ ਨੌਜਵਾਨ ਪੀੜ੍ਹੀ ਜੋ ਕਿ ਨਸ਼ਿਆਂ ਵਿਚ ਗਲਤਾਨ ਹੋ ਰਹੀ ਹੈ, ਉਸ ਨੂੰ ਠੱਲ੍ਹ ਪਾਉਣ ਲਈ ਬਾਬਾ ਜੀ ਵੱਲੋਂ ਸ਼ੁਰੂ ਕੀਤਾ ਉਪਰੋਕਤ ਕੇਂਦਰ ਸ਼ਲਾਘਾਯੋਗ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਸ. ਹਰਭਜਨ ਸਿੰਘ (ਚੀਮਾ) ਐਮ.ਐਲ.ਏ. ਕਾਸ਼ੀਪੁਰ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂ.ਪੀ. ਯੂ.ਕੇ. ਸਟੇਟ, ਸ. ਦਿਲਬਾਗ ਸਿੰਘ ਲਾਇਲਪੁਰੀ, ਸ. ਲਖਵਿੰਦਰ ਸਿੰਘ (ਛੀਨਾ), ਬਾਬਾ ਕੁਲਦੀਪ ਸਿੰਘ ਜੰਮੂ, ਬਾਬਾ ਸੁਖਪਾਲ, ਸਿੱਖ ਮਿਸ਼ਨ ਉਤਰਾਖੰਡ ਦੇ ਇੰਚਾਰਜ ਭਾਈ ਹਰਜਿੰਦਰ ਸਿੰਘ, ਪ੍ਰਚਾਰਕ ਭਾਈ ਕਰਮ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਜੋਗਾ ਸਿੰਘ, ਅਮਰਪਾਲ ਸਿੰਘ, ਭਾਈ ਵਿਨੋਦ ਸਿੰਘ ਅਤੇ ਭਾਰੀ ਗਿਣਤੀ ਵਿਚ ਇਲਾਕਾ ਨਿਵਾਸੀ ਸੰਗਤਾਂ ਨੇ ਹਾਜ਼ਰੀ ਭਰੀ।

## ਗੁ: ਭੱਠਾ ਸਾਹਿਬ ਪਾਤ:੧੦ਵੀਂ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਮੈਨੇਜਰ ਗੁਰਦੁਆਰਾ ਭੱਠਾ ਸਾਹਿਬ, ਪਾਤਸ਼ਾਹੀ ੧੦ਵੀਂ, ਕੋਟਲਾ ਨਿਹੰਗ (ਰੋਪੜ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਮਿਤੀ ੧੭-

੧੦-੧੧ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ੪੧ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

## ਤਖ਼ਤ ਸ੍ਰੀ ਦਮਦਮਾ ਸਾਹਿਬ (ਗੁਰੂ ਕਾਸ਼ੀ) ਤਲਵੰਡੀ ਸਾਬੋ, ਬਠਿੰਡਾ ਵੱਲੋਂ ਅੰਮ੍ਰਿਤ-ਸੰਚਾਰ ਅਤੇ ਗੁਰਮਤਿ ਸਿਖਲਾਈ ਕੈਂਪ

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਏ ਗਏ ਸਬ-ਆਫਿਸ ਰਾਹੀਂ ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਦੀ ਪ੍ਰੇਰਨਾ ਸਦਕਾ ਮਹੀਨਾ ਜੂਨ ਅਤੇ ਜੁਲਾਈ ੨੦੧੧ ਵਿਚ ਗੁਰਮਤਿ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਪਹਿਲਾ ਕੈਂਪ ਗੁਰਦੁਆਰਾ ਕਲਗੀਧਰ ਸਾਹਿਬ ਹਜ਼ੂਰਾ ਕਪੂਰਾ ਕਲੋਨੀ ਵਿਖੇ ਮਿਤੀ ੧੦-੧੧-੧੨ ਜੂਨ ੨੦੧੧ ਨੂੰ ਆਯੋਜਨ ਕੀਤਾ ਗਿਆ ਜਿਸ ਵਿਚ ਧਰਮ ਪ੍ਰਚਾਰ ਕਮੇਟੀ ਦੇ ਵੱਖ-ਵੱਖ ਨੁਮਾਇੰਦਿਆਂ, ਪ੍ਰਚਾਰਕਾਂ, ਗ੍ਰੰਥੀ ਸਾਹਿਬਾਨ ਵੱਲੋਂ ਗੁਰਮਤਿ ਵੀਚਾਰਾਂ ਅਤੇ ਕਥਾ-ਕੀਰਤਨ ਰਾਹੀਂ ਤਿੰਨ ਦਿਨਾਂ ਦੇ ਸਮਾਗਮਾਂ ਦੌਰਾਨ ਸੰਗਤਾਂ ਨੂੰ ਗੁਰਮਤਿ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪਤਿਤਪੁਣੇ, ਨਸ਼ਿਆਂ ਆਦਿ ਤੋਂ ਬਚ ਕੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਗੁਰੂ-ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ। ਇਸੇ ਲੜੀ ਤਹਿਤ ਮਿਤੀ ੧੮ ਜੂਨ ਤੋਂ ੨੮ ਜੂਨ ਤਕ ਗੁਰਦੁਆਰਾ ਬੁੰਗਾ ਸਾਹਿਬ ਰਾਮਪੁਰ ਮੰਡੀ ਵਿਖੇ ੧੦-ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿਚ ਪ੍ਰਚਾਰਕ ਭਾਈ ਆਤਮਾ ਸਿੰਘ ਦੇ ਯਤਨਾਂ ਸਦਕਾ ਭਾਈ ਭਰਪੂਰ ਸਿੰਘ ਅਰਦਾਸੀਏ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੇ ਦਸ ਦਿਨਾਂ ਦੌਰਾਨ ਗੁਰਬਾਣੀ ਸ਼ੁੱਧ ਉਚਾਰਨ ਅਤੇ ਨਿਤਨੇਮ ਦੀਆਂ ਬਾਣੀਆਂ ਦੀ ਸੰਥਿਆ, ਸਿਖਲਾਈ ਦੇ ਕੇ ਸੰਗਤਾਂ ਨੂੰ ਗੁਰਮਤਿ ਵਿੱਦਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਇਸੇ ਪ੍ਰਚਾਰ ਮੁਹਿੰਮ ਨੂੰ ਅੱਗੇ ਤੋਰਦਿਆਂ ਹੋਇਆਂ ਮਿਤੀ ੮-੯ ਜੁਲਾਈ ੨੦੧੧ ਨੂੰ ਗੁਰਮਤਿ ਵਿਦਿਆਲਾ (ਬਠਿੰਡਾ) ਵਿਖੇ ਦੋ-ਦਿਨਾਂ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿਚ ਬਠਿੰਡਾ ਸ਼ਹਿਰ ਅਤੇ ਲਾਗੇ ਦੇ ਪਿੰਡਾਂ ਦੀ ਸੰਗਤ ਨੇ ਗੁਰਬਾਣੀ ਅਤੇ ਗੁਰਮਤਿ-ਸਬੰਧੀ ਵਿਚਾਰਾਂ ਸਰਵਣ ਕੀਤੀਆਂ। ਇਨ੍ਹਾਂ ਸਮਾਗਮਾਂ ਤੋਂ ਇਲਾਵਾ ਮਿਤੀ ੧੧ ਤੋਂ ੧੫ ਜੁਲਾਈ ੨੦੧੧ ਤਕ ਇਕ ਹੋਰ ਵਿਸ਼ੇਸ਼ ਪੰਜ-ਦਿਨਾਂ ਗੁਰਮਤਿ ਸਿਖਲਾਈ ਕੈਂਪ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਲਗਾਇਆ ਗਿਆ। ਮਾਨਸਾ ਮੰਡੀ ਵਿਖੇ ਮਿਤੀ ੨੨-੨੩-੨੪ ਜੁਲਾਈ ੨੦੧੧ ਨੂੰ ਤਿੰਨ-ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿਚ ਪੰਥ ਦੀਆਂ ਖਾਸ ਸ਼ਖ਼ਸੀਅਤਾਂ ਅਤੇ ਭਾਈ ਪਰਮਿੰਦਰ ਸਿੰਘ ਪ੍ਰਚਾਰਕ ਨੇ ਸੰਗਤਾਂ ਨੂੰ ਗੁਰ-ਮਰਯਾਦਾ ਬਾਰੇ ਜਾਣੂ ਕਰਵਾਉਂਦੇ ਹੋਏ ਨਿਤਨੇਮ ਦੀਆਂ ਬਾਣੀਆਂ ਦੇ ਸ਼ੁੱਧ ਉਚਾਰਨ ਸਬੰਧੀ ਇਕ ਵਿਸ਼ੇਸ਼ ਸੰਥਯਾ ਕਲਾਸ ਵੀ ਲਗਾਈ। ਰਾਤ ਦੇ ਸਮੇਂ ਸੰਗਤਾਂ ਨੂੰ ਧਾਰਮਿਕ ਫਿਲਮਾਂ ਅਤੇ ਧਾਰਮਿਕ

ਨਾਟਕ ਵਿਖਾ ਕੇ ਗੁਰ-ਇਤਿਹਾਸ ਦੇ ਮਹਾਨ ਵਿਰਸੇ ਤੋਂ ਜਾਣੂ ਕਰਵਾਇਆ ਗਿਆ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰ ਕੇ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਸਿੱਖੀ ਜੀਵਨ-ਜਾਚ ਵਿਚ ਰਹਿਣ ਦੀ ਮਰਯਾਦਾ ਦੱਸੀ। ਉਪਰੋਕਤ ਸਾਰੇ ਸਮਾਗਮਾਂ ਵਿਚ ਜਥੇਦਾਰ ਬਲਵੰਤ ਸਿੰਘ, ਸ. ਭਰਪੂਰ ਸਿੰਘ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ, ਸ. ਭਰਪੂਰ ਸਿੰਘ ਇੰਚਾਰਜ ਸਬ-ਆਫਿਸ ਧਰਮ ਪ੍ਰਚਾਰ ਕਮੇਟੀ ਪ੍ਰਚਾਰ ਵਹੀਰ, ਸ. ਸੁਖਦੇਵ ਸਿੰਘ (ਮੈਂਬਰ), ਭਾਈ ਆਤਮਾ ਸਿੰਘ ਪ੍ਰਚਾਰਕ, ਭਾਈ ਮਹਿੰਦਰ ਸਿੰਘ (ਮੈਂਬਰ), ਸ. ਜਗਰੂਪ ਸਿੰਘ (ਮੈਂਬਰ), ਭਾਈ ਹਰਪ੍ਰੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਮੁਕਤਸਰ ਸਾਹਿਬ, ਬੀਬੀ ਦਵਿੰਦਰ ਕੌਰ (ਮੈਂਬਰ), ਭਾਈ ਗੁਰਚਰਨ ਸਿੰਘ ਕਥਾਵਾਚਕ ਗੁਰਦੁਆਰਾ ਹਾਜੀਰਤਨ, ਸ. ਸੁਖਦੇਵ ਸਿੰਘ ਬਾਹੀਆ (ਮੈਂਬਰ), ਡਾ. ਅਮਰਜੀਤ ਸਿੰਘ, ਪ੍ਰਿੰਸੀਪਲ ਗੁਰਮਤਿ ਕਾਲਜ ਤਲਵੰਡੀ ਸਾਬੋ, ਸ. ਗੁਰਚਰਨ ਸਿੰਘ, ਭਾਈ ਗੁਰਮੀਤ ਸਿੰਘ (ਪ੍ਰਚਾਰਕ), ਸ. ਦਰਸ਼ਨ ਸਿੰਘ (ਮੈਨੇਜਰ ਗੁਰਦੁਆਰਾ ਸਾਹਿਬ ਭੀਖੀ ਸਾਹਿਬ) ਸ਼ਖ਼ਸੀਅਤਾਂ ਨੇ ਵਿਸ਼ੇਸ਼ ਰੂਪ ਵਿਚ ਹਾਜ਼ਰੀਆਂ ਭਰੀਆਂ।

## ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਸਿੱਖ ਮਿਸ਼ਨ ਹਰਿਆਣਾ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਲਹਿਰ ਨੂੰ ਅੱਗੇ ਤੋਰਦਿਆਂ ਹੋਇਆਂ ਅਕਤੂਬਰ ਦੇ ਮਹੀਨੇ ਹੇਠ ਲਿਖੀਆਂ ਵੱਖ-ਵੱਖ ਥਾਵਾਂ 'ਤੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਏ ਗਏ : ਉਪਰੋਕਤ ਸਮਾਗਮਾਂ ਵਿਚ ਪੰਜਾਂ ਪਿਆਰਿਆਂ ਦੀ ਸੇਵਾ ਸਿੱਖ ਮਿਸ਼ਨ ਹਰਿਆਣਾ ਦੇ ਪ੍ਰਚਾਰਕਾਂ ਭਾਈ ਤਰਲੋਚਨ ਸਿੰਘ, ਭਾਈ ਸ਼ੇਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਸੁਰਜੀਤ ਸਿੰਘ ਅਤੇ ਭਾਈ ਮਲਕੀਤ ਸਿੰਘ ਨੇ ਨਿਭਾਈ। ਅੰਮ੍ਰਿਤ ਅਭਿਲਾਖੀਆਂ ਨੂੰ ਸਿੱਖ ਮਿਸ਼ਨ ਹਰਿਆਣਾ ਵੱਲੋਂ ਸਿੱਖ ਰਹਿਤ ਮਰਯਾਦਾ ਅਤੇ ਕਕਾਰ ਭੇਟਾ ਰਹਿਤ ਦਿੱਤੇ ਗਏ।

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੫-੧੦-੧੧ | ਗੁ: ਸ੍ਰੀ ਲਖਨੌਰ ਸਾਹਿਬ, ਅੰਬਾਲਾ | ੬ |
| ੧੧-੧੦-੧੧ | ਗੁ: ਬਾਦਸ਼ਾਹੀ ਬਾਗ, ਅੰਬਾਲਾ | ੮ |
| ੧੬-੧੦-੧੧ | ਗੁ: ਸਿੰਘ ਸਭਾ ਇੰਦਰੀ, ਕਰਨਾਲ | ੨੪ |
| ੨੫-੧੦-੧੧ | ਗੁ: ਸਾਹਿਬ ਸੱਚਾ ਸੌਦਾ, ਸਫੀਦੋਂ (ਕਰਨਾਲ) | ੭੩ |

■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਦਲਮੇਘ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ। *ਮਿਤੀ ੫-੧੨-੨੦੧੧*